ੴ ਸਤਿਗੁਰ ਪ੍ਰਸਾਦਿ॥

ਗੁਰਮਤਿ ਸਾਚੀ ਸਾਚਾ ਵੀਚਾਰੁ॥

# ਗੁਰਮਤਿ ਪ੍ਰਕਾਸ਼

(ਧਰਮ ਪ੍ਰਚਾਰ ਕਮੇਟੀ ਦਾ ਮਾਸਿਕ-ਪੱਤਰ)

ਚੇਤ-ਵੈਸਾਖ, ਸੰਮਤ ਨਾਨਕਸ਼ਾਹੀ ੫੫੧ ਅਪ੍ਰੈਲ 2019

ਜਿਲਦ ੬੩ ਅੰਕ ੧

*ਮੁੱਖ ਸੰਪਾਦਕ*
ਸਿਮਰਜੀਤ ਸਿੰਘ

*ਸੰਪਾਦਕ*
ਸਤਵਿੰਦਰ ਸਿੰਘ ਫੂਲਪੁਰ

## ਚੰਦਾ

| (ਦੇਸ਼) | | (ਵਿਦੇਸ਼) | |
|---|---|---|---|
| ਪ੍ਰਤੀ ਕਾਪੀ | ₹ ੫ | ਸਾਲਾਨਾ | ₹ ੧੨੫੦ |
| ਸਾਲਾਨਾ | ₹ ੫੦ | ਪੰਜ ਸਾਲ | ₹ ੫੦੦੦ |
| ਪੰਜ ਸਾਲ | ₹ ੨੫੦ | ਲਾਈਫ਼ | ₹ ੧੦੦੦੦ |
| ਲਾਈਫ਼ | ₹ ੫੦੦ | | |

## ਚੰਦਾ ਭੇਜਣ ਦਾ ਪਤਾ

ਸਕੱਤਰ
ਧਰਮ ਪ੍ਰਚਾਰ ਕਮੇਟੀ
(ਸ਼੍ਰੋਮਣੀ ਗੁ: ਪ੍ਰ: ਕਮੇਟੀ)
ਸ੍ਰੀ ਅੰਮ੍ਰਿਤਸਰ-੧੪੩੦੦੬

Secretary
Dharam Parchar Committee
(S.G.P.C.)
Sri Amritsar-143006

ਫੋਨ : 0183-2553956-59 ਐਕਸ 304 ਫੈਕਸ : 0183-2553919

website : www.sgpc.net
e-mail :gurmatparkashmonthly@gmail.com,
gyan_gurmat@yahoo.com

ਡਾਕ ਰਾਹੀਂ 'ਗੁਰਮਤਿ ਪ੍ਰਕਾਸ਼' ਨਾ ਪੁੱਜਣ ਬਾਰੇ ਉਪਰੋਕਤ ਫੋਨ ਨੰਬਰ ਮਿਲਾ ਕੇ ਇੰਚਾਰਜ ਗੁਰਮਤਿ ਪ੍ਰਕਾਸ਼ ਨਾਲ ਐਕਸ: 303 'ਤੇ ਸੰਪਰਕ ਕਰੋ ਜੀ।

Approved for School libraries by the Director of Public Instructions Punjab
Vide Circular No. 4580-2/25-58-B-49154 Dated Oct. 1958

# ਤਤਕਰਾ


| | | |
|---|---|---|
| ਗੁਰਬਾਣੀ ਵਿਚਾਰ | | ੫ |
| ਸੰਪਾਦਕੀ | | ੬ |
| ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਦਾਚਾਰਕ ਵਿਚਾਰਧਾਰਾ | -ਡਾ. ਗੁੰਜਨਜੋਤ ਕੌਰ | ੯ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ: ਆਧੁਨਿਕ ਸੰਦਰਭ | -ਡਾ. ਧਰਮ ਸਿੰਘ | ੧੩ |
| ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ | -ਬੀਬੀ ਪ੍ਰਕਾਸ਼ ਕੌਰ | ੧੬ |
| . . . ਭਗਤ ਸ਼ੇਖ ਫਰੀਦ ਜੀ ਦੀ ਬਾਣੀ | -ਪ੍ਰਿੰ. ਕ੍ਰਿਸ਼ਨ ਸਿੰਘ | ੧੯ |
| ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ | -ਸ. ਰਾਜਵਿੰਦਰਪਾਲ ਸਿੰਘ | ੨੬ |
| ਕੇਸ ਗੁਰੂ ਦੀ ਮੋਹਰ - ਸਿੱਖੀ ਦਾ ਨਿਸ਼ਾਨ | -ਪ੍ਰੋ. ਕਿਰਪਾਲ ਸਿੰਘ ਬਡੂੰਗਰ | ੩੬ |
| ਸਰਦਾਰ ਹਰੀ ਸਿੰਘ ਨਲਵਾ | -ਡਾ. ਰੂਪ ਸਿੰਘ | ੫੧ |
| ੧੯੧੯ ਦੀ ਵੈਸਾਖੀ | -ਸ. ਸਿਮਰਜੀਤ ਸਿੰਘ | ੫੫ |
| ਆਦਰਸ਼ਕ ਮਨੁੱਖ ਦੀ ਸਿਰਜਣਾ: ਖਾਲਸਾ-ਪੰਥ | -ਸਤਵਿੰਦਰ ਸਿੰਘ ਫੂਲਪੁਰ | ੬੩ |
| ਨਿਸ਼ਾਨ-ਏ-ਸਿਖੀ ਈਂ ਪੰਜ ਹਰਫ਼ ਕਾਫ਼ | -ਸ. ਰਣਜੀਤ ਸਿੰਘ | ੬੬ |
| ਸਿੱਖ ਗੌਰਵਤਾ ਦੀ ਪ੍ਰਤੀਕ: ਦਸਤਾਰ | -ਸ. ਸਤਬੀਰ ਸਿੰਘ | ੭੩ |
| ਨੇੜਿਓਂ ਵੇਖਿਆ : ਸਿਰਦਾਰ ਕਪੂਰ ਸਿੰਘ | -ਸ. ਜੈਤੇਗ ਸਿੰਘ ਅਨੰਤ | ੭੫ |
| ਕਰ ਕੇ ਵੇਖ ਭਲਾ ਬੰਦਿਆ (ਕਵਿਤਾ) | -ਗਿਆਨੀ ਪਿਆਰਾ ਸਿੰਘ ਜਾਚਕ | ੭੮ |
| ਗਿਆਨੀ ਹਰਿਬੰਸ ਸਿੰਘ : ਜੀਵਨ ਅਤੇ ਸ਼ਖ਼ਸੀਅਤ | -ਸ. ਅਜੈਪਾਲ ਸਿੰਘ | ੭੯ |
| ਅਗੈ ਭੁਖਾ ਕਿਆ ਖਾਏ | -ਡਾ. ਪਰਮਜੀਤ ਕੌਰ | ੮੬ |
| ਖ਼ਬਰਨਾਮਾ | | ੯੩ |
| ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ | | ੯੬ |

# ਗੁਰਬਾਣੀ ਵਿਚਾਰ

*ਵੈਸਾਖਿ ਧੀਰਨਿ ਕਿਉ ਵਾਢੀਆ ਜਿਨਾ ਪ੍ਰੇਮ ਬਿਛੋਹੁ॥*
*ਹਰਿ ਸਾਜਨੁ ਪੁਰਖੁ ਵਿਸਾਰਿ ਕੈ ਲਗੀ ਮਾਇਆ ਧੋਹੁ॥*
*ਪੁਤ੍ਰ ਕਲਤ੍ਰ ਨ ਸੰਗਿ ਧਨਾ ਹਰਿ ਅਵਿਨਾਸੀ ਓਹੁ॥*
*ਪਲਚਿ ਪਲਚਿ ਸਗਲੀ ਮੁਈ ਝੂਠੈ ਧੰਧੈ ਮੋਹੁ॥*
*ਇਕਸੁ ਹਰਿ ਕੇ ਨਾਮ ਬਿਨੁ ਅਗੈ ਲਈਅਹਿ ਖੋਹਿ॥*
*ਦਯੁ ਵਿਸਾਰਿ ਵਿਗੁਚਣਾ ਪ੍ਰਭ ਬਿਨੁ ਅਵਰੁ ਨ ਕੋਇ॥*
*ਪ੍ਰੀਤਮ ਚਰਣੀ ਜੋ ਲਗੇ ਤਿਨ ਕੀ ਨਿਰਮਲ ਸੋਇ॥*
*ਨਾਨਕ ਕੀ ਪ੍ਰਭ ਬੇਨਤੀ ਪ੍ਰਭ ਮਿਲਹੁ ਪਰਾਪਤਿ ਹੋਇ॥*
*ਵੈਸਾਖੁ ਸੁਹਾਵਾ ਤਾਂ ਲਗੈ ਜਾ ਸੰਤੁ ਭੇਟੈ ਹਰਿ ਸੋਇ॥* *(ਪੰਨਾ ੧੩੩)*

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ 'ਬਾਰਹ ਮਾਹਾ ਮਾਂਝ' ਦੀ ਇਸ ਪਾਵਨ ਪਉੜੀ ਦੁਆਰਾ 'ਵੈਸਾਖ' ਮਹੀਨੇ ਦੇ ਨਾਲ ਸੰਬੰਧਿਤ ਸੰਕੇਤਾਵਲੀ ਤੇ ਦ੍ਰਿਸ਼ਾਵਲੀ ਦੇ ਮਾਧਿਅਮ ਨਾਲ ਪਰਮਾਤਮਾ ਦੇ ਸੱਚੇ ਨਾਮ ਤੋਂ ਵਿੱਛੜੀ ਜੀਵ-ਇਸਤਰੀ ਦੀ ਇਸ ਨਾਸ਼ਮਾਨ ਸੰਸਾਰ ਵਿਚ ਉਲਾਰੂ ਬਿਰਤੀ ਨੂੰ ਉਸਾਰੂ ਦਿਸ਼ਾ ਪ੍ਰਦਾਨ ਕਰਦੇ ਹੋਏ ਉਸ ਨੂੰ ਸਤਿਗੁਰੂ ਦੇ ਗੁਰਮਤਿ ਗਿਆਨ ਦੀ ਸੇਧ ਵਿਚ ਚੱਲਦਿਆਂ ਪਰਮਾਤਮਾ ਦੇ ਸਦੀਵੀ ਰਹਿਣ ਵਾਲੇ ਸੱਚੇ ਨਾਮ ਦੀ ਸੰਭਾਲ ਕਰਨ ਦਾ ਸੁਮਾਰਗ ਬਖ਼ਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫੁਰਮਾਨ ਕਰਦੇ ਹਨ ਕਿ ਵੈਸਾਖ ਮਹੀਨਾ ਜੋ ਕਿ ਮਨੁੱਖ-ਮਾਤਰ ਨੂੰ ਉਸ ਦੀ ਕਮਾਈ ਦੇ ਮਿੱਠੇ ਫਲ ਦੀ ਆਸ ਬੰਨ੍ਹਾਉਣ ਵਾਲਾ ਹੈ ਉਸ ਵਿਚ ਵੀ ਉਨ੍ਹਾਂ ਜੀਵ-ਇਸਤਰੀਆਂ ਨੂੰ ਧੀਰਜ ਕਿਉਂ ਆਇਗਾ ਜਿਹੜੀਆਂ ਮਾਲਕ ਦੇ ਪਿਆਰ ਤੋਂ ਵਿੱਛੜੀਆਂ ਹੋਈਆਂ ਹਨ, ਜਿਨ੍ਹਾਂ ਜੀਵ-ਇਸਤਰੀਆਂ ਨੇ ਪਰਮਾਤਮਾ ਰੂਪੀ ਅਸਲ ਸੱਜਣ ਨੂੰ ਭੁਲਾ ਛੱਡਿਆ ਹੋਇਆ ਹੈ ਅਤੇ ਜੋ ਸੰਸਾਰ ਦੀ ਦਿੱਸਦੀ ਮਾਇਆ ਦੇ ਅਸਰ ਥੱਲੇ ਹਨ? ਅਗਿਆਨੀ ਮਨੁੱਖ ਨੂੰ ਇਹ ਸੱਚਾਈ ਇਸ ਸੰਸਾਰ 'ਚ ਵਿਚਰਦਿਆਂ ਵਿੱਸਰ ਜਾਂਦੀ ਹੈ ਕਿ ਨਾ ਪੁੱਤਰ, ਨਾ ਇਸਤਰੀ ਅਤੇ ਨਾ ਹੀ ਧਨ ਉਸ ਦੇ ਨਾਲ ਜਾਂਦਾ ਹੈ, ਸਿਰਫ ਤੇ ਸਿਰਫ ਕਦੇ ਨਾ ਨਾਸ਼ ਹੋਣ ਵਾਲਾ ਪਰਮਾਤਮਾ ਦਾ ਨਾਮ ਹੀ ਉਸ ਦੇ ਨਾਲ ਰਹਿੰਦਾ/ਸਹਾਈ ਹੁੰਦਾ ਹੈ। ਇਸ ਘੋਰ ਅਗਿਆਨਤਾ ਵਿਚ ਸਾਰੀ ਲੋਕਾਈ ਹੀ ਉਲਝ ਕੇ ਆਤਮਿਕ ਮੌਤ ਦਾ ਗ੍ਰਾਸ ਬਣ ਰਹੀ ਹੈ। ਮਾਇਆ-ਮੋਹ ਦੇ ਕੂੜੇ ਧੰਦੇ ਵਿਚ ਮਨ ਉਲਝਿਆ ਪਿਆ ਹੈ। ਇਸ ਸੱਚਾਈ ਨੂੰ ਵੀ ਮਨੁੱਖ ਨੇ ਵਿਸਾਰਿਆ ਹੋਇਆ ਹੈ ਕਿ ਪਿਆਰੇ ਮਾਲਕ ਨੂੰ ਭੁਲਾ ਕੇ ਤਾਂ ਖੱਜਲ-ਖੁਆਰ ਹੀ ਹੋਈਦਾ ਹੈ ਤੇ ਉਸ ਮਾਲਕ ਬਿਨਾਂ ਮਨੁੱਖ ਦਾ ਕੋਈ ਸਦੀਵੀ ਸਾਥੀ ਮਦਦਗਾਰ ਹੈ ਹੀ ਨਹੀਂ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਕੁਝ ਸੁਭਾਗੇ ਮਨੁੱਖ ਜੋ ਪਿਆਰੇ ਪ੍ਰਭੂ ਦੇ ਚਰਨਾਂ ਨਾਲ ਲੱਗ ਜਾਂਦੇ ਹਨ ਉਨ੍ਹਾਂ ਦੀ ਸੁੱਚੀ ਤੇ ਮੈਲ ਰਹਿਤ ਸੋਭਾ ਵਡਿਆਈ ਹੈ। ਸਤਿਗੁਰੂ ਜੀ ਸੰਸਾਰਕ ਬਿਰਤੀ ਵਾਲੇ ਜੀਵਾਂ ਦੇ ਉੱਧਾਰ ਦੀ ਨਿਰਮਲ ਭਾਵਨਾ ਨੂੰ ਸੰਕੇਤਕ ਰੂਪ 'ਚ ਪ੍ਰਗਟਾਉਂਦੇ ਹੋਏ ਬਚਨ ਕਰਦੇ ਹਨ ਕਿ ਹੇ ਮਾਲਕ! ਬੇਨਤੀ ਹੈ ਕਿ ਤੁਸੀਂ ਆਪ ਹੀ ਮਿਲ ਪਵੋ। ਜੀਵਨ ਰੂਪੀ ਵੈਸਾਖ ਦਾ ਇਹ ਮਹੀਨਾ ਸਤਿਗੁਰੂ ਦੇ ਰੂ-ਬ-ਰੂ ਹੋ ਕੇ ਪਰਮਾਤਮਾ ਰੂਪੀ ਮਾਲਕ ਨਾਲ ਮਿਲਾਪ ਕਰਵਾਉਣ ਦੀ ਹਾਲਤ ਵਿਚ ਸੁਹਾਵਣਾ ਹੋ ਸਕਦਾ ਹੈ। ■

ਸੰਪਾਦਕੀ. . .

# ਦੇਸ਼ ਦੀ ਤਕਦੀਰ-ਘਾੜੀ: ਖਾਲਸੇ ਦੀ ਕਿਰਪਾਨ

*ਖਾਲਸੇ ਦੀ ਕਿਰਪਾਨ ਵੈਰੀਆਂ ਦਾ ਸੰਘਾਰ ਅਤੇ ਧਰਮੀਆਂ ਦਾ ਜੈਕਾਰ ਕਰਨ ਵਾਲੀ ਹੈ। ਇਹ ਸੰਤਾਂ, ਰੱਬ ਦੇ ਪਿਆਰਿਆਂ ਨੂੰ ਸੁਖ ਦੇਣ ਵਾਲੀ ਸੁਖ ਸੰਤਾ ਕਰਣੰ ਹੈ। ਇਹ ਦੁਰਜਨਾਂ ਨੂੰ ਦਲਣ ਵਾਲੀ ਦੁਰਮਤਿ ਦਰਣੰ ਹੈ। ਇਹ ਗ਼ੁਲਾਮੀ, ਪਰਾਧੀਨਤਾ ਜਿਹੇ ਦੁੱਖਾਂ ਦਾ ਨਾਸ਼ ਕਰਨ ਵਾਲੀ ਕਿਲਬਿਖ ਹਰਣੰ ਹੈ।*

*ਅਸਲ ਵਿਚ ਖਾਲਸੇ ਦੀ ਕਿਰਪਾਨ ਅਕਾਲ ਪੁਰਖ ਦੇ ਮਿਸ਼ਨ ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ ਨੂੰ ਸਾਕਾਰ ਕਰਾਉਣ ਵਾਲੀ ਹੈ। ਖਾਲਸੇ ਦੀ ਕਿਰਪਾਨ ਕਲਗੀਧਰ ਪਾਤਸ਼ਾਹ ਦੇ ਖਾਲਸਾ ਸਾਜਨਾ ਦੇ ਮਿਸ਼ਨ ਅਸੁਰ ਸੰਘਾਰਬੇ ਕਉ ਦੁਰਜਨ ਕੇ ਮਾਰਬੇ ਕਉ ਸੰਕਟ ਨਿਵਾਰਬੇ ਕਉ ਨੂੰ ਸਰ-ਅੰਜਾਮ ਕਰਨ ਵਾਲੀ ਹੈ। ਖਾਲਸੇ ਦੀ ਕਿਰਪਾਨ ਦੇ ਮਨੁੱਖਤਾ ਖਾਸ ਕਰਕੇ ਭਾਰਤ-ਵਾਸੀਆਂ ਉੱਪਰ ਬਹੁਤ ਸਾਰੇ ਉਪਕਾਰ ਹਨ। ਖਾਲਸੇ ਦੀ ਕਿਰਪਾਨ ਭਾਰਤ-ਵਾਸੀਆਂ ਦੀ ਤਕਦੀਰ-ਘਾੜੀ ਹੈ।*

*ਕਿਰਪਾਨ ਸਿੱਖ ਪੰਥ ਦੀ ਆਨ-ਬਾਨ-ਸ਼ਾਨ ਦਾ ਪ੍ਰਤੀਕ ਹੈ। ਜਿਸ ਕੌਮ ਨੂੰ ਖ਼ੁਦ ਆਨ, ਬਾਨ ਤੇ ਸ਼ਾਨ ਨਾਲ ਜੀਉਣ ਦਾ ਵਲ਼ ਹੋਵੇ ਉਹੋ ਕੌਮ ਸਾਰੀ ਮਨੁੱਖਤਾ ਨੂੰ ਸ੍ਵੈ-ਮਾਣ ਨਾਲ ਜੀਉਣ ਦੇ ਕਾਬਲ ਬਣਾ ਸਕਦੀ ਹੈ। ਉਹ ਕੌਮ ਹੀ ਬੇ-ਗ਼ੈਰਤ ਕੌਮਾਂ ਦੀ ਪੱਤ ਦੀ ਰਾਖੀ ਬਣ ਸਕਦੀ ਹੈ। ਸੁਭ ਕਰਮਨ ਤੇ ਕਬਹੂੰ ਨਾ ਟਰੋਂ ਜਾਂ ਹਰਿ ਕੋ ਨਾਮ ਜਪ ਨਿਰਮਲ ਕਰਮ ਸਿੱਖ ਵਿਚਾਰਧਾਰਾ ਕੇਂਦਰੀ ਧੁਰਾ ਹੈ। ਬਦੀ ਨੂੰ ਇਹ ਸ਼ੁਭ ਕਰਮ ਜਾਂ ਨਿਰਮਲ ਕਰਮ ਪ੍ਰਵਾਨ ਨਹੀਂ, ਇਸ ਲਈ ਉਹ ਇਸ ਧਰਮੀ ਮਾਰਗ ਵਿਚ ਰੁਕਾਵਟ ਬਣਦੀ ਹੈ। ਬਦੀ ਨੂੰ ਠੱਲ ਪਾਉਣ ਲਈ ਜਦੋਂ ਸਾਰੇ ਹੀਲੇ-ਵਸੀਲੇ ਖ਼ਤਮ ਹੋ ਜਾਣ ਤਾਂ ਹੱਥ ਵਿਚ ਕਿਰਪਾਨ ਫੜਨੀ, ਸ਼ਸਤਰ-ਬੱਧ ਸੰਘਰਸ਼ ਕਰਨਾ ਦਸਮੇਸ਼ ਪਿਤਾ ਜੀ ਨੇ ਜਾਇਜ਼ ਕਰਾਰ ਦਿੱਤਾ ਹੈ।*

*੧੬੯੯ ਈ. ਦੀ ਵੈਸਾਖੀ ਨੂੰ ਕਲਗੀਧਰ ਪਿਤਾ ਜੀ ਦੁਆਰਾ ਸਾਜਿਆ ਖਾਲਸਾ ਪੰਥ ਅਖੌਤੀ ਅਹਿੰਸਾਵਾਦੀ ਪੰਥ ਨਹੀਂ, ਕਿਉਂਕਿ ਜ਼ੁਲਮ ਦਾ ਟਾਕਰਾ ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ਵਾਲੀਆਂ ਕਰਮ-ਕਾਂਡੀ ਕਿਰਿਆਵਾਂ ਨਾਲ ਸੰਭਵ ਨਹੀਂ ਹੋ ਸਕਦਾ। ਇਸ ਲਈ ਖਾਲਸਾ ਪੰਥ ਨੇ ਜਿੱਥੇ ਗਿਆਨ ਖੜਗੁ ਲੈ ਮਨ ਸਿਉ ਲੂਝੈ ਅਨੁਸਾਰ ਵਿਸ਼ੇ-ਵਿਕਾਰਾਂ, ਵਹਿਮਾਂ-ਭਰਮਾਂ, ਪਖੰਡਾਂ ਨਾਲ ਜੰਗ ਕਰਨੀ ਹੈ, ਉੱਥੇ ਉਸ ਨੇ ਸੰਸਾਰ ਅੰਦਰ ਜ਼ੁਲਮ ਨੂੰ ਖ਼ਤਮ ਕਰਨ ਲਈ ਹੱਥ ਵਿਚ*

ਕਿਰਪਾਨ ਫੜ੍ਹ ਕੇ ਸੰਘਰਸ਼ ਵੀ ਕਰਨਾ ਹੈ।

ਸਤ, ਸੰਤੋਖ, ਨੇਕੀ ਤੇ ਪਰਉਪਕਾਰ ਵਾਲੇ ਹਲੀਮੀ ਰਾਜ ਦੀ ਸਥਾਪਤੀ ਲਈ ਉੱਦਮਸ਼ੀਲ ਰਹਿਣਾ, ਨਾ ਕਿਸੇ ਉੱਪਰ ਜ਼ੁਲਮ ਕਰਨਾ ਤੇ ਨਾ ਜ਼ੁਲਮ ਸਹਿਣਾ ਅਤੇ ਕਿਸੇ ਉੱਪਰ ਜ਼ੁਲਮ ਹੁੰਦਿਆਂ ਵੇਖ ਕੇ ਉਸ ਨੂੰ ਚੁੱਪ-ਚਾਪ ਨਾ ਜਰਨਾ ਤੇ ਉਸ ਵਿਰੁੱਧ ਅਵਾਜ਼ ਬੁਲੰਦ ਕਰਨੀ, ਇਹ ਖਾਲਸੇ ਦਾ ਫਰਜ਼ ਹੈ। ਆਪਣੇ ਇਸੇ ਫ਼ਰਜ਼ ਨੂੰ ਨਿਭਾਉਂਦਿਆ ਖਾਲਸਾ ਪੰਥ ਨੇ ਲੰਮਾਂ ਸਮਾਂ ਸ਼ਸਤਰ-ਬੱਧ ਸੰਘਰਸ਼ ਕਰ ਕੇ ਦੇਸ਼ ਨੂੰ ਸਦੀਆਂ-ਬੱਧੀ ਗ਼ੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਇਆ। ਇਸ ਸੰਘਰਸ਼ ਵਿਚ ਖਾਲਸਾ-ਪੰਥ ਦੇ ਉੱਚੇ ਇਖ਼ਲਾਕ, ਬਾਣੀ, ਸਿਮਰਨ, ਪੰਜ ਕਕਾਰੀ ਰਹਿਤ ਅਤੇ ਕਿਰਪਾਨ ਨੇ ਖਾਲਸੇ ਦਾ ਪੂਰਨ ਸਹਿਯੋਗ ਦਿੱਤਾ। ਖਾਲਸੇ ਦੀ ਤੇਗ ਨੇ ਹੀ ਦੇਸ਼ ਨੂੰ ਦਲ-ਦਲ ਵਿੱਚੋਂ ਕੱਢ ਕੇ ਇਸ ਦੀ ਨਵੀਂ ਤਕਦੀਰ ਨੂੰ ਘੜਿਆ। ਦੇਸ਼ ਦੀ ਅਜ਼ਾਦੀ ਲਈ ਹਰ ਮੁਹਾਜ ’ਤੇ ਸਿੱਖਾਂ ਨੇ ਮੂਹਰੇ ਹੋ ਕੇ ਸ਼ਹੀਦੀਆਂ ਪ੍ਰਾਪਤ ਕੀਤੀਆਂ ਹਨ। ੧੩ ਅਪ੍ਰੈਲ, ੨੦੧੯ ਨੂੰ ਜਲ੍ਹਿਆਂਵਾਲੇ ਬਾਗ ਦੇ ਸ਼ਹੀਦੀ ਸਾਕੇ ਦੀ ਸ਼ਤਾਬਦੀ ਆ ਰਹੀ ਹੈ। ਇਸ ਸਾਕੇ ਵਿਚ ਵੀ ਸਭ ਤੋਂ ਵੱਧ ਸ਼ਹੀਦੀਆਂ ਸਿੱਖਾਂ ਨੇ ਪ੍ਰਾਪਤ ਕੀਤੀਆਂ ਹਨ।

ਅੰਗਰੇਜ਼ ਹਕੂਮਤ ਸਮੇਂ ਸਿੱਖਾਂ ਦੇ ਕਿਰਪਾਨ ਪਹਿਨਣ ਉੱਪਰ ਪਾਬੰਦੀ ਵੀ ਲਗਾਈ ਗਈ, ਖਾਲਸਾ ਪੰਥ ਨੇ ਕਿਰਪਾਨ ਦਾ ਮੋਰਚਾ ਲਗਾਇਆ ਅਤੇ ਫਤਿਹ ਹਾਸਲ ਕੀਤੀ।

ਅੰਗਰੇਜ਼ ਸਰਕਾਰ ਦੁਆਰਾ ਕਿਰਪਾਨ ਉੱਪਰ ਲਗਾਈ ਪਾਬੰਦੀ ਦਾ ਕੋਈ ਬਹੁਤਾ ਰੋਸ ਨਹੀਂ, ਪਰ ਜਿਨ੍ਹਾਂ ਉੱਪਰ ਖਾਲਸੇ ਦੀ ਕਿਰਪਾਨ ਦਾ ਅਜਿਹਾ ਰਿਣ ਚੜ੍ਹਿਆ ਹੋਵੇ ਜਿਸ ਨੂੰ ਉਹ ਆਪਣੀਆਂ ਸੈਂਕੜੇ ਪੁਸ਼ਤਾਂ ਤਕ ਵੀ ਨਾ ਉਤਾਰ ਸਕਣ, ਅੱਜ ਉਹ ਸਿੱਖਾਂ ਦੇ ਕਿਰਪਾਨ ਪਹਿਨਣ ’ਤੇ ਕਿੰਤੂ-ਪ੍ਰੰਤੂ ਕਰਨ ਇਹ ਗੱਲ ਸ਼ੋਭਦੀ ਨਹੀਂ। ਪਿਛਲੇ ਦਿਨੀਂ ਇਕ ਅੰਮ੍ਰਿਤਧਾਰੀ ਵਕੀਲ ਅੰਮ੍ਰਿਤਪਾਲ ਸਿੰਘ ਨੂੰ ਕਿਰਪਾਨ ਲੈ ਕੇ ਅਦਾਲਤ ਵਿਚ ਜਾਣ ਤੋਂ ਰੋਕਣਾ ਕਿਰਪਾਨ ਦੇ ਲਾਸਾਨੀ ਅਤੇ ਪਰਉਪਕਾਰੀ ਇਤਿਹਾਸ ਤੋਂ ਬੇਮੁਖ ਹੋਣਾ ਹੈ।

ਭਾਰਤ-ਵਾਸੀਆਂ ਨੂੰ ਚਾਹੀਦਾ ਤਾਂ ਸੀ ਕਿ ਜਿੱਥੇ ਕਿਤੇ ਵੀ ਸਿੱਖ ਦੇ ਹੱਥ ਵਿਚ ਕਿਰਪਾਨ ਦਿਸੇ ਉਸ ਨੂੰ ਚੁੰਮ ਕੇ ਮੱਥੇ ਨਾਲ ਲਾਇਆ ਜਾਵੇ, ਪਰ ਅਫ਼ਸੋਸ ਆਪਣੀ ਹੀ ਤਕਦੀਰ-ਘਾੜੀ ਇਹ ਕਿਰਪਾਨ ਅੱਜ ਅੱਖਾਂ ਵਿਚ ਰੜਕ ਰਹੀ ਹੈ। ਕਿਰਪਾਨ ਦੇ ਆਕਾਰ (ਲੰਬਾਈ) ਉੱਪਰ ਸੁਆਲ ਕੀਤੇ ਜਾਂਦੇ ਹਨ। ਜੇਕਰ ਸਿੱਖਾਂ ਦੀ ਕਿਰਪਾਨ ਦਾ ਆਕਾਰ ਵੇਖਣਾ ਹੋਵੇ ਤਾਂ ਭਾਰਤ ਦਾ ਇਤਿਹਾਸ ਪੜ੍ਹ ਕੇ ਪਤਾ ਚੱਲ ਜਾਵੇਗਾ ਕਿ ਜਿਸ ਕਿਰਪਾਨ ਨੇ ਦੇਸ਼ ਨੂੰ ਆਪਣਾ ਸੰਵਿਧਾਨ ਬਣਾਉਣ ਦੇ ਯੋਗ ਬਣਾਇਆ ਉਸ ਖਾਲਸੇ ਦੀ ਕਿਰਪਾਨ ਦਾ ਆਕਾਰ ਕਿੰਨਾ ਸੀ। ਜਿਸ ਕਿਰਪਾਨ ਨੇ ਅੱਜ ਅਦਾਲਤਾਂ ਵਿਚ ਬੈਠ ਕੇ ਨਿਆਂ ਕਰਨ ਦੇ ਯੋਗ ਬਣਾਇਆ ਉਸ ਖਾਲਸੇ ਦੀ ਕਿਰਪਾਨ ਦਾ

ਆਕਾਰ ਕਿੰਨਾ ਸੀ। ਜੇਕਰ ਖਾਲਸੇ ਦੇ ਹੱਥ ਵਿਚ ਕਿਰਪਾਨ ਨਾ ਹੁੰਦੀ ਤਾਂ ਭਾਰਤੀ ਨਿਆਂ ਪ੍ਰਣਾਲੀ ਵਿਚ ਕਾਜ਼ੀ ਬੈਠਾ ਮੋਮਨ ਕਾਫਰ ਦੇ ਫਤਵੇ ਜਾਰੀ ਕਰ ਰਿਹਾ ਹੁੰਦਾ। ਖਾਲਸੇ ਦੀ ਕਿਰਪਾਨ ਨੇ ਹੀ ਦਰ੍ਰਾ ਖ਼ੈਬਰ ਤੋਂ ਆਉਣ ਵਾਲੇ ਵਿਦੇਸ਼ੀ ਹਮਲਾਵਰਾਂ ਦੇ ਮੂੰਹ ਮੋੜੇ ਸਨ, ਖਾਲਸੇ ਦੀ ਕਿਰਪਾਨ ਨੇ ਹੀ ਅਬਦਾਲੀ ਕੋਲੋਂ ੨੨੦੦ ਭਾਰਤੀ ਬਹੁ-ਬੇਟੀਆਂ ਨੂੰ ਛੁਡਾਇਆ ਸੀ। ਆਪਣੇ ਹੀ ਦੇਸ਼ ਅੰਦਰ ਕਦੀ ਸਿੱਖਾਂ ਦੀ ਦਸਤਾਰ ਬਾਰੇ, ਕਦੇ ਕਿਰਪਾਨ ਬਾਰੇ, ਕਦੇ ਕੜੇ ਬਾਰੇ ਸੁਆਲ ਖੜ੍ਹੇ ਕਰਨੇ ਬਹੁਤ ਹੀ ਨਿੰਦਣਯੋਗ ਵਤੀਰਾ ਹੈ ਅਤੇ ਇਹ ਧਾਰਮਿਕ ਅਧਿਕਾਰਾਂ ਦਾ ਘਾਣ ਹੈ।

ਦੇਸ਼ ਦੀ ਰਾਜ ਸੱਤਾ ਅਤੇ ਨਿਆਂ ਪ੍ਰਣਾਲੀ ਦੇ ਭਾਰਤੀ ਬਹੁ-ਗਿਣਤੀ ਅਤੇ ਘੱਟ ਗਿਣਤੀਆਂ ਖਾਸ ਕਰ ਸਿੱਖਾਂ ਪ੍ਰਤੀ ਦੂਹਰੇ ਮਾਪਦੰਡ ਸਰਕਾਰ ਅਤੇ ਨਿਆਂ ਪ੍ਰਣਾਲੀ ਉੱਪਰ ਸਵਾਲੀਆ ਨਿਸ਼ਾਨ ਲਗਾਉਂਦੇ ਹਨ।

ਬਹੁ ਗਿਣਤੀ ਚਾਹੇ ਸੜਕਾਂ ਉੱਪਰ ਮੌਤ ਦਾ ਬੇ-ਖ਼ੌਫ਼ ਤਾਂਡਵ ਕਰੇ, ਸ਼ਰ-ਏ-ਆਮ ਘੱਟ ਗਿਣਤੀਆਂ ਦੀ ਕਤਲ-ਓ-ਗਾਰਤ ਕਰੇ, ਦੇਸ਼ ਦੀ ਏਕਤਾ-ਅਖੰਡਤਾ ਭੰਗ ਕਰੇ ਤਾਂ ਵੀ ਉਹ ਦੇਸ਼-ਭਗਤ ਹੀ ਅਖਵਾਉਂਦੀ ਹੈ, ਪਰ ਦੂਜੇ ਪਾਸੇ ਸ਼ਾਂਤੀ ਪਸੰਦ ਸਿੱਖ ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਅਤੇ ਵਿਕਾਸ ਵਿਚ ਭਰਪੂਰ ਯੋਗਦਾਨ ਪਾਇਆ ਹੈ ਉਹ ਕ੍ਰਾਂਤੀਕਾਰੀ ਸਾਹਿਤ ਪੜ੍ਹਨ ਜਾਂ ਆਪਣੇ ਮਹਾਨ ਸ਼ਹੀਦਾਂ ਦੀਆਂ ਤਸਵੀਰਾਂ ਆਪਣੇ ਕੋਲ ਰੱਖਣ ਤਾਂ ਵੀ ਅੱਤਵਾਦੀ, ਦੇਸ਼-ਧ੍ਰੋਹੀ ਗਰਦਾਨੇ ਜਾਂਦੇ ਹਨ। ਹੈਰਾਨੀ ਦੀ ਗੱਲ ਹੈ ਕਿ ਭਾਈ ਰਣਧੀਰ ਸਿੰਘ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਲਈ ਸੰਘਰਸ਼ ਕੀਤਾ, ਲੰਮਾ ਸਮਾਂ ਜੇਲ੍ਹਾਂ ਕੱਟੀਆਂ, ਉਨ੍ਹਾਂ ਦਾ ਲਿਖਿਆ ਰੂਹਾਨੀ ਸਾਹਿਤ ਵੀ ਅੱਜ ਸਰਕਾਰ ਨੂੰ ਦੇਸ਼-ਧ੍ਰੋਹੀ ਸਾਹਿਤ ਲੱਗਣ ਲੱਗ ਪਿਆ ਹੈ। ਪਿੱਛੇ ਜਿਹੇ ਤਿੰਨ ਸਿੱਖਾਂ ਸ. ਅਰਵਿੰਦਰ ਸਿੰਘ, ਸ. ਸੁਰਜੀਤ ਸਿੰਘ ਅਤੇ ਸ. ਰਣਜੀਤ ਸਿੰਘ ਨੂੰ ਭਾਈ ਰਣਧੀਰ ਸਿੰਘ ਦੀਆਂ ਕਿਤਾਬਾਂ ਪੜ੍ਹਨ ਦੇ ਦੋਸ਼ ਵਿਚ ਦੇਸ਼-ਧ੍ਰੋਹ ਦਾ ਮੁਕੱਦਮਾ ਚਲਾ ਕੇ ਜੇਲ੍ਹ ਵਿਚ ਬੰਦ ਕਰਨਾ ਮਨੁੱਖੀ ਅਧਿਕਾਰਾਂ ਦਾ ਘਾਣ ਹੈ। ਦੇਸ਼ ਵਿਚ ਦੇਸ਼-ਭਗਤੀ ਅਤੇ ਦੇਸ਼-ਧ੍ਰੋਹੀ ਦੇ ਅਨੋਖੇ ਮਾਪਦੰਡ ਫ਼ਰਜ਼ੀ ਲੋਕਤੰਤਰ ਵਿਚ ਘੱਟ-ਗਿਣਤੀਆਂ ਲਈ ਵੱਡਾ ਖ਼ਤਰਾ ਬਣ ਚੁੱਕੇ ਹਨ। ਇਨ੍ਹਾਂ ਨੂੰ ਠੱਲ ਪਾਉਣ ਦਾ ਯਤਨ ਕਰਨਾ ਚਾਹੀਦਾ ਹੈ ਤਾਂਕਿ ਘੱਟ-ਗਿਣਤੀਆਂ ਨੂੰ ਵੀ ਪੂਰਨ ਸੁਤੰਤਰਤਾ ਦਾ ਅਹਿਸਾਸ ਹੋ ਸਕੇ।

-ਸਤਵਿੰਦਰ ਸਿੰਘ ਫੂਲਪੁਰ
ਮੋ: +੯੧੯੯੧੪੪-੧੯੪੮੪

■

# ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸਦਾਚਾਰਕ ਵਿਚਾਰਧਾਰਾ

*-ਡਾ. ਗੁੰਜਨਜੋਤ ਕੌਰ**

ਸ੍ਰੀ ਗੁਰੂ ਅਰਜਨ ਦੇਵ ਜੀ ਬਹੁਪੱਖੀ ਸ਼ਖ਼ਸੀਅਤ ਦੇ ਮਾਲਕ ਸਨ। ਆਪ ਜੀ ਦਾ ਪ੍ਰਕਾਸ਼ ਵੈਸਾਖ ਵਦੀ ੭ ਸੰਮਤ ੧੬੨੦ ਬਿਕ੍ਰਮੀ (੧੫ ਅਪ੍ਰੈਲ, ੧੫੬੩ ਈ.) ਨੂੰ ਪਿਤਾ ਸ੍ਰੀ ਗੁਰੂ ਰਾਮਦਾਸ ਜੀ ਅਤੇ ਮਾਤਾ ਬੀਬੀ ਭਾਨੀ ਜੀ ਦੇ ਗ੍ਰਿਹ ਗੋਇੰਦਵਾਲ ਵਿਖੇ ਹੋਇਆ।

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਬੁਨਿਆਦੀ ਤੌਰ 'ਤੇ ਅਧਿਆਤਮਿਕ ਰਚਨਾ ਹੈ। ਇਸ ਵਿਚ ਪਰਮਾਤਮਾ, ਪ੍ਰਕਿਰਤੀ, ਮਨੁੱਖ ਦੇ ਪ੍ਰਸ਼ਨਾਂ ਅਤੇ ਇਨ੍ਹਾਂ ਦੇ ਆਪਸੀ ਸੰਬੰਧਾਂ ਦੀ ਅਧਿਆਤਮਿਕ ਦ੍ਰਿਸ਼ਟੀ ਤੋਂ ਵਿਆਖਿਆ ਕੀਤੀ ਗਈ ਹੈ। ਪਰੰਤੂ ਉਨ੍ਹਾਂ ਦੀ ਬਾਣੀ ਦਾ ਸਮੁੱਚਾ ਅਧਿਐਨ ਇਸ ਤੱਥ ਨੂੰ ਸਥਾਪਿਤ ਕਰਦਾ ਹੈ ਕਿ ਉਨ੍ਹਾਂ ਦੀ ਬਾਣੀ ਪਰਮਾਤਮਾ ਤੇ ਉਸ ਦੀ ਰਚਨਾ, ਜੀਵਨ ਤੇ ਮੌਤ, ਪੁਨਰ-ਜਨਮ ਤੇ ਮੋਕਸ਼... ਤੇ ਮਨਮੁਖ ਆਦਿ ਦੀਆਂ ਸਮੱਸਿਆਵਾਂ ਨੂੰ ਬਹੁਤ ਹੀ ਸੰਜਮ-ਮਈ, ਸਪੱਸ਼ਟ, ਅਤੇ ਸੁਚੱਜੀ ਕਾਵਿਕ ਸ਼ੈਲੀ ਦੁਆਰਾ ਸੁਲਝਾਉਂਦੀ ਹੋਈ ਅਜਿਹੇ ਨਿੱਗਰ ਮੁੱਲਾਂ ਦਾ ਸੰਚਾਰ ਕਰਦੀ ਹੈ ਜਿਹੜੇ ਮਨੁੱਖ ਅਤੇ ਸਮਾਜ ਵਿਚ ਇਕਸੁਰਤਾ ਅਤੇ ਸੁਖਾਵਾਂਪਣ ਲਿਆਉਣ ਲਈ ਬਹੁਤ ਹੀ ਸਾਰਥਕ ਤੇ ਪ੍ਰਭਾਵਸ਼ਾਲੀ ਭੂਮਿਕਾ ਨਿਭਾ ਸਕਣ ਦੇ ਯੋਗ ਹਨ।[੧]

ਗੁਰੂ ਜੀ ਦੀ ਸਮੁੱਚੀ ਬਾਣੀ ਅਤੇ ਜੀਵਨ ਬਾਰੇ ਵਿਚਾਰ ਕਰਨ ਉਪਰੰਤ ਆਪ ਇਕ ਵੱਡੇ ਨੈਤਿਕ ਵਿਚਾਰਵਾਨ ਦੇ ਰੂਪ ਵਿਚ ਵੀ ਸਾਹਮਣੇ ਆਉਂਦੇ ਹਨ। ਪੰਜਾਬੀ ਵਿਚ ਨੈਤਿਕਤਾ ਲਈ ਸਦਾਚਾਰ ਸ਼ਬਦ ਵੀ ਵਰਤਿਆ ਜਾਂਦਾ ਹੈ ਜੋ ਕਿ ਮਨੁੱਖੀ ਚਰਿੱਤਰ ਦੀ ਪਰਖ਼ ਦਾ ਧੁਰਾ ਹੈ। ਸਦਾਚਾਰ ਦੀ ਨਿਰਖ-ਪਰਖ਼ ਲਈ ਅਕਾਦਮਿਕਤਾ ਦੇ ਖੇਤਰ ਵਿਚ ਆਚਾਰ ਸ਼ਾਸਤਰ (Ethics) ਹੋਂਦ ਵਿਚ ਆਇਆ। ਮਨੁੱਖ ਦਾ ਸੁਭਾਵਿਕ ਆਚਰਨ, ਉਸ ਦੀਆਂ ਨਿਤਾਪ੍ਰਤੀ ਦੀਆਂ ਆਦਤਾਂ ਅਤੇ ਚੰਗੇ-ਮਾੜੇ ਨੂੰ ਵਿਚਾਰਨ ਦਾ ਪ੍ਰਸੰਗ ਵਿਧਾਨ ਹੀ ਨੈਤਿਕਤਾ ਹੈ। ਲਿੱਲੀ ਵਿਲੀਅਮ ਅਨੁਸਾਰ "ਆਚਾਰ ਸ਼ਾਸਤਰ ਸਮਾਜ ਵਿਚ ਰਹਿੰਦੇ ਮਨੁੱਖਾਂ ਦੇ ਚੱਜ ਆਚਾਰ ਦਾ ਅਧਿਐਨ ਕਰਦਾ ਹੈ।"

ਨੈਤਿਕਤਾ ਤੋਂ ਬਿਨਾ ਧਰਮ ਦੀ ਕਰਮ-ਭੂਮੀ ਦੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਮਦ ਨਾਲ ਭਗਤੀ ਲਹਿਰ ਵਿਚ ਨੈਤਿਕ ਦ੍ਰਿਸ਼ਟੀ ਤੋਂ ਨਵੀਆਂ ਰੇਖਾਵਾਂ ਉਭਰ ਕੇ ਸਾਹਮਣੇ ਆਈਆਂ। ਭਗਤੀ ਲਹਿਰ ਨੇ ਬੁੱਤ ਪੂਜਾ, ਜਾਤ-ਪਾਤ, ਊਚ-ਨੀਚ ਅਤੇ ਕਈ ਪ੍ਰਕਾਰ ਦੇ ਕਰਮ-ਕਾਂਡਾਂ ਦਾ ਖੰਡਨ ਕਰ ਕੇ ਇਸ ਨੂੰ ਇਕਾਂਤਕ ਘੇਰੇ ਵਿੱਚੋਂ ਕੱਢ ਕੇ ਸਮਾਜਿਕਤਾ ਪ੍ਰਦਾਨ ਕੀਤੀ। ਇਸ ਨੂੰ ਮਾਨਵ-ਕਲਿਆਣ ਅਤੇ ਮਨੁੱਖ-ਮਾਤਰ ਦੀਆਂ ਲੋੜਾਂ ਅਨੁਸਾਰ ਢਾਲਣ ਦਾ ਸਫ਼ਲ ਯਤਨ ਵੀ ਕੀਤਾ। ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਵਾਲੀ ਜੋਤ

**ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ।*

ਦਾ ਪ੍ਰਕਾਸ਼ਨ ਹੀ ਹਨ ਅਤੇ ਦੁਨੀਆ ਦੇ ਉਨ੍ਹਾਂ ਚਿੰਤਕਾਂ ਵਿੱਚੋਂ ਹਨ ਜਿਨ੍ਹਾਂ ਨੇ ਚਿੰਤਨ ਅਤੇ ਦਰਸ਼ਨ ਨੂੰ ਕੇਵਲ ਚਿੰਤਨ, ਦਰਸ਼ਨ ਅਤੇ ਗਿਆਨ ਦੇ ਪੱਧਰ 'ਤੇ ਹੀ ਨਹੀਂ, ਸਗੋਂ ਅੰਤਰ-ਬੋਧ ਦੇ ਪੱਧਰ 'ਤੇ ਪਰਮਸੱਤ ਨਾਲ ਸਮਰੂਪਤਾ ਪ੍ਰਦਾਨ ਕੀਤੀ ਸੀ। ਗੁਰੂ ਪਾਤਸ਼ਾਹ ਨੇ ਭਾਰਤੀ ਸਦਾਚਾਰਕ ਕਦਰਾਂ-ਕੀਮਤਾਂ ਅਤੇ ਸਿੱਖ ਸਦਾਚਾਰਕ ਕਦਰਾਂ-ਕੀਮਤਾਂ ਵਿਚ ਸੂਖ਼ਮ ਰੇਖਾਵਾਂ ਖਿੱਚਣ ਦੀ ਸਫ਼ਲ ਕੋਸ਼ਿਸ਼ ਕੀਤੀ ਹੈ ਜਿਸ ਨਾਲ ਸਿੱਖ ਨੈਤਿਕਤਾ ਦੇ ਰੂਪ ਵਿਚ ਭਾਰਤੀ ਸਦਾਚਾਰ ਦਾ ਹੀ ਨਹੀਂ, ਸਗੋਂ ਮਨੁੱਖੀ ਸਦਾਚਾਰ ਦਾ ਸਭ ਤੋਂ ਬਲਵਾਨ ਪ੍ਰਗਟਾਅ ਸਾਹਮਣੇ ਆਇਆ ਹੈ।

ਗੁਰੂ ਸਾਹਿਬਾਨ ਦੁਆਰਾ ਜਿਸ ਨੈਤਿਕਤਾ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ ਗਿਆ ਉਹ ਕਿਸੇ ਕਰਾਮਾਤ ਦੇ ਸਹਾਰੇ ਨਹੀਂ ਕੀਤਾ ਗਿਆ, ਸਗੋਂ ਨੈਤਿਕਵਾਦੀ ਸਥਾਪਨਾ ਲਈ ਕਿਸੇ ਬਾਹਰੀ ਸਹਾਰੇ ਦੀ ਲੋੜ ਦੀ ਥਾਂ ਇਸ ਨੂੰ ਸਿੱਧਾ 'ਮਨੁੱਖ' ਦੇ ਅੰਦਰੋਂ ਪ੍ਰਸਤੁਤ ਕੀਤਾ ਹੈ। ਇਸੇ ਕਰਕੇ ਗੁਰਮਤਿ ਨੈਤਿਕਤਾ ਜਗਿਆਸੂ ਮਨੁੱਖ ਵੱਲੋਂ ਮਨ, ਬਚਨ ਅਤੇ ਕਰਮ ਦੇ ਪੱਧਰ 'ਤੇ ਪ੍ਰਵਾਨਿਤ ਨੈਤਿਕਤਾ ਹੈ। ਇਸ ਨੈਤਿਕ ਵਿਧਾਨ ਦੀ ਜੁਗਤ ਸਿਧਾਂਤਕ ਰੂਪ ਵਿਚ ਨਾਮ-ਸਿਮਰਨ, ਹੁਕਮ, ਭਾਣਾ ਮੰਨਣ ਅਤੇ ਕਿਰਪਾ 'ਤੇ ਆਧਾਰਿਤ ਹੈ ਅਤੇ ਅਸਲ ਵਿਚ ਇਸ ਦਾ ਗੁਰਮਤਿ ਵਿਚ ਪ੍ਰਗਟਾਵਾ ਤ੍ਰੈ-ਪੱਖੀ ਗੁਰਮਤਿ ਅਸੂਲ 'ਨਾਮ ਜਪਣਾ, ਵੰਡ ਛਕਣਾ ਅਤੇ ਕਿਰਤ ਕਰਨਾ' ਵਿਚ ਹੋਇਆ ਹੈ। ਅੰਤਰੀਵੀ ਸਵੱਛਤਾ ਭਾਵ ਮਿੱਠਾ ਬੋਲਣਾ, ਸੱਚਾਈ ਉੱਪਰ ਚੱਲਣਾ, ਨਿਮਰਤਾ, ਸੁਖ-ਦੁੱਖ ਵਿਚ ਸਹਾਈ ਹੋਣਾ, ਨਿਰਵੈਰਤਾ ਰੱਖਣੀ ਆਦਿ ਦੇ ਸੰਕਲਪ ਵੀ ਇਸੇ ਜੁਗਤ ਨੂੰ ਦ੍ਰਿੜ੍ਹ ਕਰਾਉਂਦੇ ਹਨ।

ਗੁਰਮਤਿ ਵਿਚ ਨਾਮ-ਸਿਮਰਨ ਮਨੁੱਖ ਦੇ ਆਦਰਸ਼ ਗੁਣਾਂ ਵਿਚ ਅਹਿਮ ਸਥਾਨ ਰੱਖਦਾ ਹੈ। ਨਾਮ ਹੀ ਇੱਕੋ-ਇੱਕ ਅਜਿਹਾ ਸੰਕਲਪ ਹੈ ਜਿਸ ਦੇ ਦੁਆਲੇ ਸਿਮਰਨ ਦੀ ਲਕਸ਼-ਸਿਧੀ ਘੁੰਮਦੀ ਹੈ। ਨਾਮ-ਸਿਮਰਨ ਹੀ ਪਰਮਾਤਮਾ ਦੀ ਤੀਬਰ ਚੇਤਨਾ ਜਗਾਉਣ ਦੀ ਧਿਆਨ ਵਿਧੀ ਹੈ। ਭਾਸ਼ਾ ਦੇ ਮਾਧਿਅਮ ਰਾਹੀਂ ਪ੍ਰਾਪਤ 'ਨਾਮ' ਇਕ ਅਜਿਹਾ ਸੰਕਲਪ ਹੈ ਜੋ ਮਨੁੱਖ ਨੂੰ ਪਰਮ ਸਦੀਵੀ ਸੱਚ ਦੇ ਮਾਰਗ ਦਾ ਪਾਂਧੀ ਬਣਾਉਂਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦੀ ਪਾਵਨ ਬਾਣੀ ਵਿਚ ਨਾਮਮਹਿਮਾ ਦਾ ਸਥਾਨ ਸਰਵਉੱਚ ਤੇ ਸ੍ਰੇਸ਼ਠਤਮ ਹੈ। ਪ੍ਰਭੂ-ਨਾਮ ਅੰਮ੍ਰਿਤ ਦੇ ਸਮਾਨ ਹੈ ਜਿਸ ਨੂੰ ਪ੍ਰਾਪਤ ਕਰਨ ਨਾਲ ਮਨੁੱਖ ਜਨਮ-ਮਰਨ ਤੋਂ ਰਹਿਤ ਹੋ ਜਾਂਦਾ ਹੈ। ਮਾਇਆ ਰੂਪੀ ਚੰਡਾਲਣ ਵੀ ਉਸ ਦਾ ਕੁਝ ਨਹੀਂ ਵਿਗਾੜ ਸਕਦੀ:

*ਅੰਮ੍ਰਿਤ ਨਾਮੁ ਨਿਧਾਨੁ ਦਾਸਾ ਘਰਿ ਘਣਾ॥* (ਪੰਨਾ ੫੧੮)

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ-ਮਿਲਾਪ ਲਈ ਨਾਮ-ਸਿਮਰਨ ਦੀ ਸਮਰੱਥਾ ਸਾਹਮਣੇ ਪੁੰਨ-ਦਾਨ, ਜਪ-ਤਪ ਦੇ ਖੋਖਲੇ ਗਿਆਨ ਨੂੰ ਨਾਂ-ਮਾਤਰ ਦੱਸਦਿਆਂ ਸੱਚੇ ਨਾਮ ਦਾ ਆਦੇਸ਼ ਦਿੱਤਾ ਹੈ ਜਿਸ ਤੋਂ ਬਿਨਾ ਕਰਮ ਨਿਰਾਰਥਕ ਅਤੇ ਅਪੂਰਨ ਹਨ। ਸੱਚੇ ਨਾਮ ਦੀ ਵਡਿਆਈ ਬਾਰੇ ਗੁਰੂ ਸਾਹਿਬ ਦਾ ਫ਼ੁਰਮਾਨ ਹੈ:

*-ਨਾਨਕ ਸਚੇ ਨਾਮ ਵਿਣੁ ਕਿਸੈ ਨ ਰਹੀਆ ਲਜ॥* (ਪੰਨਾ ੫੧੮)

*-ਪੁੰਨ ਦਾਨ ਜਪ ਤਪ ਜੇਤੇ ਸਭ ਊਪਰਿ ਨਾਮੁ॥*

*ਹਰਿ ਹਰਿ ਰਸਨਾ ਜੋ ਜਪੈ ਤਿਸੁ ਪੂਰਨ ਕਾਮੁ॥* (ਪੰਨਾ ੪੦੧)

ਸਮੁੱਚੇ ਰੂਪ ਵਿਚ ਗੁਰੂ ਸਾਹਿਬ ਦੀ ਬਾਣੀ ਵਿਚ ਨਾਮ ਅਥਵਾ ਸ਼ਬਦ ਦੀ ਅਪਾਰ ਮਹੱਤਤਾ ਦਰਸਾਈ ਗਈ ਹੈ। ਗੁਰਬਾਣੀ ਵੀ ਨਾਮ-ਸਿਮਰਨ ਦੀ ਮਹੱਤਤਾ ਨੂੰ ਦਰਸਾਉਂਦੀ ਹੋਈ ਮਨੁੱਖ ਨੂੰ ਹਉਮੈਂ ਦਾ ਤਿਆਗ ਅਤੇ ਸਰੀਰ ਨੂੰ ਸਵੱਛ ਬਣਾ ਕੇ ਉਸ ਵਿਚ ਸੱਚੇ ਪ੍ਰਭੂ ਦਾ ਸੱਚਾ ਨਾਮ ਸਮਾਉਣ ਦੀ ਜਾਚ ਦੱਸਦੀ ਹੈ ਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਬਾਣੀ ਵੀ ਇਸੇ ਸਿਧਾਂਤ ਦੀ ਧਾਰਨੀ ਹੈ।

ਸੱਚ ਜਾਂ ਸਤਿ ਗੁਰਬਾਣੀ ਦਾ ਮੂਲ ਮੰਤਰ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਸੱਚ ਦੇ ਹੀ ਪ੍ਰਚਾਰਕ ਸਨ। ਇਨ੍ਹਾਂ ਨੇ ਸੱਚ ਨੂੰ ਹੀ ਸੁਣਨ, ਮੰਨਣ ਤੇ ਪ੍ਰਚਾਰਨ ਉੱਤੇ ਬਲ ਦਿੱਤਾ। ਇਸ ਭਾਵਨਾ ਦੇ ਅਧੀਨ ਉਨ੍ਹਾਂ ਨੇ ਅਜਿਹੀ ਰੱਬੀ ਹਸਤੀ ਦੀ ਸਥਾਪਨਾ ਕੀਤੀ ਜੋ ਸਤਿ ਸਰੂਪ ਹੈ, ਸਤਿ ਹੈ, ਸਤਿ ਪੁਰਖ ਹੈ, ਸਤਿ ਨਾਮੁ ਹੈ। ਗੁਰੂ ਜੀ ਨੇ ਸਤਿ ਤੇ ਬ੍ਰਹਮ ਵਿਚ ਇਕ ਅਭੇਦਤਾ ਸਥਾਪਿਤ ਕੀਤੀ ਹੈ। ਇਸੇ ਸਵਰ ਵਿਚ ਉਨ੍ਹਾਂ ਨੇ ਸੱਚੇ ਗੁਰੂ, ਸੱਚੇ ਬਚਨ, ਸੱਚੀ ਬਾਣੀ, ਸੱਚੀ ਸਿੱਖਿਆ, ਸਚੁ ਖੰਡ ਅਤੇ ਸੱਚੇ ਆਚਾਰ ਉੱਤੇ ਜ਼ੋਰ ਦਿੱਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੱਚ ਨੂੰ ਸ਼ਿਰੋਮਣੀ ਦੱਸਿਆ ਹੈ:

*ਪਾਰਬ੍ਰਹਮੁ ਜਿਨਿ ਸਚੁ ਕਰਿ ਜਾਤਾ॥ ਨਾਨਕ ਸੋ ਜਨੁ ਸਚਿ ਸਮਾਤਾ॥* (ਪੰਨਾ ੨੮੩)

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਮਾਨਵ-ਸੰਸਕ੍ਰਿਤੀ ਵਿਚ ਨਿਮਰਤਾ ਦਾ ਅਹਿਮ ਸਥਾਨ ਹੈ। ਗੁਰੂ ਸਾਹਿਬ ਨੇ ਨੈਤਿਕਤਾ ਪੱਖੋਂ ਬੜੇ ਤਰਕ ਨਾਲ ਨਿਮਰਤਾ ਦਾ ਗੌਰਵ ਸਥਾਪਿਤ ਕਰਨ ਦਾ ਯਤਨ ਕੀਤਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਗ਼ਰੀਬੀ ਭਾਵ ਨਿਮਰਤਾ ਤੇ ਹਲੀਮੀ ਨੂੰ ਅਪਣਾਉਂਦੇ ਹਨ:

*ਕਰਿ ਕਿਰਪਾ ਜਿਸ ਕੈ ਹਿਰਦੈ ਗਰੀਬੀ ਬਸਾਵੈ॥*
*ਨਾਨਕ ਈਹਾ ਮੁਕਤੁ ਆਗੈ ਸੁਖੁ ਪਾਵੈ॥* (ਪੰਨਾ ੨੭੮)
*ਆਪਸ ਕਉ ਜੋ ਜਾਣੈ ਨੀਚਾ॥ ਸੋਊ ਗਨੀਐ ਸਭ ਤੇ ਊਚਾ॥* (ਪੰਨਾ ੨੬੬)

ਸ੍ਰੀ ਗੁਰੂ ਅਰਜਨ ਦੇਵ ਜੀ ਨਿਮਰਤਾ ਦੇ ਗੁਣ ਵਜੋਂ ਖ਼ਿਮਾ ਭਾਵ ਕਿਸੇ ਨੂੰ ਮੁਆਫ਼ ਕਰ ਦੇਣ ਦੀ ਸਿੱਖਿਆ ਦਿੰਦੇ ਹਨ। ਜਿੱਥੇ ਖ਼ਿਮਾ ਦਾ ਗੁਣ ਮੌਜੂਦ ਹੈ, ਉੱਥੇ ਪ੍ਰਭੂ ਆਪ ਨਿਵਾਸ ਕਰਦਾ ਹੈ। ਗੁਰੂ ਸਾਹਿਬ ਇਸ ਨੂੰ ਕਦੇ ਨਾ ਘਟਣ ਵਾਲਾ ਖ਼ਜ਼ਾਨਾ ਕਹਿੰਦੇ ਹਨ। ਨਿਮਰਤਾ ਦੇ ਨਾਲ ਹੀ ਮਿੱਠਾ ਬੋਲਣਾ ਵੀ ਮਨੁੱਖ ਦੇ ਆਚਾਰ ਧਰਮ ਵਿਚ ਚੰਗਾ ਗੁਣ ਮੰਨਿਆ ਜਾਂਦਾ ਹੈ। ਇਹ ਇਕ ਅਜਿਹਾ ਗੁਣ ਹੈ ਜੋ ਵਿਅਕਤੀ ਨੂੰ ਆਦਰ ਅਤੇ ਸਤਿਕਾਰ ਦਾ ਪਾਤਰ ਬਣਾ ਦਿੰਦਾ ਹੈ। ਮਿੱਠੇ ਬੋਲ ਹੀ ਵਿਸ਼ਵਾਸ ਉਤਪੰਨ ਕਰਦੇ ਹਨ ਅਤੇ ਭੈ ਤੇ ਹੰਕਾਰ ਨੂੰ ਦੂਰ ਕਰਦੇ ਹਨ।

ਗੁਰਮਤਿ ਅਨੁਸਾਰ ਮਨੁੱਖ ਅੰਦਰ ਬਿਨਾ ਕਿਸੇ ਜ਼ਾਤੀ ਭੇਦ-ਭਾਵ, ਨਿਰਵੈਰਤਾ ਦਾ ਗੁਣ ਹੋਣਾ ਉਸ ਨੂੰ ਸਮਾਜਿਕ ਤੇ ਆਤਮਿਕ ਮੁਕਤੀ ਪ੍ਰਦਾਨ ਕਰਦਾ ਹੈ। ਜਦ ਮਨੁੱਖ ਨੂੰ ਆਪਣੇ ਆਪ ਦੀ ਸੋਝੀ ਹੋ ਜਾਂਦੀ ਹੈ ਤਾਂ ਉਸ ਅੰਦਰੋਂ ਵੈਰ, ਵਿਰੋਧ ਅਤੇ ਭਲੇ-ਬੁਰੇ ਦਾ ਭੇਦ ਮਿਟ ਜਾਂਦਾ ਹੈ। ਸਦਾਚਾਰਕ ਪੱਖ ਤੋਂ ਭਾਈਚਾਰਕ ਅਤੇ ਸੱਭਿਆਚਾਰਕ ਪੱਧਰ 'ਤੇ ਮਨੁੱਖ ਨੂੰ ਨਿਰਵੈਰ ਹੋਣਾ ਚਾਹੀਦਾ ਹੈ। ਸ੍ਰੀ ਗੁਰੂ ਅਰਜਨ

ਦੇਵ ਜੀ ਦੀ ਬਾਣੀ ਵਿਚ ਨਿਮਰਤਾ, ਹਲੀਮੀ, ਮਿੱਠਾ ਬੋਲਣਾ ਆਦਿ ਜਿੰਨੇ ਵੀ ਉਸਾਰੂ ਗੁਣ ਹਨ ਇਨ੍ਹਾਂ ਸਭ ਪਿੱਛੇ ਨਿਰਵੈਰਤਾ ਦੀ ਭਾਵਨਾ ਮੌਜੂਦ ਰਹਿੰਦੀ ਹੈ। ਨਿਰਵੈਰਤਾ ਸੰਬੰਧੀ ਗੁਰੂ ਸਾਹਿਬ ਦਾ ਫ਼ੁਰਮਾਨ ਹੈ:

*ਵਵਾ ਵੈਰੁ ਨ ਕਰੀਐ ਕਾਹੂ॥ ਘਟ ਘਟ ਅੰਤਰਿ ਬ੍ਰਹਮ ਸਮਾਹੂ॥ (ਪੰਨਾ ੨੫੯)*

ਹਰ ਮਨੁੱਖ ਅੰਦਰ ਪ੍ਰਭੂ ਦਾ ਨਿਵਾਸ ਦੱਸ ਕੇ ਗੁਰੂ ਸਾਹਿਬ ਨੇ ਮਨੁੱਖ ਨੂੰ ਨਿਰਵੈਰ ਰਹਿਣ ਦੀ ਦਲੀਲ ਨੂੰ ਤਰਕਪੂਰਨ ਬੌਧਿਕ ਆਧਾਰ ਬਖ਼ਸ਼ਿਆ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਅਹੰਕਾਰ ਨੂੰ ਇਕ ਔਗੁਣ ਸਵੀਕਾਰਦੇ ਹਨ ਜਿਹੜਾ ਮਨੁੱਖ ਦੀ ਸ਼ਖ਼ਸੀਅਤ ਨੂੰ ਮੁਕੰਮਲ ਨਹੀਂ ਹੋਣ ਦਿੰਦਾ। ਗੁਰੂ ਸਾਹਿਬ ਆਪਣੀ ਬਾਣੀ ਵਿਚ ਅਹੰਕਾਰ ਨੂੰ ਵਿਕਾਰ ਦੇ ਰੂਪ ਵਿਚ ਚਿਤਰਦੇ ਹੋਏ ਇਕ ਦੀਰਘ ਰੋਗ ਦੱਸਦੇ ਹਨ:

*ਅਹੰਬੁਧਿ ਬਹੁ ਸਘਨ ਮਾਇਆ ਮਹਾ ਦੀਰਘ ਰੋਗੁ ॥ (ਪੰਨਾ ੫੦੨)*

ਇਸੇ ਤਰ੍ਹਾਂ ਗੁਰਮਤਿ ਵਿਚ ਹੁਕਮ ਅਤੇ ਭਾਣੇ ਨੂੰ ਪ੍ਰਮੁੱਖ ਸਥਾਨ ਪ੍ਰਾਪਤ ਹੈ। ਗੁਰੂ ਦੇ ਹੁਕਮ ਵਿਚ ਚੱਲਣਾ ਹੀ ਪ੍ਰਭੂ-ਭਾਣੇ ਨੂੰ ਸਵੀਕਾਰਨਾ ਹੈ। ਜਦੋਂ ਜੀਵ ਪ੍ਰਭੂ ਦੇ ਭਾਣੇ ਵਿਚ ਚੱਲਦਾ ਹੈ ਤਾਂ ਉਸ ਨੂੰ ਇਹ ਪਰਵਾਹ ਨਹੀਂ ਹੁੰਦੀ ਕਿ ਪ੍ਰਭੂ ਉਸ ਨੂੰ ਕਿਸ ਰਸਤੇ ਉੱਪਰ ਲਿਜਾ ਰਿਹਾ ਹੈ। ਉਹ ਗੁਰੂ ਦੇ ਹੁਕਮ ਵਿਚ ਰਹਿੰਦਿਆਂ ਪ੍ਰਭੂ-ਭਾਣੇ ਨੂੰ ਸਿਰ-ਮੱਥੇ ਮੰਨਦਿਆਂ, ਉਸ ਦੇ ਗੁਣਾਂ ਦਾ ਗਾਇਨ ਕਰਦਿਆਂ ਉਸ ਦੀ ਰਜ਼ਾ ਵਿਚ ਚੱਲਦਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਦਾ ਕਥਨ ਹੈ:

*ਭਾਣੈ ਉਝੜ ਭਾਣੈ ਰਾਹਾ॥ ਭਾਣੈ ਹਰਿ ਗੁਣ ਗੁਰਮੁਖਿ ਗਾਵਾਹਾ॥*
*ਭਾਣੈ ਭਰਮਿ ਭਵੈ ਬਹੁ ਜੂਨੀ ਸਭ ਕਿਛੁ ਤਿਸੈ ਰਜਾਈ ਜੀਉ॥ (ਪੰਨਾ ੯੮)*

ਗੁਰੂ ਸਾਹਿਬ ਨੇ ਆਪਣੀ ਬਾਣੀ ਵਿਚ ਇਹ ਵੀ ਅੰਕਿਤ ਕੀਤਾ ਹੈ ਕਿ ਜਿਹੜਾ ਹੁਕਮ ਨੂੰ ਮਿੱਠਾ ਕਰ ਕੇ ਸਵੀਕਾਰਦਾ ਹੈ ਉਹ ਸਿਆਣਾ ਅਤੇ ਇੱਜ਼ਤਦਾਰ ਹੋ ਕੇ ਸਾਹਮਣੇ ਆਉਂਦਾ ਹੈ। ਇਸ ਇੱਜ਼ਤਦਾਰੀ, ਨੈਤਿਕਤਾ ਦੇ ਸੰਕੇਤ ਗੁਰੂ ਪਾਤਸ਼ਾਹ ਦੇ ਇਸ ਹੁਕਮ ਤੋਂ ਮਿਲ ਜਾਂਦੇ ਹਨ:

*ਸੋਈ ਸਿਆਣਾ ਸੋ ਪਤਿਵੰਤਾ ਹੁਕਮੁ ਲਗੈ ਜਿਸੁ ਮੀਠਾ ਜੀਉ॥ (ਪੰਨਾ ੧੦੮)*

ਇਸ ਤਰ੍ਹਾਂ ਗੁਰਬਾਣੀ ਵਿਚਲੇ ਨੈਤਿਕ ਗੁਣਾਂ ਦੇ ਅੰਤਰਗਤ ਸ੍ਰੀ ਗੁਰੂ ਅਰਜਨ ਦੇਵ ਜੀ ਆਦਰਸ਼ ਮਨੁੱਖ ਅੰਦਰ ਅਜਿਹੇ ਸਦੀਵੀ ਗੁਣਾਂ ਦਾ ਜ਼ਿਕਰ ਕਰਦੇ ਹਨ ਜਿਸ ਨਾਲ ਮਨੁੱਖ ਧਾਰਮਿਕ ਅਤੇ ਸਮਾਜਿਕ ਪੱਧਰ 'ਤੇ ਸਦਾਚਾਰਕ ਬਣਦਾ ਹੈ। ਗੁਰੂ ਸਾਹਿਬ ਦੀ ਪਾਵਨ ਬਾਣੀ ਵਿਚ ਵਿਅਕਤੀਗਤ ਪੱਧਰ 'ਤੇ ਹਰੇਕ ਮਨੁੱਖ ਨੂੰ ਕੁਝ ਅਜਿਹੇ ਇਖ਼ਲਾਕੀ ਅਸੂਲ ਪਾਲਣ ਲਈ ਕਿਹਾ ਗਿਆ ਹੈ ਜਿਹੜੇ ਉਸ ਦੇ ਤਨ-ਮਨ ਨੂੰ ਨਿਰਮਲ ਤੇ ਸਵੱਛ ਕਰਦੇ ਹਨ ਅਤੇ ਪ੍ਰਭੂ-ਪ੍ਰਾਪਤੀ ਦੇ ਮਾਰਗ 'ਤੇ ਚੱਲਣ ਲਈ ਸਹੀ ਮਾਰਗ ਉਲੀਕਦੇ ਹਨ। ਸੋ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਨੈਤਿਕ ਫ਼ਲਸਫ਼ਾ ਮਨੁੱਖਤਾ ਨੂੰ ਸਦਾ ਹੀ ਰਾਹ ਦਿਖਾਉਂਦਾ ਰਹੇਗਾ।

ਹਵਾਲੇ

੧. ਪ੍ਰੋ. ਦਰਸ਼ਨ ਕੌਰ, *ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਨੈਤਿਕਤਾ*, ਪੰਨਾ ੬੨.
੨. Lilly William, *An Introduction to Ethics,* P. 12.

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ: ਆਧੁਨਿਕ ਸੰਦਰਭ

*-ਡਾ. ਧਰਮ ਸਿੰਘ**

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਪ੍ਰਕਾਸ਼ ੧੬੨੧ ਈ. ਨੂੰ ਗੁਰੂ ਕੇ ਮਹਿਲ ਸ੍ਰੀ ਅੰਮ੍ਰਿਤਸਰ ਵਿਖੇ ਛੇਵੇਂ ਪਾਤਸ਼ਾਹ, ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅਤੇ ਮਾਤਾ ਨਾਨਕੀ ਜੀ ਦੇ ਗ੍ਰਿਹ ਵਿਖੇ ਹੋਇਆ। ਇਨ੍ਹਾਂ ਦੇ ਚਾਰ ਭਰਾ ਹੋਰ ਵੀ ਸਨ; ਬਾਬਾ ਗੁਰਦਿੱਤਾ ਜੀ, ਅਣੀ ਰਾਇ, ਸੂਰਜ ਮੱਲ ਅਤੇ ਬਾਬਾ ਅਟੱਲ ਰਾਇ। ਇਤਿਹਾਸਕਾਰਾਂ ਨੇ ਗੁਰੂ ਜੀ ਦੇ ਜੀਵਨ ਨੂੰ ਤਿੰਨ ਹਿੱਸਿਆਂ ਵਿਚ ਵੰਡਿਆ ਹੈ। ਪਹਿਲਾ ਹੈ; ਪਿਤਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਸਰਪ੍ਰਸਤੀ ਦਾ ਸਮਾਂ (੧੬੨੧-੧੬੪੪ ਈ.) ਦੂਜਾ ਦੌਰ— ੧੬੪੪-੧੬੬੪ ਈ. ਦਾ ਹੈ ਜਿਸ ਵਿਚ ਉਹ ਵਧੇਰੇ ਸਮਾਂ ਭਜਨ-ਬੰਦਗੀ ਵਿਚ ਬਿਤਾਉਂਦੇ ਰਹੇ, ਇਸੇ ਸਮੇਂ ਵਿਚ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਅਤੇ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਗੁਰਿਆਈ ਉੱਪਰ ਆਸੀਨ ਹੋਏ। ਉਮਰ ਅਤੇ ਪੀੜ੍ਹੀ ਵਿਚ ਇਨ੍ਹਾਂ ਦੋਹਾਂ ਗੁਰੂ ਸਾਹਿਬਾਨ ਨਾਲੋਂ ਵੱਡੇ ਹੋਣ ਦੇ ਬਾਵਜੂਦ ਆਪ ਨੇ ਕਿਸੇ ਤਰ੍ਹਾਂ ਦੀ ਕੋਈ ਨਰਾਜ਼ਗੀ ਨਹੀਂ ਵਿਖਾਈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਦਾ ਤੀਜਾ ਦੌਰ— ਗੁਰਿਆਈ ਦਾ ਸਮਾਂ (੧੬੬੪-੧੬੭੫ ਈ.) ਦਾ ਹੈ। ਇਸੇ ਸਮੇਂ ਉਨ੍ਹਾਂ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸੰਦੇਸ਼ ਨੂੰ ਪ੍ਰਚਾਰਿਤ ਕਰਨ ਲਈ ਹਿੰਦੁਸਤਾਨ (ਜਿਸ ਵਿਚ ਅੱਜ ਦਾ ਬੰਗਲਾਦੇਸ਼ ਵੀ ਸ਼ਾਮਲ ਸੀ) ਦਾ ਰਟਨ ਕੀਤਾ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਪਿੱਛੋਂ ਆਪ ਜੀ ਨੇ ਸਭ ਤੋਂ ਵੱਧ ਯਾਤਰਾਵਾਂ ਕੀਤੀਆਂ। ਏਸੇ ਦੌਰ ਵਿਚ ਹਾਲਾਤ ਨੇ ਅਜਿਹੀ ਕਰਵਟ ਲਈ ਕਿ ਗੁਰੂ ਜੀ ਨੂੰ ਸ਼ਹੀਦੀ ਦੇਣੀ ਪਈ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਉਨਾਹਠ ਸ਼ਬਦ ਅਤੇ ਸਲੋਕਾਂ ਦੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅੰਕਿਤ ਹੈ। ਗੁਰੂ ਸਾਹਿਬ ਦੀ ਸਾਰੀ ਬਾਣੀ ਇਕ ਵਿਚਾਰਧਾਰਾ ਵਿਚ ਪਰੋਈ ਹੋਈ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਦਮਦਮਾ ਸਾਹਿਬ ਦੇ ਸਥਾਨ ਉੱਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪੁਨਰ-ਸੰਪਾਦਨਾ ਨੌਵੇਂ ਗੁਰੂ ਜੀ ਦੀ ਬਾਣੀ ਉਸ ਦੇ ਯੋਗ ਥਾਂ ਉੱਪਰ ਅੰਕਿਤ ਕਰ ਦਿੱਤੀ। ਰਾਗ-ਬੱਧ ਪਦੇ ਜਾਂ ਸ਼ਬਦ ਸੰਬੰਧਿਤ ਰਾਗਾਂ ਵਿਚ ਅਤੇ ਸਲੋਕ ਅਖੀਰ ਵਿਚ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਮੁੱਖ ਤੌਰ 'ਤੇ ਪਰਮਾਤਮਾ ਦੀ ਵਡਿਆਈ ਦਾ ਬਖਾਨ ਕਰ ਕੇ ਉਸ ਦੇ ਨਾਮ ਨੂੰ ਸਿਮਰਨ ਉੱਪਰ ਜ਼ੋਰ ਦਿੱਤਾ ਗਿਆ ਹੈ। ਮਨੁੱਖੀ ਜੀਵਨ ਅਤੇ ਸੰਸਾਰ ਦੀ ਵਾਸਤਵਿਕਤਾ ਕੀ ਹੈ? ਇਹ ਕਿੰਨਾ ਪਾਏਦਾਰ ਜਾਂ ਕਿੰਨਾ ਸਥਿਰ ਹੈ? ਸੰਸਾਰ ਵਿੱਚੋਂ ਪਾਰ-ਉਤਾਰਾ ਕਿਵੇਂ ਹੋਵੇ? ਆਦਿ ਪ੍ਰਸ਼ਨਾਂ ਦੇ ਉੱਤਰ ਵੀ ਇਸ ਬਾਣੀ ਵਿਚ ਹਨ। ਪਰਮਾਤਮਾ ਲਈ ਇਕ ਵਿਸ਼ੇਸ਼ ਨਾਂ 'ਹਰਿ' ਵਰਤਣ ਤੋਂ ਬਿਨਾ ਗੁਰਬਾਣੀ ਵਿਚ ਜਿਹੜੇ ਸਿਫਤੀ ਨਾਂ ਵਰਤੇ ਗਏ ਉਹ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਹਨ ਜਿਵੇਂ: ਦੀਨ ਦਇਆਲ, ਪਤਿਤ-ਪਾਵਨ, ਸਰਬ-ਨਿਵਾਸੀ, ਰਾਮ (ਰਮਿਆ

**ਸਾਬਕਾ ਪ੍ਰੋ.ਫ਼ੈਸਰ ਤੇ ਮੁਖੀ, ਪੰਜਾਬੀ ਅਧਿਐਨ ਵਿਭਾਗ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਸ੍ਰੀ ਅੰਮ੍ਰਿਤਸਰ।*
*ਮੋ: +੯੧੯੮੮੮੯-੩੯੮੦੮*

ਹੋਇਆ) ਅਗਨਤ, ਅਲਖ, ਨਿਰੰਜਨ, ਨਾਥਾ, ਸੁਖਦਾਤਾ ਆਦਿ। ਸੰਸਾਰ ਦੀ ਅਸਥਿਰਤਾ ਜਾਂ ਛਿਨ ਭੰਗਰਤਾ ਦਰਸਾਉਣ ਲਈ ਜਿਹੜੇ ਰੂਪਕ ਵਰਤੇ ਗਏ ਹਨ, ਉਨ੍ਹਾਂ ਵਿਚ ਰਾਤ ਦਾ ਸੁਪਨਾ, ਬਾਲੂ (ਰੇਤ) ਕੀ ਭੀਤ, ਬੁਦਬੁਦਾ ਅਰਥਾਤ ਬੁਲਬੁਲਾ, ਬੱਦਲਾਂ ਦੀ ਛਾਂ ਅਤੇ ਮ੍ਰਿਗ-ਤ੍ਰਿਸ਼ਨਾ ਹੈ। ਸੰਸਾਰਿਕ ਮੋਹ ਮਾਇਆ ਵਿਚ ਖੱਚਿਤ ਨਾ ਹੋ ਕੇ ਪਰਮਾਤਮਾ ਦਾ ਨਾਮ-ਸਿਮਰਨਾ ਹੀ ਮੁਕਤੀ ਪ੍ਰਾਪਤੀ ਕਰਨਾ ਹੈ। ਗੁਰੂ ਸਾਹਿਬ ਦੀ ਨਜ਼ਰ ਵਿਚ ਸਭ ਰਿਸ਼ਤੇ-ਨਾਤੇ ਜੀਵਨ ਵਿਹਾਰ ਦਾ ਹਿੱਸਾ ਹੀ ਹਨ, ਇਨ੍ਹਾਂ ਦੀ ਹਕੀਕਤ ਕੁਝ ਵੀ ਨਹੀਂ:

*ਸਭ ਕਿਛੁ ਜੀਵਤ ਕੋ ਬਿਵਹਾਰ॥*
*ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥੧॥ ਰਹਾਉ॥*
*ਤਨ ਤੇ ਪ੍ਰਾਨ ਹੋਤ ਜਬ ਨਿਆਰੇ ਟੇਰਤ ਪ੍ਰੇਤਿ ਪੁਕਾਰਿ॥*
*ਆਧ ਘਰੀ ਕੋਊ ਨਹਿ ਰਾਖੈ ਘਰ ਤੇ ਦੇਤ ਨਿਕਾਰਿ॥੧॥*
*ਮ੍ਰਿਗ ਤ੍ਰਿਸਨਾ ਜਿਉ ਜਗ ਰਚਨਾ ਯਹ ਦੇਖਹੁ ਰਿਦੈ ਬਿਚਾਰਿ॥*
*ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਹੋਤ ਉਧਾਰ॥* *(ਪੰਨਾ ੫੩੬)*

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚ ਜਿਸ ਦੂਜੇ ਸੰਕਲਪ ਬਾਰੇ ਵਧੇਰੇ ਚਰਚਾ ਹੋਈ ਹੈ, ਉਹ ਹੈ— ਮਨ। ਮਨ ਲਈ ਮਨੂਆ, ਮਾਨਸ, ਹੀਅਰਾ ਅਤੇ ਜੀਅਰਾ ਸ਼ਬਦ ਵੀ ਵਰਤੇ ਗਏ ਹਨ। ਅੱਜ ਦਾ ਮਨੋਵਿਗਿਆਨ ਵੀ ਮਨੁੱਖ ਦੀ ਸੋਚ, ਭਾਵਨਾਵਾਂ ਅਤੇ ਵਿਹਾਰ ਉੱਪਰ ਮਨ ਦਾ ਕਾਬੂ ਮੰਨਦਾ ਹੈ। ਇਸੇ ਕਰਕੇ ਗੁਰਬਾਣੀ ਵਿਚ ਇਸ ਨੂੰ ਕੇਂਦਰੀ ਮਹੱਤਵ ਦਿੱਤਾ ਗਿਆ ਹੈ। ਮਨ ਇਕ ਅਦ੍ਰਿਸ਼ ਅਤੇ ਸੂਖਮ ਵਰਤਾਰਾ ਹੈ, ਪਰ ਇਸ ਦੇ ਔਗੁਣਾਂ ਜਾਂ ਦੋਸ਼ਾਂ ਬਾਰੇ ਭਰਪੂਰ ਚਰਚਾ ਹੈ। ਸਾਰੇ ਵਿਕਾਰਾਂ ਦੁਸ਼ਪ੍ਰਵਿਰਤੀਆਂ ਅਤੇ ਹੋਰ ਭੈੜਾਂ ਦਾ ਮੂਲ ਸੋਮਾ ਇਹੋ ਮਨ ਹੀ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਮਨ ਦੇ ਔਗੁਣਾਂ ਵਿਚ ਚੰਚਲਤਾ, ਕਠੋਰਤਾ, ਅਮੋੜਤਾ, ਬਉਰਾਪਨ, ਲਾਲਚੀ, ਮੂਰਖ ਅਤੇ ਗਾਫ਼ਲ ਆਦਿ ਗਿਣੇ ਹਨ। ਮਨ ਵਿਅਕਤੀ ਜਾਂ ਪ੍ਰਾਣੀ ਵੀ ਹੈ, ਇਸ ਲਈ ਪ੍ਰਾਣੀ ਵਿਚ ਵੀ ਇਹ ਸਾਰੇ ਔਗੁਣ ਹਨ। ਇਸ ਦੀਆਂ ਉਦਾਹਰਨਾਂ ਇਸ ਤਰ੍ਹਾਂ ਹਨ:

*-ਸਾਧੋ ਇਹੁ ਮਨੁ ਗਹਿਓ ਨ ਜਾਈ॥*
*ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ॥* *(ਪੰਨਾ ੨੧੯)*
*-ਮਨ ਰੇ ਕਹਾ ਭਇਓ ਤੈ ਬਉਰਾ॥*
*ਅਹਿਨਿਸਿ ਅਉਧ ਘਟੈ ਨਹੀ ਜਾਨੈ ਭਇਓ ਲੋਭ ਸੰਗਿ ਹਉਰਾ॥* *(ਪੰਨਾ ੨੨੦)*
*-ਬਿਰਥਾ ਕਹਉ ਕਉਨ ਸਿਉ ਮਨ ਕੀ॥*
*ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥* *(ਪੰਨਾ ੪੧੧)*

ਸਿਰੇ ਦੀ ਗੱਲ ਇਹ ਕਿ ਮਨ ਅਜਿਹੀ ਚੰਚਲ ਬਿਰਤੀ ਦਾ ਮਾਲਕ ਹੈ ਜੋ ਛੇਤੀ ਕਿਤੇ ਵੱਸ ਵਿਚ ਨਹੀਂ ਆਉਂਦਾ:

*ਸੁਆਨ ਪੂਛ ਜਿਉ ਹੋਇ ਨ ਸੂਧੋ ਕਹਿਓ ਨ ਕਾਨ ਧਰੈ॥*
*ਕਹੁ ਨਾਨਕ ਭਜੁ ਰਾਮ ਨਾਮ ਨਿਤ ਜਾ ਤੇ ਕਾਜੁ ਸਰੈ॥* *(ਪੰਨਾ ੫੩੬)*

ਮਨ ਨੂੰ ਮੂਰਤੀਮਾਨ ਕਰਨ ਲਈ ਜਿਹੜੇ ਰੂਪਕ ਵਰਤੇ ਗਏ ਹਨ ਉਹ ਵੀ ਪ੍ਰਿਨਿਤ

ਹਨ ਜਿਵੇਂ— ਸੂਕਰ ਜਾਂ ਸੂਰ, ਹਸਤੀ ਜਾਂ ਹਾਥੀ, ਕੁੱਤਾ ਅਤੇ ਖੋਤਾ (ਗਰਧਪ) ਆਦਿ। ਸੂਕਰ ਮਲੀਨਤਾ ਪ੍ਰੇਮੀ ਹੈ, ਹਾਥੀ ਅਮੋੜ, ਕਾਮੀ ਅਤੇ ਗੰਦਗੀ ਪ੍ਰੇਮੀ ਹੈ, ਕੁੱਤਾ ਖੂੰਖਾਰ, ਲਾਲਚੀ ਅਤੇ ਖ਼ਤਰਨਾਕ ਹੈ, ਖੋਤੇ ਦੇ ਔਗੁਣ ਵੀ ਅਜਿਹੇ ਹੀ ਹਨ।

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿਚਲੇ ਸੰਦੇਸ਼ਾਂ ਦੀ ਅੱਜ ਦੇ ਯੁੱਗ ਵਿਚ ਉਨੀਂ ਹੀ ਲੋੜ ਅਤੇ ਸਾਰਥਕਤਾ ਹੈ ਜਿੰਨੀ ਇਸ ਦੇ ਰਚੇ ਜਾਣ ਸਮੇਂ ਸੀ। ਗੁਰੂ ਜੀ ਦੇ ਸੰਦੇਸ਼ ਵਿਚ ਧਾਰਮਿਕ ਸਾਹਿਣਸ਼ੀਲਤਾ, ਰਵਾਦਾਰੀ, ਧਾਰਮਿਕ ਸਹਿਹੋਂਦ, ਅਨੇਕਤਾ ਵਿਚ ਏਕਤਾ ਹੈ ਜਿਸ ਨੂੰ ਅੱਜ ਅਨੇਕਵਾਦ (Pluralism) ਕਿਹਾ ਜਾਂਦਾ ਹੈ ਅਤੇ ਇਸ ਦੀ ਅੱਜ ਸਭ ਤੋਂ ਵੱਡੀ ਲੋੜ ਹੈ, ਕਿਉਂਕਿ ਭਗਵਾਂਕਰਣ ਦਾ ਚਾਰੇ ਪਾਸੇ ਦੌਰ ਹੈ। ਭਗਵਾਂਕਰਣ ਦੇ ਪ੍ਰਭਾਵ ਹੇਠ ਨਵੀਆਂ ਨੀਤੀਆਂ ਬਣ ਰਹੀਆਂ ਹਨ। ਪੁਰਾਣੀਆਂ ਥਾਂਵਾਂ ਦੇ ਨਵੇਂ ਨਾਮ ਰੱਖੇ ਜਾ ਰਹੇ ਹਨ। ਸੰਸਥਾਵਾਂ ਦੀ ਪ੍ਰਕਿਰਤੀ ਬਦਲੀ ਜਾ ਰਹੀ ਹੈ, ਅਨੇਕਤਾ ਨੂੰ ਭੰਗ ਕਰਨ ਦੀ ਰੁਚੀ ਪ੍ਰਬਲ ਹੋ ਰਹੀ ਹੈ। ਹੋਰ ਤਾਂ ਹੋਰ ਵਿੱਦਿਅਕ ਸੰਸਥਾਵਾਂ ਦੀਆਂ ਨਿਯੁਕਤੀਆਂ ਵਿਚ ਵਿਅਕਤੀਆਂ ਤੇ ਰਾਜਨੀਤਿਕ ਪਿਛੋਕੜ ਨੂੰ ਧਿਆਨ ਵਿਚ ਰੱਖਿਆ ਜਾ ਰਿਹਾ ਹੈ ਅਤੇ ਪਾਠ-ਕ੍ਰਮ ਤਬਦੀਲ ਕੀਤੇ ਜਾ ਰਹੇ ਹਨ। ਸਾਰੰਸ਼ ਇਹ ਕਿ ਇਤਿਹਾਸ ਨੂੰ ਪੁੱਠਾ ਗੇੜਾ ਦੇਣ ਦੀ ਕੋਸ਼ਿਸ਼ ਲਗਾਤਾਰ ਜਾਰੀ ਹੈ। ਇਤਿਹਾਸ ਨੇ ਸਾਬਤ ਕੀਤਾ ਹੈ ਕਿ ਮੱਧਕਾਲੀ ਭਾਰਤ ਵਿਚ ਜਿਨ੍ਹਾਂ ਵੀ ਹੁਕਮਰਾਨਾਂ ਨੇ ਭਾਰਤ ਦੀ ਅਨੇਕਤਾ ਦੀ ਕਦਰ ਕੀਤੀ ਹੈ, ਉਹ ਹੀ ਸਭ ਤੋਂ ਵੱਧ ਕਾਮਯਾਬ ਰਹੇ ਹਨ, ਭਾਵੇਂ ਉਹ ਅਕਬਰ ਸੀ ਜਾਂ ਮਹਾਰਾਜਾ ਰਣਜੀਤ ਸਿੰਘ। ਇਤਿਹਾਸ ਵਿਚ ਜੀਵਿਆ ਤਾਂ ਨਹੀਂ ਜਾ ਸਕਦਾ, ਪਰ ਇਸ ਤੋਂ ਸਬਕ ਤਾਂ ਸਿੱਖਿਆ ਜਾ ਸਕਦਾ ਹੈ। ਵਰਤਮਾਨ ਹਾਕਮਾਂ ਨੂੰ ਇਹ ਸਬਕ ਸਿੱਖਣ ਦੀ ਡਾਢੀ ਲੋੜ ਹੈ। ਹਿੰਦੁਸਤਾਨੀ ਸਮਾਜ ਬਹੁ-ਧਰਮੀ, ਬਹੁ-ਭਾਸ਼ੀ ਅਤੇ ਬਹੁ-ਸੱਭਿਆਚਾਰੀ ਰਿਹਾ ਹੈ ਅਤੇ ਰਹੇਗਾ। ਮਹਾਂਕਵੀ ਭਾਈ ਸੰਤੋਖ ਸਿੰਘ ਨੇ ਭਾਰਤੀ ਸੰਸਕ੍ਰਿਤੀ, ਸਮਾਜ, ਧਰਮ ਅਤੇ ਇਤਿਹਾਸ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ ਨੂੰ ਇਕ ਸਵੱਈਏ ਵਿਚ ਬੜੀ ਕੁਸ਼ਲਤਾ ਨਾਲ ਪ੍ਰਸਤੁਤ ਹੈ। ਭਾਈ ਜੀ ਦਾ ਕਹਿਣਾ ਹੈ ਕਿ ਜੇਕਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਸੂਰਮਾ ਨਾ ਹੁੰਦਾ ਤਾਂ ਭਾਰਤ ਦੀ ਅਨੇਕਤਾ ਕਦੋਂ ਦੀ ਭੰਗ ਹੋ ਗਈ ਹੁੰਦੀ ਅਤੇ ਸਾਰੇ ਹਿੰਦੁਸਤਾਨ ਉੱਪਰ ਇਕ ਛਤਰ, ਇਕ ਹੀ ਧਾਰਮਿਕ ਸਮੁਦਾਇ ਦੇ ਲੋਕਾਂ ਦਾ ਰਾਜ ਹੋਣਾ ਸੀ। ਇਸ ਦੇਣ ਪਿੱਛੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਛੁਪੀ ਹੋਈ ਹੈ। ਭਾਈ ਸੰਤੋਖ ਸਿੰਘ ਨੇ ਲਿਖਿਆ ਹੈ:

*ਛਾਇ ਜਾਤੀ ਅਨੇਕਤਾ ਅਨੇਕਤਾ ਬਿਲਾਇ ਜਾਤੀ।*
*ਹੋਵਤੀ ਕੁਚੀਲਤਾ ਕਤੇਬਨ ਕੁਰਾਨ ਕੀ।*
*ਪਾਪ ਹੀ ਪ੍ਰਪਕ ਜਾਤੇ, ਧਰਮ ਧਸਕ ਜਾਤੇ।*
*ਬਰਨ ਗਰਕ ਜਾਤੇ ਸਹਿਤ ਬਿਧਾਨ ਕੀ*
*ਦੇਵੀ ਦੇਵ ਦੇਹੁਰੇ ਸੰਤੋਖ ਸਿੰਘ ਦੂਰ ਹੋਤੇ*
*ਰੀਤ ਮਿਟ ਜਾਤੀ ਕਥਾ ਬੇਦਨ ਪੁਰਾਨ ਕੀ।*
*ਸ੍ਰੀ ਗੁਰੂ ਗੋਬਿੰਦ ਸਿੰਘ ਪਾਵਨ-ਪਰਮ ਸੂਰ*
*ਮੂਰਤ ਨ ਹੋਤੀ ਜਉ ਪੈ ਕਿਰਪਾ ਨਿਧਾਨ ਕੀ।*

■

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ

*-ਬੀਬੀ ਪ੍ਰਕਾਸ਼ ਕੌਰ**

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਪਾਵਨ ਬਾਣੀ 'ਮਹਲਾ ੯' ਦੇ ਸਿਰਲੇਖ ਹੇਠ ਦਰਜ ਹੈ। ਉਨ੍ਹਾਂ ਦੀ ਬਾਣੀ ੫੯ ਸ਼ਬਦਾਂ ਦੇ ਰੂਪ ਵਿਚ ੧੫ ਰਾਗਾਂ ਵਿਚ ਦਰਜ ਹੈ। ਇਨ੍ਹਾਂ ਸ਼ਬਦਾਂ ਤੋਂ ਇਲਾਵਾ ਸੁਤੰਤਰ ਰੂਪ ਵਿਚ ੫੭ ਸਲੋਕ, 'ਸਲੋਕ ਵਾਰਾਂ ਤੇ ਵਧੀਕ' ਤੋਂ ਬਾਅਦ ਵਿਚ ਦਰਜ ਹਨ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਅਨੰਤ ਗੁਣਾਂ ਨਾਲ ਭਰਪੂਰ ਹੈ। ਇਸ ਦਾ ਬਿਆਨ ਕਰਨਾ ਕਠਿਨ ਹੈ। ਇਸ ਵਿਚ ਮਨੁੱਖੀ ਭਾਈਚਾਰੇ ਅਤੇ ਆਤਮਿਕ ਗਿਆਨ ਤੇ ਵੈਰਾਗ ਦਾ ਸੁਨੇਹਾ ਮਿਲਦਾ ਹੈ। ਗੁਰੂ ਸਾਹਿਬ ਜੀ ਨੇ ਆਪਣੀ ਬਾਣੀ ਵਿਚ ਜੋ ਅਲੰਕਾਰ ਵਰਤੇ ਹਨ, ਉਹ ਆਮ ਜੀਵਨ ਵਿੱਚੋਂ ਲਏ ਗਏ ਹਨ ਅਤੇ ਹਰ ਆਸ਼ੇ ਨੂੰ ਇਸ ਤਰ੍ਹਾਂ ਸਪਸ਼ਟ ਕੀਤਾ ਹੈ ਕਿ ਹਰ ਆਮ ਸੂਝ-ਬੂਝ ਵਿਅਕਤੀ ਬਾਣੀ ਦਾ ਪੂਰਾ ਅਨੰਦ ਲੈ ਸਕਦਾ ਹੈ। ਗੁਰੂ ਸਾਹਿਬ ਜੀ ਨੇ ਬਾਣੀ ਵਿਚ ਵੱਖ-ਵੱਖ ਪਹਿਲੂਆਂ ਨੂੰ ਬਾਣੀ ਦੇ ਉਪਦੇਸ਼ਾਂ ਰਾਹੀਂ ਸਮਝਾਉਣ ਦਾ ਯਤਨ ਕੀਤਾ ਹੈ।

ਗੁਰੂ ਸਾਹਿਬ ਜੀ ਸ੍ਰਿਸ਼ਟੀ ਦੀ ਰਚਨਾ ਦੀ ਜਲ ਦੇ ਬੁਲਬੁਲੇ ਨਾਲ ਤੁਲਨਾ ਕਰਦੇ ਹੋਏ ਫੁਰਮਾਉਂਦੇ ਹਨ ਕਿ ਜਿਸ ਤਰ੍ਹਾਂ ਪਾਣੀ ਵਿਚ ਬੁਲਬੁਲਾ ਹਮੇਸ਼ਾ ਉਪਜਦਾ ਤੇ ਬਿਨਸਦਾ ਰਹਿੰਦਾ ਹੈ, ਉਸੇ ਤਰ੍ਹਾਂ ਜਗਤ ਵੀ ਉਪਜਦਾ ਬਿਨਸਦਾ ਰਹਿੰਦਾ ਹੈ:

*ਜੈਸੇ ਜਲ ਤੇ ਬੁਦਬੁਦਾ ਉਪਜੈ ਬਿਨਸੈ ਨੀਤ॥*
*ਜਗ ਰਚਨਾ ਤੈਸੇ ਰਚੀ ਕਹੁ ਨਾਨਕ ਸੁਨਿ ਮੀਤ॥ (ਪੰਨਾ ੧੪੨੭)*

ਗੁਰੂ ਸਾਹਿਬ ਆਪਣੀ ਬਾਣੀ ਰਾਹੀਂ ਮਨੁੱਖ ਨੂੰ ਮੌਤ ਦੀ ਯਾਦ ਵੀ ਦਿਵਾਉਂਦੇ ਹਨ। ਮੌਤ ਇਕ ਅਟੱਲ ਸਚਾਈ ਹੈ, ਜੋ ਵੀ ਉਪਜਿਆ ਹੈ; ਉਸ ਨੇ ਆਖਰਕਾਰ ਬਿਨਸਣਾ ਹੈ। ਕੇਵਲ ਇੱਕੋ ਇਕ ਪਰਮਾਤਮਾ ਹੀ ਕਾਲ ਤੋਂ ਰਹਿਤ ਹੈ। ਗੁਰੂ ਸਾਹਿਬ ਜੀ ਮੌਤ ਦੀ ਅਟੱਲ ਸਚਾਈ ਨੂੰ ਇਸ ਤਰ੍ਹਾਂ ਬਿਆਨ ਕਰਦੇ ਹਨ:

*ਜੋ ਉਪਜਿਓ ਸੋ ਬਿਨਸਿ ਹੈ ਪਰੋ ਆਜੁ ਕੈ ਕਾਲਿ॥*
*ਨਾਨਕ ਹਰਿ ਗੁਨ ਗਾਇ ਲੇ ਛਾਡਿ ਸਗਲ ਜੰਜਾਲ॥ (ਪੰਨਾ ੧੪੨੯)*

ਗੁਰੂ ਸਾਹਿਬ ਜੀ ਅਨੁਸਾਰ ਸਭ ਸੰਸਾਰਿਕ ਰਿਸ਼ਤੇ ਨਾਤੇ ਮਾਤਾ-ਪਿਤਾ, ਪੁੱਤਰ-ਭਾਈ ਅਤੇ ਘਰ ਦੀ ਇਸਤਰੀ ਆਦਿ ਦੇ ਰਿਸ਼ਤਿਆਂ ਦੀ ਉਮਰ ਕਾਲ ਤਕ ਹੀ ਵਿਦਮਾਨ ਹੈ ਤੇ ਸਰੀਰ ਤਿਆਗਣ ਉਪਰੰਤ ਕੋਈ ਵੀ ਸਾਥ ਨਹੀਂ ਨਿਭਦਾ:

*ਸਭ ਕਿਛੁ ਜੀਵਤ ਕੋ ਬਿਵਹਾਰ॥*
*ਮਾਤ ਪਿਤਾ ਭਾਈ ਸੁਤ ਬੰਧਪ ਅਰੁ ਫੁਨਿ ਗ੍ਰਿਹ ਕੀ ਨਾਰਿ॥ (ਪੰਨਾ ੫੩੬)*

ਗੁਰੂ ਸਾਹਿਬ ਜੀ ਨੇ ਬਾਣੀ ਵਿਚ ਜਗਤ ਦੀ ਨਾਸ਼ਮਾਨਤਾ ਦਾ ਕਈ ਵਾਰੀ

**੮੬, ਟੈਗੋਰ ਨਗਰ, ਜਲੰਧਰ-੧੪੪੦੦੧; ਮੋ: +੯੧੯੮੮੮੧-੮੬੦੮੬*

ਬਿਆਨ ਕੀਤਾ ਹੈ। ਗੁਰੂ ਜੀ ਸਮਝਾਉਂਦੇ ਹਨ ਕਿ ਇਹ ਸਰੀਰ ਸਦਾ ਥਿਰ ਰਹਿਣ ਵਾਲਾ ਨਹੀਂ। ਜਿਸ ਤਰ੍ਹਾਂ ਮਨੁੱਖ ਸੁਪਨੇ ਵਿਚ ਵਾਪਰ ਰਹੀ ਗੱਲ ਨੂੰ ਅਸਲ ਸਮਝਦਾ ਹੈ, ਜਿਵੇਂ ਬੱਦਲ ਦੀ ਛਾਂ ਬਹੁਤਾ ਚਿਰ ਨਹੀਂ ਠਹਿਰਦੀ, ਉਸੇ ਤਰ੍ਹਾਂ ਜਗਤ ਵਿਚ ਜੋ ਦਿਸ ਰਿਹਾ ਹੈ, ਇਹ ਸਭ ਕੁਝ ਆਪਣੇ-ਆਪਣੇ ਸਮੇਂ ਨਾਲ ਨਾਸ਼ ਹੋ ਜਾਂਦਾ ਹੈ। ਸਾਨੂੰ ਜਗਤ ਵਿਚ ਲਿਪਤ ਨਹੀਂ ਰਹਿਣਾ ਚਾਹੀਦਾ। ਪਰਮਾਤਮਾ ਦੀ ਸ਼ਰਨ ਵਿਚ ਪੈਣਾ ਚਾਹੀਦਾ ਹੈ:

*ਝੂਠਾ ਤਨੁ ਸਾਚਾ ਕਰਿ ਮਾਨਿਓ ਜਿਉ ਸੁਪਨਾ ਰੈਨਾਈ॥*
*ਜੋ ਦੀਸੈ ਸੋ ਸਗਲ ਬਿਨਾਸੈ ਜਿਉ ਬਾਦਰ ਕੀ ਛਾਈ॥*
*ਜਨ ਨਾਨਕ ਜਗੁ ਜਾਨਿਓ ਮਿਥਿਆ ਰਹਿਓ ਰਾਮ ਸਰਨਾਈ॥* (ਪੰਨਾ ੨੧੯)

ਗੁਰੂ ਜੀ ਨੇ ਆਪਣੀ ਪਾਵਨ ਬਾਣੀ ਵਿਚ ਪਰਮਾਤਮਾ ਨੂੰ ਕਈ ਨਾਵਾਂ ਜਿਵੇਂ: ਬ੍ਰਹਮ, ਗੋਬਿੰਦ, ਰਾਮੁ, ਭਗਵਾਨ, ਦੀਨਾ-ਨਾਥ, ਠਾਕਰਿ, ਹਰੀ, ਮੁਰਾਰੀ ਆਦਿ ਕਹਿ ਕੇ ਸੰਬੋਧਿਤ ਕੀਤਾ ਹੈ। ਆਪ ਜੀ ਨੇ ਪਰਮਾਤਮਾ ਦੀ ਸਰਬ-ਵਿਆਪਕਤਾ ਦਾ ਅਤਿ ਸੁੰਦਰ ਚਿਤਰਨ ਕਰਦਿਆਂ ਫੁਰਮਾਇਆ ਹੈ ਕਿ ਜਿਸ ਤਰ੍ਹਾਂ ਫੁੱਲਾਂ ਵਿਚ ਸੁਗੰਧ ਵਿਦਮਾਨ ਰਹਿੰਦੀ ਹੈ ਅਤੇ ਸ਼ੀਸ਼ੇ ਵਿਚ ਛਾਇਆ ਮੌਜੂਦ ਹੁੰਦੀ ਹੈ; ਉਸੇ ਤਰ੍ਹਾਂ ਹੀ ਪਰਮਾਤਮਾ ਸਾਰੇ ਜੀਵਾਂ ਦੇ ਅੰਦਰ ਇਕ ਰਸ ਵਸਦਾ ਹੈ। ਇਸ ਲਈ ਉਸ ਨੂੰ ਜੰਗਲਾਂ ਵਿਚ ਲੱਭਣ ਦੀ ਲੋੜ ਨਹੀਂ, ਸਗੋਂ ਆਪਣੇ ਹਿਰਦੇ ਵਿੱਚੋਂ ਹੀ ਲੱਭਣਾ ਕਰੋ। ਫੁਰਮਾਨ ਹੈ:

*ਕਾਹੇ ਰੇ ਬਨ ਖੋਜਨ ਜਾਈ॥*
*ਸਰਬ ਨਿਵਾਸੀ ਸਦਾ ਅਲੇਪਾ ਤੋਹੀ ਸੰਗਿ ਸਮਾਈ॥੧॥ਰਹਾਉ॥*
*ਪੁਹਪ ਮਧਿ ਜਿਉ ਬਾਸੁ ਬਸਤੁ ਹੈ ਮੁਕਰ ਮਾਹਿ ਜੈਸੇ ਛਾਈ॥*
*ਤੈਸੇ ਹੀ ਹਰਿ ਬਸੇ ਨਿਰੰਤਰਿ ਘਟ ਹੀ ਖੋਜਹੁ ਭਾਈ॥* (ਪੰਨਾ ੬੮੪)

ਗੁਰੂ ਸਾਹਿਬ ਅਨੁਸਾਰ ਸਾਰਾ ਜਗਤ ਭਿਖਾਰੀ ਹੈ ਤੇ ਸਾਰਿਆਂ ਦਾ ਦਾਤਾ ਕੇਵਲ ਇਕ ਅਕਾਲ ਪੁਰਖ ਹੀ ਹੈ। ਜੀਵਾਂ ਨੂੰ ਤਨ, ਧਨ, ਸੰਪਤੀ, ਸੁੰਦਰ ਧਾਮ ਅਤੇ ਸੁੱਖ ਦੁੱਖ ਦੇਣ ਵਾਲਾ ਇੱਕੋ ਪਰਮਾਤਮਾ ਹੈ:

*ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥* (ਪੰਨਾ ੧੪੨੮)

ਗੁਰੂ ਸਾਹਿਬ ਜੀ ਮਨੁੱਖ ਦੇ ਮਨ ਦੀ ਦਸ਼ਾ ਨੂੰ ਸਮਝਾਉਂਦੇ ਹੋਏ ਫੁਰਮਾਨ ਕਰਦੇ ਹਨ ਕਿ ਇਸ ਮਨੁੱਖੀ ਮਨ ਦੀ ਭੈੜੀ ਹਾਲਤ ਕਿਸ ਨੂੰ ਦੱਸਾਂ, ਮਨ ਲੋਭ ਵਿਚ ਫੱਸਿਆ ਹੋਇਆ ਹੈ। ਇਹ ਮਨ ਦਸੀਂ ਪਾਸੀਂ ਦੌੜਦਾ ਰਹਿੰਦਾ ਹੈ। ਇਸ ਨੂੰ ਧਨ ਜੋੜਨ ਦੀ ਲਾਲਸਾ ਚਿੰਬੜੀ ਰਹਿੰਦੀ ਹੈ। ਇਹ ਮਨ ਸੁਖ ਪ੍ਰਾਪਤ ਕਰਨ ਵਾਸਤੇ ਹਰ ਇਕ ਦੀ ਖੁਸ਼ਾਮਦ ਲਈ ਦਰ-ਦਰ 'ਤੇ ਭਟਕਦਾ ਰਹਿੰਦਾ ਹੈ। ਇਸ ਨੂੰ ਪਰਮਾਤਮਾ ਦੀ ਬੰਦਗੀ ਕਰਨ ਦੀ ਕਦੇ ਵੀ ਸੋਝੀ ਨਹੀਂ ਪੈਂਦੀ:

*ਬਿਰਥਾ ਕਹਉ ਕਉਨ ਸਿਉ ਮਨ ਕੀ॥*
*ਲੋਭਿ ਗ੍ਰਸਿਓ ਦਸ ਹੂ ਦਿਸ ਧਾਵਤ ਆਸਾ ਲਾਗਿਓ ਧਨ ਕੀ॥*

*ਸੁਖ ਕੈ ਹੇਤਿ ਬਹੁਤੁ ਦੁਖੁ ਪਾਵਤ ਸੇਵ ਕਰਤ ਜਨ ਜਨ ਕੀ॥*
*ਦੁਆਰਹਿ ਦੁਆਰਿ ਸੁਆਨ ਜਿਉ ਡੋਲਤ ਨਹ ਸੁਧ ਰਾਮ ਭਜਨ ਕੀ॥*
*(ਪੰਨਾ ੪੧੧)*

ਗੁਰੂ ਸਾਹਿਬ ਬਾਰ-ਬਾਰ ਇਸ ਮਨ ਨੂੰ ਆਪਣੀ ਬਾਣੀ ਵਿਚ ਸਮਝਾਉਂਦੇ ਹਨ ਕਿ ਹਰ ਰੋਜ਼ ਉਮਰ ਘੱਟ ਰਹੀ ਹੈ *ਕਹੁ ਨਾਨਕ ਸੁਨੁ ਰੇ ਮਨਾ ਅਉਧ ਘਟਤ ਹੈ ਨੀਤ* ਇਹ ਮਨ ਬੁਰੇ ਕੰਮ ਲਈ ਦੌੜਦਾ ਹੈ, ਚੰਗੇ ਕੰਮ ਵਾਲੇ ਪਾਸੇ ਇਸ ਨੂੰ ਬੜੀ ਮੁਸ਼ਕਲ ਨਾਲ ਲਗਾਉਣਾ ਪੈਂਦਾ ਹੈ। ਦਿਨੇ-ਰਾਤ ਵਿਸ਼ਿਆਂ ਜਾਂ ਪਦਾਰਥਾਂ ਦੀ ਖਾਤਰ ਭੱਜਾ ਫਿਰਦਾ ਹੈ। ਇਸ ਨੂੰ ਰੋਕਣਾ ਬਹੁਤ ਹੀ ਮੁਸ਼ਕਲ ਹੋ ਜਾਂਦਾ ਹੈ:

*ਮਾਈ ਮਨੁ ਮੇਰੋ ਬਸਿ ਨਾਹਿ॥*
*ਨਿਸ ਬਾਸੁਰ ਬਿਖਿਅਨ ਕਉ ਧਾਵਤ ਕਿਹਿ ਬਿਧਿ ਰੋਕਉ ਤਾਹਿ॥ (ਪੰਨਾ ੬੩੨)*

ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਵਿਚ ਮਨੁੱਖੀ ਮਨ ਦੀ ਦਸ਼ਾ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਬਿਆਨ ਕੀਤਾ ਹੈ। ਮਨ ਨੂੰ ਝਿੜਕ ਕੇ ਅਤੇ ਪਿਆਰ ਨਾਲ ਵੀ ਬੁਰਾਈਆਂ ਵੱਲੋਂ ਵਰਜਿਆ ਹੈ ਅਤੇ ਪਰਮਾਤਮਾ ਦਾ ਭਜਨ ਕਰਨ ਲਈ ਪ੍ਰੇਰਿਆ ਵੀ ਹੈ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਆਪਣੀ ਬਾਣੀ ਅੰਦਰ ਮਾਇਆ, ਗੁਰੂ, ਸਾਧ-ਸੰਗਤ, ਗਿਆਨ, ਸੁਖ ਦਾ ਸੰਕਲਪ, ਕਰਮ-ਕਾਂਡ, ਸੱਚੀ ਪ੍ਰੀਤ ਆਦਿ ਵਿਸ਼ਿਆਂ 'ਤੇ ਵੀ ਚਾਨਣਾ ਪਾ ਕੇ ਇਨ੍ਹਾਂ ਵਿਸ਼ਿਆਂ ਦੀ ਅਸਲੀਅਤ ਨੂੰ ਉਘਾੜਿਆ ਹੈ। ਗੁਰੂ ਸਾਹਿਬ ਜੀ ਦੀ ਬਾਣੀ ਨੂੰ ਪੂਰਨ ਤੌਰ 'ਤੇ ਬਿਆਨ ਕਰਨਾ ਅਸਮਰਥ ਹੈ। ਇਨ੍ਹਾਂ ਦੀ ਬਾਣੀ ਵਿਚ ਸਾਡੇ ਜੀਵਨ ਦੀਆਂ ਸਾਰੀਆਂ ਸਮੱਸਿਆਵਾਂ ਨੂੰ ਬੜੇ ਸੁਚੱਜੇ ਢੰਗ ਨਾਲ ਦਰਸਾਅ ਕੇ ਪਰਮਾਤਮਾ ਦਾ ਰਾਹ ਦੱਸਣ ਦੀ ਪ੍ਰੇਰਨਾ ਤੇ ਸਿੱਖਿਆ ਦਿੱਤੀ ਗਈ ਹੈ। ■

## ਕੱਥੂਨੰਗਲ ਵਿਖੇ ਅੰਮ੍ਰਿਤ-ਸੰਚਾਰ

ਭਾਈ ਇੰਦਰਜੀਤ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਜਨਮ-ਅਸਥਾਨ ਬਾਬਾ ਬੁੱਢਾ ਸਾਹਿਬ ਜੀ, ਕੱਥੂਨੰਗਲ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੧੭ ਜਨਵਰੀ, ੨੦੧੯ ਨੂੰ ਸਾਲਾਨਾ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਹੋਏ ਅੰਮ੍ਰਿਤ-ਸੰਚਾਰ ਵਿਚ ਕੁੱਲ ੩੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਮੌਕੇ ਜਥੇ. ਭਗਵੰਤ ਸਿੰਘ ਸਿਆਲਕਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਸ਼ੇਸ਼ ਤੌਰ 'ਤੇ ਪਹੁੰਚੇ।

*ਧਰਮ ਦਰਸ਼ਨ ਦੇ ਖੋਜਾਰਥੀਆਂ ਲਈ ਵਿਸ਼ੇਸ਼:*

# ਮਾਨਵੀਕਰਨ ਦੇ ਕਲਾਤਮਿਕ ਸੁਹਜ ਦਾ ਅਦੁੱਤੀ ਮਾਡਲ ਭਗਤ ਸ਼ੇਖ ਫਰੀਦ ਜੀ ਦੀ ਬਾਣੀ

*-ਪ੍ਰਿੰ. ਕ੍ਰਿਸ਼ਨ ਸਿੰਘ**

ਵਿਚਾਰਾਧੀਨ ਵਿਸ਼ੇ 'ਤੇ ਚਰਚਾ ਕਰਨ ਤੋਂ ਪਹਿਲਾਂ ਮਾਨਵੀਕਰਨ ਸ਼ਬਦ ਨੂੰ ਪਰਿਭਾਸ਼ਿਤ ਕਰਨਾ ਅਤਿ ਜ਼ਰੂਰੀ ਜਾਪਦਾ ਹੈ। ਮਾਨਵੀਕਰਨ (Personification) ਤੋਂ ਭਾਵ ਹੈ ਜਦੋਂ ਮਨੁੱਖੀ ਗੁਣਾਂ ਨੂੰ, ਕਿਸੇ ਜੀਵ/ਵਸਤ, ਸੱਭਿਆਚਾਰਕ ਪਛਾਣ ਚਿੰਨ੍ਹਾਂ ਜਾਂ ਦਿਸਦੇ-ਜਗਤ ਦੇ ਹੋਰ ਵਿਭਿੰਨ ਖੇਤਰਾਂ ਦੇ ਸਰਬ-ਸਾਂਝੇ ਗੁਣਾਂ ਅਥਵਾ ਲੱਛਣਾਂ ਦੇ ਆਧਾਰ 'ਤੇ ਇਉਂ ਪੇਸ਼ ਕੀਤਾ ਜਾਂਦਾ ਹੈ ਜਿਵੇਂ ਉਹ ਵੀ ਮਨੁੱਖੀ ਗੁਣਾਂ ਦੀ ਤਰ੍ਹਾਂ ਸਰਬ-ਗੁਣ ਸੰਪੰਨ ਹੋਣ। ਸਾਹਿਤਕ ਪਰਿਪੇਖ ਵਿਚ ਅਜਿਹੀ ਰਚਨਾਤਮਿਕ ਪ੍ਰਤਿਭਾ ਦੀ ਪ੍ਰਤੀਤੀ ਹੋਣੀ ਜਾਂ ਕਰਵਾਉਣੀ ਆਮ ਹਾਰੀ-ਸਾਰੀ ਦੇ ਵੱਸ ਦੀ ਗੱਲ ਨਹੀਂ ਹੁੰਦੀ। ਇਹ ਬੜੇ ਕਲਾਤਮਿਕ ਸੁਹਜ ਦੀ ਨਿਸ਼ਾਨੀ ਹੁੰਦੀ ਹੈ ਤੇ ਆਪਣੇ ਗਿਆਨ ਭੰਡਾਰ ਦੀ ਸੂਖਮ ਭਾਵੀ ਸਮਝ ਦਾ ਅਨੂਠਾ ਪ੍ਰਤਿਕਰਮ ਵੀ। ਧਰਮ-ਜਗਤ ਵਿਚ ਤਾਂ ਇਸ ਦਾ ਮਹੱਤਵ ਹੋਰ ਵੀ ਵੱਧ ਜਾਂਦਾ ਹੈ, ਕਿਉਂਕਿ ਆਤਮਾ ਤੇ ਪਰਮਾਤਮਾ ਨਾਲ ਸੰਬੰਧਿਤ ਅਦਿੱਖ ਵਿਚਾਰਾਂ ਦੀ, ਜਦੋਂ ਸੂਖ਼ਮ ਤੋਂ ਸਥੂਲ ਤਕ (ਇਸ ਦੀ) ਆਤਮਿਕ ਯਾਤਰਾ ਤੈਅ ਹੁੰਦੀ ਹੈ ਤਾਂ ਅਨੁਭਵੀ ਪਲਾਂ ਵਿਚ ਉਨ੍ਹਾਂ ਦੀ ਅਨੂਠੀ ਕਰਮਸ਼ੀਲਤਾ ਅਨੁਸਾਰ ਸੁਤੇ ਸਿੱਧ ਹੀ ਉਨ੍ਹਾਂ ਦਾ ਅਜਿਹਾ ਸਹਿਜਭਾਵੀ ਤੇ ਸੁਹਜਭਾਵੀ ਅਲੌਕਿਕ ਵਾਤਾਵਰਨ ਬਣ ਜਾਂਦਾ ਹੈ। ਮੂਲ ਰੂਪ ਵਿਚ ਭਾਵੇਂ ਅਜਿਹੇ ਪ੍ਰਗਟਾਵੇ ਲਈ ਕੋਈ ਵਿਗਿਆਨਕ ਫ਼ਾਰਮੂਲਾ ਨਿਰਧਾਰਿਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਭਾਵਨਾਤਮਕ ਪੱਧਰ 'ਤੇ ਹੋਣ ਵਾਲੀ ਇਹ ਮੌਲਿਕ ਤੇ ਕਾਲਪਨਿਕ ਸਾਹਿਤਕ-ਪ੍ਰਕ੍ਰਿਆ ਦੁਨਿਆਵੀ ਮਾਪਦੰਡਾਂ/ਪ੍ਰਤਿਮਾਨਾਂ ਦੀ ਗ੍ਰਿਫ਼ਤ ਵਿਚ ਨਹੀਂ ਆ ਸਕਦੀ। ਇਸ ਸੰਦਰਭ ਵਿਚ ਪ੍ਰੋ. ਪੂਰਨ ਸਿੰਘ ਦੇ ਕਾਵਿ-ਸਿਧਾਤਾਂ ਦਾ ਹਵਾਲਾ ਦੇਣਾ ਇੱਥੇ ਅਣਉੱਚਿਤ ਨਹੀਂ ਹੋਵੇਗਾ। ਨਰੋਈ ਕਾਵਿ ਪਰੰਪਰਾ ਦੀ ਪਿਰਤ ਵਜੋਂ ਉਸ ਦੀਆਂ ਇਨ੍ਹਾਂ ਕਾਵਿ-ਸਤਰਾਂ ਨੂੰ ਅੱਖੋਂ ਪਰੋਖੇ ਨਹੀਂ ਕੀਤਾ ਜਾ ਸਕਦਾ:

*ਅੱਖਰਾਂ ਦੇ ਅੱਖਰ ਮੇਰੇ, ਨਿੱਕੇ ਨਿੱਕੇ ਹੱਥਾਂ ਵਿਚੋਂ ਡਿਗ ਡਿਗ ਪੈਂਦੇ,*
*ਮੇਰੇ ਨਿੱਕੇ ਨਿੱਕੇ ਹੱਥ, ਦਾਤਾਂ ਵੱਡੀਆਂ, ਝਨਾਂ ਦੇ ਝਨਾਂ ਪਏ ਵਗਦੇ,*
*ਅਲਾਪ ਮੇਰਾ ਠੀਕ ਹੈ ਧੁਰ ਅੰਦਰ, ਪਰ ਦੂਰ ਦੂਰ ਦਿਸਦਾ ਵਾਂਗ ਅਸਮਾਨ ਦੇ,*
*("ਮੇਰਾ ਟੁੱਟਾ ਜਿਹਾ ਗੀਤ" ਪੁਸਤਕ 'ਖੁਲ੍ਹੇ ਮੈਦਾਨ' ਵਿੱਚੋਂ)*

ਇਹ ਵੀ ਸੱਚ ਹੈ ਕਿ ਭਾਰਤੀ ਕਾਵਿ ਸ਼ਾਸਤਰ ਦੇ ਸਤਿਅਮ, ਸ਼ਿਵਮ ਤੇ

**#੨੬੪-ਸੀ, ਰਾਜਗੁਰੂ ਨਗਰ,ਲੁਧਿਆਣਾ-੧; ਮੋ: +੯੧੯੪੬੩੯-੮੯੬੩੯*

ਸੁੰਦਰਮ ਦੀ ਤਿਕੜੀ ਦੇ ਕਾਵਿ-ਧਰਮ ਨੂੰ ਵੀ ਕਵੀ ਆਪਣੇ ਧੁਰ ਅੰਦਰੋਂ ਨਿਭਾਉਣ ਲਈ ਯਤਨਸ਼ੀਲ ਹੁੰਦਾ ਹੈ, ਕਿਉਂਕਿ ਉਸ ਦਾ ਇਕ ਕਾਵਿ-ਪ੍ਰਯੋਜਨ ਹੁੰਦਾ ਹੈ, ਉਸ ਦੀ ਪੂਰਤੀ ਹਿੱਤ ਉਹ ਸਥਾਨਕ ਸੱਭਿਆਚਾਰਕ ਪ੍ਰਬੰਧ ਨੂੰ ਆਪਣੀ ਆਧਾਰਸ਼ਿਲ੍ਹਾ ਮਿੱਥ ਕੇ ਆਪਣੇ ਸੰਵੇਦਨਸ਼ੀਲ ਤੇ ਅਨੁਭੂਤੀਪਰਕ ਵਿਚਾਰਾਂ ਨੂੰ ਆਪਣੇ ਪਾਠਕਾਂ ਨਾਲ ਸਾਂਝਿਆਂ ਕਰਦਾ ਹੈ। ਤਤਕਾਲੀਨ ਪ੍ਰਸਥਿਤੀਆਂ ਕਿਹੋ ਜਿਹੀਆਂ ਹਨ? ਉਨ੍ਹਾਂ ਦਾ ਪ੍ਰਤੀਕਰਮ ਕਵੀ ਕਿਸ ਰੂਪ ਵਿਚ ਗ੍ਰਹਿਣ ਕਰਦਾ ਹੈ ਤੇ ਆਪਣੇ ਵਿਅਕਤੀਗਤ ਦ੍ਰਿਸ਼ਟੀਕੋਣ ਅਨੁਸਾਰ ਉਨ੍ਹਾਂ ਨੂੰ ਕਿਵੇਂ ਤੇ ਕਿਹੜੀਆਂ ਸੰਚਾਰ-ਜੁਗਤਾਂ ਦੇ ਮਾਧਿਅਮ ਨਾਲ ਅਭਿਵਿਅਕਤ ਕਰਦਾ ਹੈ? ਇਹ ਕੁਝ ਅਹਿਮ ਪਹਿਲੂ ਹਨ ਜੋ ਕਿਸੇ ਵੀ ਰਚਨਾ ਨੂੰ ਸਮਝਣ ਤੇ ਉਸ ਵਿਚ ਪੇਸ਼ ਹੋਈ ਮਾਨਵੀ ਚੇਤਨਾ ਦਾ ਸਹੀ ਪ੍ਰਸੰਗ ਵਿਚ ਅਹਿਸਾਸ ਕਰਾਉਂਦੇ ਹਨ। ਉਨ੍ਹਾਂ ਦੀ ਮੂਲ ਆਧਾਰਸ਼ਿਲ੍ਹਾ ਭਾਵੇਂ ਲੌਕਿਕ ਹੋਵੇ ਜਾਂ ਅਲੌਕਿਕ ਵਿਚਾਰ ਤਾਂ ਉਨ੍ਹਾਂ ਦੇ ਮਾਨਵ-ਪੱਖੀ ਬਿਰਤੀ ਦੇ ਸਮਰਥਕ ਹੋਣ ਜਾਂ ਨਾ ਹੋਣ ਦੀ ਹੈ ਜਿਸ ਦੇ ਸਿੱਟੇ ਵਜੋਂ ਰਚਨਾ ਦਾ ਸਹੀ ਸਾਹਿਤਕ ਮੁੱਲ ਆਂਕਿਆ ਜਾ ਸਕਦਾ ਹੈ।

ਵਿਚਾਰਾਧੀਨ ਵਿਸ਼ੇ 'ਤੇ ਕੇਂਦ੍ਰਿਤ ਹੁੰਦਿਆਂ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿਚ ਪੇਸ਼ ਹੋਏ ਮਾਨਵੀਕਰਨ ਨੂੰ ਕਈ ਰੂਪਾਂ ਵਿਚ ਦੇਖਿਆ ਜਾ ਸਕਦਾ ਹੈ। ਮੂਲ ਰੂਪ ਵਿਚ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦਾ ਕੇਂਦਰ-ਬਿੰਦੂ ਅਲਹ/ਖ਼ੁਦਾ ਹੈ। ਜੀਵਾਤਮਾ ਵੱਲੋਂ ਆਪਣੇ ਪ੍ਰਭੂ-ਪਰਮਾਤਮਾ ਨਾਲ ਇਕਸੁਰਤਾ ਹਾਸਲ ਕਰਨਾ ਉਸ ਦਾ ਅਸਲ ਜੀਵਨ ਪ੍ਰਯੋਜਨ ਹੈ। ਭਗਤ ਸ਼ੇਖ ਫਰੀਦ ਜੀ ਨੇ ਇਨ੍ਹਾਂ ਦੋਹਾਂ ਦੇ ਅੰਤਰਮੁਖੀ ਸੰਬੰਧਾਂ ਭਾਵ ਆਤਮਾ ਤੇ ਪਰਮਾਤਮਾ ਦੇ ਵਸਲ-ਵਿਛੋੜੇ ਨੂੰ ਸੁਹਾਗਣ-ਦੁਹਾਗਣ ਦੇ ਸਥੂਲ ਚਿੰਨ੍ਹਾਂ/ਸਮਾਜਿਕ ਰਿਸ਼ਤਿਆਂ ਦੇ ਪਰਿਪੇਖ ਵਿਚ ਬੜੇ ਕਲਾਤਮਿਕ ਸੁਹਜ ਨਾਲ ਮੂਰਤੀਮਾਨ ਕੀਤਾ ਹੈ। ਵੱਖ-ਵੱਖ ਪ੍ਰਸਥਿਤੀਆਂ ਅਨੁਸਾਰ ਇਨ੍ਹਾਂ ਦਾ ਕੀ ਪ੍ਰਤੀਕਰਮ ਹੁੰਦਾ ਹੈ? ਉਨ੍ਹਾਂ ਸੰਬੰਧਾਂ ਦੀ ਪੇਸ਼ਕਾਰੀ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਵਿਚ ਬੜੇ ਸਹਿਜ ਸੁਭਾਵਿਕ ਰੂਪ ਵਿਚ ਅਭਿਵਿਅਕਤ ਹੋਈ ਹੈ। ਦੁਨਿਆਵੀ ਰਿਸ਼ਤਿਆਂ ਨੂੰ ਰੂਹਾਨੀਅਤ ਦੀ ਅਜਿਹੀ ਰੰਗਤ ਦੇ ਕੇ ਧਰਮ ਦਾ ਸਮਾਜੀਕਰਨ ਕਰਨਾ ਅਥਵਾ ਮਾਨਵੀਕਰਨ ਕਰਨਾ ਅਤੇ ਸਮਾਜ-ਵਿਧਾਨ ਦੇ ਅੰਤਰਗਤ ਰਹਿ ਕੇ ਸਹੀ ਨਿਰਣੈ ਲੈਣਾ ਉਨ੍ਹਾਂ ਦੇ ਬਾਣੀ-ਸਿਧਾਂਤਾਂ ਦੀ ਬੜੀ ਨਿਵੇਕਲੀ ਤੇ ਆਮ ਲੋਕਾਂ ਤਕ ਰਸਾਈ ਕਰਨ ਦੀ ਕ੍ਰਾਂਤੀਕਾਰੀ ਬਾਣੀ-ਜੁਗਤ ਹੈ, ਕਿਉਂਕਿ ਇੱਥੇ ਦਰਪੇਸ਼ ਬਾਣੀ-ਸਿਧਾਂਤ ਕੇਵਲ ਸਮਾਧੀ ਦੀ ਅਵਸਥਾ ਤਕ ਜਾਂ ਧਰਮ-ਕੇਂਦ੍ਰਿਤ ਹੋ ਕੇ ਨਹੀਂ ਰਹਿ ਜਾਂਦਾ, ਉਹ ਪਰਵਾਰਿਕ ਤੇ ਸਮਾਜਿਕ ਰਿਸ਼ਤਿਆਂ ਦੀ ਪਛਾਣ ਵੀ ਉਸੇ ਅਨੁਪਾਤ ਵਿਚ ਕਰਵਾਉਂਦਾ ਹੈ। ਸਹਿਜ ਸੁਭਾਵਿਕ ਰੂਪ ਵਿਚ ਹੋਈ ਇਹ ਦੁਵੱਲੀ ਪ੍ਰਕ੍ਰਿਆ ਧਰਮ ਦੇ ਖੇਤਰ ਨੂੰ ਹੋਰ ਵੀ ਵਿਸ਼ਾਲ ਅਰਥ ਪ੍ਰਦਾਨ ਕਰਦੀ ਹੈ। ਜੀਵਾਤਮਾ - ਕੰਤ, ਸੁਹਾਗਣ-ਦੁਹਾਗਣ ਆਦਿ ਸ਼ਬਦ ਜਿਸ ਰੂਪ ਵਿਚ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦੇ ਕੇਂਦਰ ਬਿੰਦੂ ਬਣੇ ਹਨ, ਉਹ ਕਰਮਸ਼ੀਲਤਾ ਪੱਖੋਂ ਵੀ ਅਤੇ ਆਪਣੇ ਅਭਿਆਸੀ ਰੂਪ ਵਿਚ ਵੀ ਵਿਚਾਰਨਯੋਗ ਹਨ। ਕੋਈ ਵੀ ਸੁਚੇਤ ਪਾਠਕ ਪ੍ਰਸਥਿਤੀਆਂ ਦੀ ਪਕੜ ਅਨੁਸਾਰ

ਉਨ੍ਹਾਂ ਦੇ ਸਾਕਾਰਾਤਮਕ ਤੇ ਨਕਾਰਾਤਮਕ ਪ੍ਰਤੀਕਰਮ ਤੋਂ ਅਣਛੋਹਿਆ ਨਹੀਂ ਰਹਿ ਸਕਦਾ। ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦੀਆਂ ਇਹ ਤੁਕਾਂ ਜੋ ਵਿਛੋੜੇ ਦੇ ਪ੍ਰਤਿਕਰਮ ਵਜੋਂ ਉਪਜੇ ਮਾਨਸਿਕ ਤਣਾਓ ਨੂੰ ਬੜੇ ਸਹਿਜਭਾਵੀ ਰੂਪ ਵਿਚ ਪੇਸ਼ ਕਰਦੀਆਂ ਹਨ, ਉਨ੍ਹਾਂ ਦਾ ਹਵਾਲਾ ਦੇਣਾ ਇੱਥੇ ਵਧੇਰੇ ਵਾਜਬ ਹੋਵੇਗਾ:

*-ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ॥*
*ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ॥* *(ਪੰਨਾ ੧੩੭੯)*
*-ਤਤੀ ਤੋਇ ਨ ਪਲਵੈ ਜੇ ਜਲਿ ਟੁਭੀ ਦੇਇ॥*
*ਫਰੀਦਾ ਜੋ ਡੋਹਾਗਣਿ ਰਬ ਦੀ ਝੂਰੇਦੀ ਝੂਰੇਇ॥* *(ਪੰਨਾ ੧੩੮੧)*
*-ਢੂਢੇਦੀਏ ਸੁਹਾਗ ਕੂ ਤਉ ਤਨਿ ਕਾਈ ਕੋਰ॥*
*ਜਿਨ੍ਹਾ ਨਾਉ ਸੁਹਾਗਣੀ ਤਿਨ੍ਹਾ ਝਾਕ ਨ ਹੋਰ॥* *(ਪੰਨਾ ੧੩੮੪)*

ਜੀਵਾਤਮਾ ਤੇ ਪਰਮਾਤਮਾ ਦੇ ਪਰਸਪਰ ਸੰਬੰਧਾਂ ਦੀ ਇਸੇ ਲੜੀ ਵਿਚ ਭਗਤ ਸ਼ੇਖ ਫਰੀਦ ਜੀ ਨੇ ਪ੍ਰਕ੍ਰਿਤੀ ਦੇ ਹਰਮਨ-ਪਿਆਰੇ ਪੰਛੀ 'ਕੋਇਲ' ਦੀ ਕੂ-ਕੂ ਦੀ ਅਵਾਜ਼ ਨੂੰ ਪਹਿਲ ਦੇਣ ਦੀ ਬਜਾਇ, ਪ੍ਰਭੂ ਨਾਲੋਂ ਵਿਛੜੀ ਜੀਵਾਤਮਾ ਵਜੋਂ ਉਸ ਦੇ ਬਾਹਰੀ ਸਰੂਪ/ਪ੍ਰਭਾਵ ਨੂੰ ਪਹਿਲ ਦੇ ਕੇ ਅਸਲੋਂ ਹੀ ਨਵੀਨ ਅਰਥਾਂ ਵਿਚ ਉਸ ਦੀ ਤਸਵੀਰਕਸ਼ੀ ਕੀਤੀ ਹੈ। ਅਜੋਕੀ ਭਾਸ਼ਾ ਵਿਚ ਕਹਿਣਾ ਹੋਵੇ ਤਾਂ ਪ੍ਰਚਲਿਤ ਧਾਰਨਾ/ਪਰੰਪਰਾ ਦਾ ਇਸ ਕਦਰ ਖੁਲਾਸਾ ਕਰਨਾ, ਸਮਝੋ - ਪੰਜਾਬੀ ਸੱਭਿਆਚਾਰ ਵਿਚ ਉੱਤਰ-ਆਧੁਨਿਕਤਾ ਦੇ ਪਰਿਪੇਖ ਵਜੋਂ, ਇਸ ਨੂੰ ਇਕ ਮੁੱਢਲਾ ਉਪਰਾਲਾ ਕਿਹਾ ਜਾ ਸਕਦਾ ਹੈ, ਕਿਉਂਕਿ ਮੱਧਕਾਲੀ ਚਿੰਤਨ ਤੇ ਆਧੁਨਿਕ ਸਾਹਿਤ ਦੇ ਸਿਧਾਂਤਕ ਨਿਖੇੜ ਅਨੁਸਾਰ ਅਜਿਹੀ ਸੰਚਾਰ-ਵਿੱਥ ਸਾਡੇ ਸੱਭਿਆਚਾਰਕ ਪ੍ਰਬੰਧ ਅਨੁਸਾਰ ਸਾਨੂੰ ਸੋਚਣ ਲਈ ਮਜ਼ਬੂਰ ਕਰਦੀ ਹੈ। ਕਾਰਨ ਸਪਸ਼ਟ ਹੈ ਅਸੀਂ ਕੋਇਲ ਦੇ ਬਾਹਰੀ ਸਰੂਪ ਨੂੰ ਵਾਹ ਲੱਗਦੇ ਘੱਟ ਪਹਿਲ ਦਿੰਦੇ ਹਾਂ, ਪਰੰਤੂ ਉਸ ਦੀ ਅਵਾਜ਼ ਨੂੰ ਹੀ ਪ੍ਰਧਾਨ ਰੂਪ ਵਿਚ ਮੰਨ ਕੇ ਅਤੇ ਕੰਨ-ਰਸੀਏ ਬਣ ਕੇ ਉਸ ਨੂੰ ਮਾਣਨ ਦੇ ਆਹਰ ਵਿਚ ਵਧੇਰੇ ਰੁਚਿਤ ਹੁੰਦੇ ਹਾਂ। ਮੇਰੀ ਜਾਚੇ ਮਾਨਵੀਕਰਨ ਦੀ ਇਹ ਇੱਕ ਅਦੁੱਤੀ ਮਿਸਾਲ ਹੈ, ਪ੍ਰਸ਼ਨੋਤਰੀ ਸ਼ੈਲੀ ਨੇ ਇਸ ਵਿਚ ਹੋਰ ਵੀ ਰੰਗ ਬੰਨ੍ਹ ਦਿੱਤਾ ਹੈ:

*ਕਾਲੀ ਕੋਇਲ ਤੂ ਕਿਤ ਗੁਨ ਕਾਲੀ॥*
*ਅਪਨੇ ਪ੍ਰੀਤਮ ਕੇ ਹਉ ਬਿਰਹੈ ਜਾਲੀ॥*
*ਪਿਰਹਿ ਬਿਹੂਨ ਕਤਹਿ ਸੁਖੁ ਪਾਏ॥*
*ਜਾ ਹੋਇ ਕ੍ਰਿਪਾਲ ਤਾ ਪ੍ਰਭੂ ਮਿਲਾਏ॥* *(ਪੰਨਾ ੭੯੪)*

ਵਿਛੋੜੇ ਦੀ ਇਸ ਕਸਕ ਨੂੰ ਭਗਤ ਸ਼ੇਖ ਫਰੀਦ ਜੀ ਨੇ ਇੱਕ ਹੋਰ ਸਲੋਕ ਵਿਚ ਵੀ ਇਸ ਕਦਰ ਪੇਸ਼ ਕੀਤਾ ਹੈ ਜੋ ਅੰਤਰਮੁਖੀ ਰੂਪ ਵਿਚ ਵਿਅਸ਼ਟੀ ਤੋਂ ਸਮੱਸ਼ਟੀ ਅਥਵਾ ਨਿੱਜ ਤੋਂ ਸਮੂਹ ਤਕ ਦਾ ਸਫ਼ਰ ਤੈਅ ਕਰਦਾ ਹੋਇਆ ਵੈਰਾਗਮਈ ਧੁਨਾਂ/ਤਰੰਗਾਂ ਦਾ ਡੂੰਘਾ ਅਹਿਸਾਸ ਕਰਵਾਉਂਦਾ ਹੈ। ਸ਼ਾਇਦ ਹੀ ਕੋਈ ਪੰਜਾਬੀ ਪਾਠਕ ਹੋਵੇ ਜਿਸ ਨੇ ਇਸ ਸਲੋਕ ਨੂੰ ਗਾਇਆ ਜਾਂ ਸੁਣਿਆ ਨਾ ਹੋਵੇ, ਅੱਜ ਵੀ ਇਹ ਸਲੋਕ

ਆਪਣੀ ਆਭਾ ਨਾਲ ਪੰਜਾਬੀ ਪਿਆਰਿਆਂ ਦੇ ਦਿਲਾਂ 'ਤੇ ਰਾਜ ਕਰਦਾ ਹੈ। ਦੁਖ ਦੀ ਸੁਰ ਦੁਨਿਆਵੀ ਹੋਵੇ ਜਾਂ ਰੂਹਾਨੀ ਜਗਤ ਦੇ ਬਿਰਹੋਂ ਦੀ, ਜਦੋਂ ਵੀ ਇਸ ਸਲੋਕ ਦਾ ਨਿੱਠ ਕੇ ਅਧਿਐਨ ਕੀਤਾ ਜਾਂਦਾ ਹੈ ਤਾਂ ਸਮਝੋ ਅਲੌਕਿਕ ਸ਼ਕਤੀ ਪਰਮਾਤਮਾ ਅੱਗੇ ਸੁਤੇ-ਸਿੱਧ ਹੀ ਆਤਮ ਸਮਰਪਣ ਹੋ ਜਾਂਦਾ ਹੈ, ਧੁਰ ਅੰਦਰੋਂ ਅਰਜ਼ੋਈ ਹੋਣੀ ਸ਼ੁਰੂ ਹੋ ਜਾਂਦੀ ਹੈ, ਮਾਨੋ ਪ੍ਰਭੂ ਪਿਆਰੇ ਨਾਲ ਅੰਦਰੋਂ ਤਾਰਾਂ ਜੁੜ ਜਾਂਦੀਆਂ ਹਨ। ਅਜਿਹੀ ਉਚੇਰੀ ਆਤਮਿਕ ਅਵਸਥਾ ਮਨੁੱਖੀ ਜੀਵਨ ਦੇ ਵੱਡੇ ਤੋਂ ਵੱਡੇ ਸੰਕਟਾਂ ਤੋਂ ਨਵਿਰਤ ਕਰਨ ਦਾ ਵਿਸ਼ੇਸ਼ ਮਾਧਿਅਮ ਬਣ ਜਾਂਦੀ ਹੈ - ਇੱਕ ਅਲੌਕਿਕ ਕ੍ਰਿਸ਼ਮਾ ਬਣ ਜਾਂਦਾ ਹੈ। ਸਪੱਸ਼ਟ ਹੈ, ਭਗਤ ਸ਼ੇਖ ਫਰੀਦ ਜੀ ਦਾ ਵੀ ਮੂਲ ਭਾਵ ਹੈ, ਮੇਰਾ ਜੀਵਨ ਰੂਪੀ ਖਟੋਲਾ ਚਿੰਤਾਵਾਂ ਨਾਲ ਨੱਕੋ-ਨੱਕ ਭਰਿਆ ਪਿਆ ਹੈ। ਇਸ ਦਾ ਵਾਣ ਵੀ ਆਸਰਾ ਦੇਣ ਦੀ ਬਜਾਇ ਦੁੱਖਾਂ ਭਰਪੂਰ ਹੈ। ਤਲਾਈ ਦੇ ਸੁਖਾਂ ਦੀ ਬਜਾਇ ਬਿਰਹੋ ਦਾ ਹੋਰ ਵੀ ਵੱਡਾ ਦੁਖ ਅੰਦਰੋਂ ਅੰਦਰੀਂ ਵੱਢ-ਵੱਢ ਖਾ ਰਿਹਾ ਹੈ। ਇਹ ਮੈਂ ਕਿਹੋ ਜਿਹੀ ਜ਼ਿੰਦਗੀ ਜੀਅ ਰਿਹਾ ਹਾਂ, ਮੇਰੇ ਸੱਚੇ ਸਾਹਿਬ ਤੂੰ ਇੱਕ ਵਾਰ ਮੇਰੇ 'ਤੇ ਝਾਤੀ ਮਾਰ ਕੇ ਤਾਂ ਦੇਖ। ਭਗਤ ਸ਼ੇਖ ਫਰੀਦ ਜੀ ਬਾਣੀ ਵਿਚ ਹੋਇਆ ਅਜਿਹਾ ਮਾਨਵੀਕਰਨ ਪਾਠਕਾਂ/ ਸਰੋਤਿਆਂ ਨੂੰ ਧੁਰ ਅੰਦਰੋਂ ਹਲੂਣਦਾ ਹੈ ਤੇ ਸਿੱਟੇ ਵਜੋਂ ਉਨ੍ਹਾਂ ਦੇ ਅੰਦਰੋਂ ਵੈਰਾਗੀ-ਮੁਹੱਬਤੀ ਚਸ਼ਮੇ ਵੀ ਮੱਲੋ ਮੱਲੀ ਫੁਟ ਤੁਰਦੇ ਹਨ। ਆਪਣੇ ਮੂਲ ਤੋਂ ਟੁੱਟੀ ਵਿਛੜੀ ਜੀਵਾਤਮਾ ਨੂੰ ਜ਼ਿੰਦਗੀ ਦੇ ਸੁੱਖ ਮਾਣਨਾ ਅਥਵਾ ਸੌਣਾ ਦਰਕਾਰ ਨਹੀਂ, ਕਿਉਂਕਿ ਜ਼ਿੰਦਗੀ ਦੇ ਅਸਲ ਮਕਸਦ ਦੀ ਪੂਰਤੀ ਨਹੀਂ ਹੋ ਰਹੀ। ਉਨ੍ਹਾਂ ਦੇ ਕੁਝ ਹੋਰ ਵੀ ਸਲੋਕ ਹਨ ਜੋ ਵਿਅਕਤੀਗਤ ਪਰਿਪੇਖ ਵਿਚ ਉਨ੍ਹਾਂ ਦੇ ਨਿੱਜੀ ਜੀਵਨ ਨਾਲ ਜੁੜ ਕੇ ਜੀਵਨ-ਬਿਰਤਾਂਤ ਸਿਰਜਣ ਦੀ ਸਮਰੱਥਾ ਵੀ ਰੱਖਦੇ ਹਨ ਪਰੰਤੂ ਇਹ ਵਿਚਾਰਾਧੀਨ ਸਲੋਕ ਬਹੁ-ਦਿਸ਼ਾਵੀ ਤੇ ਬਹੁ-ਪਰਤੀ ਅਰਥਾਂ ਤੇ ਕੇਂਦ੍ਰਿਤ ਹੋ ਕੇ ਵੀ ਆਪਣੇ ਰੱਬ ਕੇਂਦ੍ਰਿਤ ਹੋਣ ਦੀ ਆਸਥਾ ਨੂੰ ਨਿਰੰਤਰ ਕਾਇਮ ਰੱਖਦਾ ਹੈ। ਇਹੋ ਕਾਰਨ ਹੈ ਇਸ ਦੀ ਮਕਬੂਲੀਅਤ ਕੇਵਲ ਰੱਬੀ-ਪ੍ਰੇਮੀਆਂ ਅਥਵਾ ਇਸ਼ਕ ਹਕੀਕੀ ਤਕ ਸੀਮਤ ਨਹੀਂ, ਸਗੋਂ ਪੰਜਾਬੀ ਦੀ ਮੱਸ ਰੱਖਣ ਵਾਲੇ ਹਰ ਪੰਜਾਬੀ ਪ੍ਰੇਮੀ ਦੇ ਦਿਲਾਂ ਅੰਦਰ ਘਰ ਕਰ ਚੁੱਕੀ ਹੈ। ਭਗਤ ਸ਼ੇਖ ਫਰੀਦ ਜੀ ਦੇ ਬਚਨ ਹਨ:

*ਫਰੀਦਾ ਚਿੰਤ ਖਟੋਲਾ ਵਾਣੁ ਦੁਖੁ ਬਿਰਹਿ ਵਿਛਾਵਣ ਲੇਫੁ॥*
*ਏਹੁ ਹਮਾਰਾ ਜੀਵਣਾ ਤੂ ਸਾਹਿਬ ਸਚੇ ਵੇਖੁ॥* *(ਪੰਨਾ ੧੩੭੯)*

ਇਸੇ ਤਰ੍ਹਾਂ ਪ੍ਰਭੂ ਵਿਛੋੜੇ ਦੇ ਅਜਿਹੇ ਪ੍ਰਤੀਕਰਮ ਵਜੋਂ ਆਪਣੀ ਜੀਵਨ-ਦੁਰਲੱਭਤਾ ਤੇ ਜੀਵਨ ਪ੍ਰਯੋਜਨ 'ਤੇ ਕੇਂਦ੍ਰਿਤ ਹੁੰਦਿਆਂ ਭਗਤ ਸ਼ੇਖ ਫਰੀਦ ਜੀ ਨੇ ਬੇਸ਼ਕੀਮਤੀ ਕਿਰਸਾਨੀ ਫ਼ਸਲ ਤਿਲਾਂ ਦੇ ਦੁਨਿਆਵੀ ਮਹੱਤਵ ਨੂੰ ਵੀ ਬਹੁਤ ਨੇੜਿਓਂ ਹੋ ਕੇ ਪਛਾਣਿਆ ਹੈ, ਕਿਉਂਕਿ ਤਿਲਾਂ ਤੇ ਉਨ੍ਹਾਂ ਤੋਂ ਬਣਨ ਵਾਲੇ ਵਡਮੁੱਲੇ ਪਦਾਰਥਾਂ ਦੀ ਮਨੁੱਖੀ ਜੀਵਨ ਵਿਚ ਬੜੀ ਵੱਡੀ ਸਾਰਥਕਤਾ ਹੈ। ਇਸ ਲਈ ਇੱਥੇ ਤਿਲ ਕੇਵਲ ਆਮ ਦੁਨਿਆਵੀ ਵਸਤਾਂ/ਚੀਜ਼ਾਂ ਦੀ ਤਰ੍ਹਾਂ ਕੇਵਲ ਤਿਲਾਂ ਦਾ ਅਹਿਸਾਸ ਨਹੀਂ ਕਰਵਾਉਂਦੇ, ਸਗੋਂ ਮਨੁੱਖੀ ਜੀਵਨ ਵਿਚ ਲਏ ਜਾਂਦੇ ਕੀਮਤੀ ਸਾਹਾਂ/ਸੁਆਸਾਂ ਦੀ

ਸੰਜੀਦਗੀ ਵਾਲੀ ਯਾਦ ਦਿਵਾਉਂਦੇ ਹਨ। ਤਿਲਾਂ ਦਾ ਅਜੋਕਾ ਸੱਭਿਆਚਾਰਕ ਸੰਦਰਭ ਵੀ ਬੜਾ ਅਰਥ-ਭਰਪੂਰ ਹੈ। ਪੰਜਾਬੀ ਸੱਭਿਆਚਾਰ ਦੇ ਲੋਕ ਵਿਸ਼ਵਾਸਾਂ ਨਾਲ ਜੁੜੇ ਬਹੁਤ ਸਾਰੇ ਰਸਮੋ-ਰਿਵਾਜ ਵੀ ਤਿਲਾਂ ਨੂੰ ਚੰਗੇਰੇ ਸ਼ਗਨਾਂ ਦਾ ਹਿੱਸਾ ਮੰਨਦੇ ਹਨ। ਇਸ ਲਈ ਤਿਲਾਂ ਦੀ ਪਦਾਰਥਵਾਦੀ ਸੋਚ ਦਾ ਹੀ ਪ੍ਰਤੀਕਰਮ ਨਹੀਂ, ਸਗੋਂ ਇਨ੍ਹਾਂ ਨਾਲ ਸੱਭਿਆਚਾਰਕ ਨਾਤਾ ਹੋਣ ਕਰਕੇ ਇਨ੍ਹਾਂ ਦੀ ਮਕਬੂਲੀਅਤ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦੇ ਇਸ ਰੂਹਾਨੀ ਪ੍ਰਸੰਗਿਕ ਸੱਚ ਨੂੰ ਹੋਰ ਵੀ ਵਿਸ਼ਾਲ ਅਰਥ ਪ੍ਰਦਾਨ ਕਰ ਦਿੰਦੀ ਹੈ। ਕਿਰਸਾਨੀ ਫ਼ਸਲ ਤਿਲਾਂ ਦਾ ਹੋਇਆ ਇਹ ਮਾਨਵੀਕਰਨ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦੇ ਕੇਂਦਰੀ ਧੁਰੇ ਦੀ ਪ੍ਰਤੀਤੀ ਕਰਵਾਉਂਦਾ ਹੈ ਅਤੇ ਇਹ ਪ੍ਰਕਿਰਤੀ ਦੇ ਮਹੱਤਵ ਵਾਲਾ ਸੁਹਾਵਣਾ ਮਾਹੌਲ ਵੀ ਸਿਰਜਦਾ ਹੈ। ਰੱਬੀ ਪਿਆਰ ਨਾਲ ਜੋੜਨ ਤੇ ਜੀਵਨ ਦਾ ਸਹੀ ਮੁੱਲ ਪਾਉਣ ਦਾ ਅਜਿਹਾ ਪ੍ਰੇਰਨਾ-ਸ੍ਰੋਤ ਜੋ ਆਮ ਲੋਕਾਂ ਦੀ ਭਾਸ਼ਾ ਤੇ ਉਨ੍ਹਾਂ ਦੇ ਵਿਵਹਾਰਿਕ ਪੱਖ 'ਤੇ ਕੇਂਦ੍ਰਿਤ ਹੈ, ਬੜਾ ਸਲਾਹੁਣਯੋਗ ਹੈ। ਸਪਸ਼ਟ ਹੈ:

*ਫਰੀਦਾ ਜੇ ਜਾਣਾ ਤਿਲ ਥੋੜੜੇ ਸੰਮਲਿ ਬੁਕੁ ਭਰੀ॥*
*ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀ॥* *(ਪੰਨਾ ੧੩੭੮)*

ਭਗਤ ਸ਼ੇਖ ਫਰੀਦ ਜੀ ਨੇ 'ਤਿਲ ਥੋੜੜੇ' ਦਾ ਸੰਕੇਤ ਕਰਦਿਆਂ ਅਤੇ 'ਕੇਤੇ ਬੈਸਿ ਗਇਆ' ਦੇ ਸਿਧਾਂਤ ਅਨੁਸਾਰ ਦਿਸਦੇ ਜਗਤ ਦੀ ਨਾਸ਼ਵਾਨਤਾ ਦਾ ਅਹਿਸਾਸ ਕਰਾਉਂਦਿਆਂ ਹੋਇਆਂ ਮਨੁੱਖੀ ਜੀਵਨ ਨੂੰ 'ਪੰਖ ਪਰਾਹੁਣੀ' ਤੇ 'ਦੁਨੀ ਸੁਹਾਵਾ ਬਾਗ' ਕਹਿ ਕੇ ਸਾਮਾਨਾਂਤਰ ਰੂਪ ਵਿਚ ਇਸ ਦੀ ਅਟੱਲ ਸਚਾਈ ਵਾਲਾ ਪ੍ਰਤੀਕਰਮ ਵੀ ਮੂਰਤੀਮਾਨ ਕੀਤਾ ਹੈ। 'ਸਾਹੇ ਲਏ ਲਿਖਾਇ' ਦਾ ਇਹ ਸੰਦੇਸ਼ ਪਦਾਰਥਵਾਦੀ ਸੋਚ ਦੇ ਬੇਲੋੜੇ ਪ੍ਰਭਾਵ ਨੂੰ ਵੀ ਨਕਾਰਦਾ ਹੈ ਤੇ ਜੀਵਨ ਦੇ ਅਸਲ ਮਾਰਗ ਦੇ ਪਾਂਧੀ ਬਣਨ ਲਈ ਵੀ ਪ੍ਰੇਰਿਤ ਕਰਦਾ ਹੈ। ਪ੍ਰਕਿਰਤੀ ਦੀ ਸਹਿਜ ਸੁਭਾਵਿਕ ਪ੍ਰਕ੍ਰਿਆ ਅਤੇ ਪੰਛੀਆਂ ਦੀ ਪ੍ਰਕਿਰਤਕ ਪ੍ਰਵਿਰਤੀ ਦਾ ਹੋਇਆ ਇਹ ਮਾਨਵੀਕਰਨ ਮਨੁੱਖੀ ਬਿਬੇਕ ਨੂੰ ਹੋਰ ਵੀ ਪ੍ਰਚੰਡ ਕਰਦਾ ਹੈ, ਕਿਉਂਕਿ ਪ੍ਰਭੂ ਸਾਜੀ ਕਾਇਨਾਤ ਜੋ 'ਪਵਣੁ ਗੁਰੂ ਪਾਣੀ ਪਿਤਾ' ਦਾ ਸਬਕ ਸਿਖਾਉਂਦੀ ਹੈ ਉਸ ਦੇ ਅੰਤਰਗਤ ਜੀਵ ਉਸ ਦਾ ਅਟੁੱਟ ਅੰਗ ਬਣ ਕੇ ਉਸ ਨੂੰ ਪਿਆਰਨ ਸਤਿਕਾਰਨ ਦੀ ਬਿਰਤੀ ਬਣਾਏਗਾ ਤਾਂ 'ਬੁਰੇ ਦਾ ਭਲਾ' ਕਰਨ ਤਹਿਤ ਹਜ਼ਾਰਾਂ ਹੀ ਦੁਖਾਂ ਤੋਂ ਉਸ ਨੂੰ ਨਿਜਾਤ ਮਿਲ ਜਾਏਗੀ। ਇਸ ਤੋਂ ਇਲਾਵਾ ਭਗਤ ਸ਼ੇਖ ਫਰੀਦ ਸਾਹਿਬ ਵੱਲੋਂ ਉਚਾਰਨ ਕੀਤੇ ਹੋਰ ਵੀ ਸਲੋਕ ਹਨ ਜੋ ਉਨ੍ਹਾਂ ਦਾ ਪ੍ਰਕਿਰਤੀ ਪ੍ਰਤਿ ਮੋਹ ਦਾ ਪ੍ਰਗਟਾਵਾ ਵੀ ਕਰਦੇ ਹਨ ਤੇ ਉਸ ਦੇ ਮਾਧਿਅਮ ਨਾਲ ਵਿਸ਼ੇਸ਼ ਸੰਦੇਸ਼ ਵਾਹਕ ਵੀ ਬਣਦੇ ਹਨ। ਇੱਥੋਂ ਤਕ ਕਿ ਰੁੱਤਾਂ ਦੇ ਪਰਿਵਰਤਨ ਦੇ ਨਾਲ-ਨਾਲ ਉਹ ਜੀਵਨ ਦੇ ਵੱਖ-ਵੱਖ ਪੜਾਵਾਂ ਵੱਲ ਵੀ ਨੇੜਿਓਂ ਹੋ ਕੇ ਇਸ਼ਾਰਾ ਦਿੰਦੇ ਹਨ ਜਿਸ ਨਾਲ ਬਾਲ, ਜੁਆਨੀ ਅਤੇ ਬਿਰਧ ਅਵਸਥਾ ਦੇ ਵੱਖਰੇ-ਵੱਖਰੇ ਰੰਗਾਂ ਦਾ ਵੀ ਅਹਿਸਾਸ ਹੋਣ ਲੱਗਦਾ ਹੈ:

*-ਫਰੀਦਾ ਰੁਤਿ ਫਿਰੀ ਵਣੁ ਕੰਬਿਆ ਪਤ ਝੜੇ ਝੜਿ ਪਾਹਿ॥*

*ਚਾਰੇ ਕੁੰਡਾ ਢੂੰਢੀਆਂ ਰਹਣੁ ਕਿਥਾਊ ਨਾਹਿ॥* *(ਪੰਨਾ ੧੩੮੩)*
*-ਫਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗੁ॥*
*ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜੁ॥* *(ਪੰਨਾ ੧੩੮੨)*

ਭਗਤ ਸ਼ੇਖ ਫਰੀਦ ਜੀ ਨੇ ਪ੍ਰਕਿਰਤੀ ਦੇ ਮਾਨਵੀਕਰਨ ਦੀ ਇਸੇ ਲੜੀ ਵਿਚ ਬਹੁਤ ਸਾਰੇ ਜੀਵ-ਜੰਤੂਆਂ ਨੂੰ ਵੀ ਵੱਖ-ਵੱਖ ਪ੍ਰਸੰਗਾਂ ਵਿਚ ਇਉਂ ਮੂਰਤੀਮਾਨ ਕੀਤਾ ਹੈ ਜਿਵੇਂ ਉਹ ਮਨੁੱਖ ਜਾਤੀ ਦਾ ਹੀ ਬਦਲਵਾਂ ਜਾਂ ਦੂਜਾ ਰੂਪ ਹੋਣ। ਵਿਸ਼ੇਸ਼ ਗੱਲ ਤਾਂ ਇਹ ਵੀ ਹੈ ਉਨ੍ਹਾਂ ਦੇ ਪ੍ਰਕ੍ਰਿਤਕ/ਵਿਵਹਾਰਕ ਤੇ ਬਾਹਰੀ ਪ੍ਰਭਾਵ ਤਹਿਤ ਉਹ ਸਾਡੇ ਸਮਾਜਿਕ ਤੇ ਸੱਭਿਆਚਾਰਕ ਸੰਦਰਭ ਵਿਚ ਵੀ ਪਛਾਣ ਗੁੰਮ ਨਹੀਂ ਕਰਦੇ, ਲੋਕ-ਵਿਸ਼ਵਾਸੀ ਨੁਕਤਿਆਂ ਅਨੁਸਾਰ ਉਹ ਪੂਰੇ ਉਤਰਦੇ ਹਨ। ਉਨ੍ਹਾਂ ਪ੍ਰਤੀ ਕਿਸੇ ਵੀ ਤਰ੍ਹਾਂ ਦਾ ਕਿੰਤੂ-ਪਰੰਤੂ ਕਰਨ ਦੀ ਕੋਈ ਗੁੰਜਾਇਸ਼ ਨਹੀਂ ਰਹਿੰਦੀ। ਮਨੁੱਖੀ ਗੁਣਾਂ ਔਗੁਣਾਂ ਨਾਲ ਉਨ੍ਹਾਂ ਦਾ ਵਿਸ਼ੇਸ਼ ਸੁਮੇਲ ਬਣ ਗਿਆ ਪ੍ਰਤੀਤ ਹੁੰਦਾ ਹੈ। ਮਨੁੱਖੀ ਸੁਭਾਅ ਤੇ ਕਿਰਦਾਰ ਨਾਲ ਅਜਿਹਾ ਜੋੜ/ ਸੰਤੁਲਨ ਪੈਦਾ ਕਰਨਾ ਭਗਤ ਸ਼ੇਖ ਫਰੀਦ ਜੀ ਦੇ ਦਰਪੇਸ਼ ਵਿਚਾਰਾਂ ਨੂੰ ਹੋਰ ਵੀ ਪਰਪੱਕਤਾ ਪ੍ਰਦਾਨ ਕਰਦਾ ਹੈ ਭਾਵ ਉਨ੍ਹਾਂ ਜੀਵਾਂ/ ਪੰਛੀਆਂ ਦਾ ਸਾਹਿਤਕ ਪ੍ਰਸੰਗ ਵਿਚ ਪ੍ਰਯੋਗ ਕੇਵਲ ਆਪਣਾ ਨਿਵੇਕਲਾ ਸੰਚਾਰਗਤ ਪ੍ਰਭਾਵ ਨਹੀਂ ਪਾਉਂਦਾ, ਸਗੋਂ ਸੱਭਿਆਚਾਰਕ ਪਰਿਪੇਖ ਵਿਚ ਵੀ ਆਪਣਾ ਮਹੱਤਵ ਕਾਇਮ ਰੱਖਦਾ ਹੈ। ਹੰਸ, ਬਗਲਾ ਤੇ ਕਾਂ ਆਦਿ ਪੰਛੀਆਂ ਦਾ ਵੱਖ-ਵੱਖ ਪ੍ਰਸੰਗਾਂ ਵਿਚ ਹੋਇਆ ਜ਼ਿਕਰ ਚੰਗੇਰੇ ਪ੍ਰਕਰਣਕ ਬ੍ਰਿਤਾਂਤ ਵੀ ਸਿਰਜਦਾ ਹੈ ਤੇ ਆਪਣੇ ਨਾਮਕਰਨ ਅਨੁਸਾਰ ਸ਼ਬਦ-ਸੱਚ ਦੀ ਭੂਮਿਕਾ ਵੀ ਬੜੇ ਪ੍ਰਭਾਵਸ਼ਾਲੀ ਰੂਪ ਵਿਚ ਨਿਭਾਉਂਦਾ ਹੈ। ਨਿਮਨਅੰਕਿਤ ਸਲੋਕਾਂ ਤੋਂ ਇਹ ਵਿਚਾਰ ਭਲੀ-ਭਾਂਤ ਸਪਸ਼ਟ ਹੋ ਜਾਂਦੀ ਹੈ। ਜੀਵਾਂ ਪੰਛੀਆਂ ਦਾ ਹੋਇਆ ਇਹ ਮਾਨਵੀਕਰਨ ਕੁਦਰਤ ਤੋਂ ਸੰਦੇਸ਼ ਲੈਣ ਦਾ ਬੜਾ ਕਾਰਗਰ ਸ੍ਰੋਤ ਬਣਦਾ ਹੈ:

*-ਫਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ॥*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ॥*
*ਬਾਜ ਪਏ ਤਿਸੁ ਰਬ ਦੇ ਕੇਲਾਂ ਵਿਸਰੀਆਂ॥* *(ਪੰਨਾ ੧੩੮੩)*
*-ਕਲਰ ਕੇਰੀ ਛਪੜੀ ਆਇ ਉਲਥੇ ਹੰਝ॥*
*ਚਿੰਜੂ ਬੋੜਨਿ੍ ਨ ਪੀਵਹਿ ਉਡਣ ਸੰਦੀ ਡੰਝ॥* *(ਪੰਨਾ ੧੩੮੧)*
*ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥*
*ਇਹੁ ਤਨੁ ਲਹਰੀ ਗਡੁ ਥਿਆ ਸਚੇ ਤੇਰੀ ਆਸ॥* *(ਪੰਨਾ ੧੩੮੪)*
*-ਹੰਸੁ ਉਡਰਿ ਕੋਧ੍ਰੈ ਪਇਆ ਲੋਕੁ ਵਿਡਾਰਣਿ ਜਾਇ॥*
*ਗਹਿਲਾ ਲੋਕੁ ਨ ਜਾਣਦਾ ਹੰਸੁ ਨ ਕੋਧ੍ਰਾ ਖਾਇ॥* *(ਪੰਨਾ ੧੩੮੧)*

ਉਪਰੋਕਤ ਕੀਤੀ ਵਿਚਾਰ ਦੇ ਸਿੱਟੇ ਵਜੋਂ ਕਿਹਾ ਜਾ ਸਕਦਾ ਹੈ ਕਿ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਮਨੁੱਖੀ ਜੀਵਨ ਦੇ ਅਸਲ ਪ੍ਰਯੋਜਨ 'ਤੇ ਹੀ ਕੇਂਦ੍ਰਿਤ ਨਹੀਂ ਹੁੰਦੀ, ਸਗੋਂ ਆਪਣੀਆਂ ਨਿਵੇਕਲੀਆਂ ਸੰਚਾਰ ਜੁਗਤਾਂ ਦੇ ਮਾਧਿਅਮ ਨਾਲ ਆਪਣੀ

ਅਜੋਕੀ ਪ੍ਰਸੰਗਿਕਤਾ ਦਾ ਵੀ ਧੁਰ ਅੰਦਰੋਂ ਅਹਿਸਾਸ ਕਰਵਾਉਂਦੀ ਹੈ। ਇਸ ਦਾ ਵਿਸ਼ੇਸ਼ ਕਾਰਨ ਇਹ ਵੀ ਹੈ ਕਿ ਭਾਵੇਂ ਰੱਬੀ ਅਨੁਭਵ ਵਜੋਂ ਇਹ ਬਾਣੀ ਪ੍ਰਧਾਨ ਰੂਪ ਵਿਚ ਆਪਣਾ ਅਲੌਕਿਕ ਪ੍ਰਭਾਵ ਸਿਰਜਦੀ ਹੈ, ਪਰੰਤੂ ਭਾਵਨਾਤਮਕ ਪੱਧਰ 'ਤੇ ਮਨੁੱਖੀ ਜੀਵਨ ਸਿਧਾਂਤਾਂ ਦੀ ਸਹੀ ਵਿਆਖਿਆ ਕਰਨ ਵਕਤ ਮਨੁੱਖੀ ਵਾਤਾਵਰਨ ਦੇ ਅਭਿਆਸੀ ਰੂਪ ਤੋਂ ਕਤੱਈ ਮੁਕਤ ਨਹੀਂ ਹੁੰਦੀ। ਇਸ ਲਈ ਪ੍ਰਕਿਰਤਕ ਆਲੇ-ਦੁਆਲੇ ਦੀ ਆਮ ਸੋਝੀ ਰੱਖਣ ਵਾਲਾ ਕੋਈ ਪਾਠਕ/ ਸ੍ਰੋਤਾਂ ਜਦੋਂ ਇਸ ਭਗਤ ਸ਼ੇਖ ਫਰੀਦ ਜੀ ਦੀ ਬਾਣੀ ਦਾ ਅਧਿਐਨ/ ਮੁਤਾਲਿਆ ਕਰਦਾ ਹੈ ਤਾਂ ਉਹ ਕੇਵਲ ਬਾਣੀ ਦੀ ਸਿਧਾਂਤਕ ਸਮਝ ਨਾਲ ਹੀ ਨਹੀਂ ਜੁੜਦਾ ਸਗੋਂ *ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ* ਦੀ ਤਰ੍ਹਾਂ ਅਮਲੀ ਰੂਪ ਵਿਚ ਆਤਮ-ਰਸ ਦਾ ਅਭਿਲਾਖੀ ਵੀ ਬਣਦਾ ਹੈ।

■


## ਫ਼ਾਰਮ IV ਰੂਲ ੮

| | |
|---|---|
| ੧. ਛਪਣ ਦਾ ਅਸਥਾਨ | ਸ੍ਰੀ ਅੰਮ੍ਰਿਤਸਰ |
| ੨. ਛਪਣ ਦਾ ਸਮਾਂ | ਹਰ ਮਹੀਨੇ ਦੀ ੫ ਤਾਰੀਖ਼ |
| ੩. ਛਾਪਣ ਵਾਲੇ ਦਾ ਨਾਂ | ਸ. ਦਿਲਜੀਤ ਸਿੰਘ |
| ਕੌਮੀਅਤ | ਭਾਰਤੀ |
| ਪਤਾ | ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ। |
| ੪. ਪ੍ਰਕਾਸ਼ਕ ਦਾ ਨਾਂ | ਸ. ਦਿਲਜੀਤ ਸਿੰਘ |
| ਕੌਮੀਅਤ | ਭਾਰਤੀ |
| ਪਤਾ | ਸਕੱਤਰ, ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ। |
| ੫. ਸੰਪਾਦਕ | ਸਤਵਿੰਦਰ ਸਿੰਘ |
| ਕੌਮੀਅਤ | ਭਾਰਤੀ |
| ਪਤਾ | ਸੰਪਾਦਕ, 'ਗੁਰਮਤਿ ਪ੍ਰਕਾਸ਼' ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ । |
| ੬. ਮਾਲਕ | ਸ਼੍ਰੋਮਣੀ ਗੁ. ਪ੍ਰ. ਕਮੇਟੀ, ਸ੍ਰੀ ਅੰਮ੍ਰਿਤਸਰ । |

ਮੈਂ ਸਤਵਿੰਦਰ ਸਿੰਘ ਘੋਸ਼ਣਾ ਕਰਦਾ ਹਾਂ ਕਿ ਜਿਥੋਂ ਤਕ ਮੈਨੂੰ ਪਤਾ ਹੈ, ਉੱਪਰ ਦਿੱਤੀ ਜਾਣਕਾਰੀ ਸਹੀ ਹੈ।

ਸਹੀ/- ਸਤਵਿੰਦਰ ਸਿੰਘ
ਸੰਪਾਦਕ, 'ਗੁਰਮਤਿ ਪ੍ਰਕਾਸ਼'

# ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ

*-ਸ. ਰਾਜਵਿੰਦਰਪਾਲ ਸਿੰਘ**

ਭਾਰਤ ਦੇ ਪਰੰਪਰਾਗਤ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਇਤਿਹਾਸ 'ਤੇ ਝਾਤ ਮਾਰੀਏ ਤਾਂ ਸਾਡਾ ਅੱਜ ਦਾ ਸਮਾਜ ਅਜਿਹੇ ਮਹਾਨ-ਪੁਰਸ਼ਾਂ ਦਾ ਸਦਾ ਰਿਣੀ ਰਹੇਗਾ, ਜਿਨ੍ਹਾਂ ਨੇ ਅੱਤ ਦੇ ਵਿਰੋਧੀ ਹਲਾਤਾਂ ਦੇ ਬਾਵਜੂਦ ਲਕੀਰ ਦੇ ਫਕੀਰ ਨਾ ਬਣ ਕੇ ਇਕ ਨਵੇਂ ਜੀਵਨ ਮਾਰਗ ਉੱਤੇ ਪਹਿਰਾ ਦੇਣ ਦਾ ਜ਼ੋਖਮ ਉਠਾਇਆ ਅਤੇ ਸਾਡੇ ਸਮਾਜਿਕ ਅਤੇ ਸੱਭਿਆਚਾਰਕ ਜੀਵਨ ਨੂੰ ਇਕ ਨਵੀਂ ਦਿਸ਼ਾ ਪ੍ਰਦਾਨ ਕੀਤੀ। ਪਰੰਪਰਾਗਤ ਜੀਵਨ-ਦਰਸ਼ਨ ਅਤੇ ਸਮਾਜਿਕ ਮੁੱਲਾਂ ਦੀ ਜਗ੍ਹਾ ਨਰੋਈਆਂ ਕਦਰਾਂ-ਕੀਮਤਾਂ ਸਿਰਜ ਕੇ ਸਮਾਜ ਦੇ ਇਕ ਵੱਡੇ ਤਬਕੇ ਦੀ ਵਿਰਾਸਤ ਬਣਾਇਆ। ਉੱਤਰੀ ਭਾਰਤ ਵਿਚ ਸਿੱਖ ਧਰਮ ਦਾ ਉਥਾਨ ਵੀ ਇਕ ਮਹਾਨ ਇਤਿਹਾਸਿਕ ਘਟਨਾ ਸੀ ਜਿਸਨੇ ਭਾਰਤੀ ਧਾਰਮਿਕ ਅਤੇ ਸਮਾਜਿਕ ਜੀਵਨ ਵਿਚ ਇਨਕਲਾਬੀ ਪਰਿਵਰਤਨ ਕੀਤੇ। ਸ੍ਰੀ ਗੁਰੂ ਗੋਬਿੰਦ ਸਿੰਘ ਸਮਾਜਿਕ ਤਬਦੀਲੀ ਦੇ ਇਸ ਮਹਾਨ ਇਤਿਹਾਸਿਕ ਵਰਤਾਰੇ ਦੇ ਮੁੱਖ ਸੂਤਰਧਾਰ ਸਨ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਫ਼ਲਸਫ਼ਾ ਹੀ ਸੀ ਜਿਸ ਨੇ ਭਾਰਤ ਦੇ ਸਮਾਜਿਕ ਜੀਵਨ ਵਿਚ ਅਜਿਹਾ ਕ੍ਰਾਂਤੀਕਾਰੀ ਪਰਿਵਰਤਨ ਲਿਆਂਦਾ ਇਕ ਅਜਿਹੀ ਕੌਮ ਪੈਦਾ ਕੀਤੀ, ਜਿਸ ਨੂੰ ਇਤਿਹਾਸਕਾਰਾਂ ਨੇ ਸੰਤ-ਸਿਪਾਹੀਆਂ ਦੀ ਕੌਮ ਕਿਹਾ ਹੈ।

ਸਾਹਿਬ-ਏ-ਕਮਾਲ: ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਬਾ-ਕਮਾਲ ਹੈ ਜਿਸ ਦੀ ਮਿਸਾਲ ਕੁੱਲ-ਸੰਸਾਰ ਦੇ ਮਨੁੱਖੀ ਇਤਿਹਾਸ ਵਿੱਚੋਂ ਕਿਤੇ ਵੀ ਨਹੀਂ ਮਿਲਦੀ। ਗੁਰੂ ਜੀ ਦਾ ਆਗਮਨ ਪੋਹ ਸੁਦੀ ੭ ਸੰਮਤ ੧੭੨੩ ਬਿਕ੍ਰਮੀ (੨੨ ਦਸੰਬਰ, ੧੬੬੬ ਈ.) ਵਿਚ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜਰੀ ਜੀ ਦੇ ਗ੍ਰਿਹ ਪਟਨਾ ਸਾਹਿਬ (ਬਿਹਾਰ) ਵਿਖੇ ਹੋਇਆ। ੯ ਸਾਲ ਦੀ ਉਮਰ ਵਿਚ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ ਕਸ਼ਮੀਰੀ ਪੰਡਤਾਂ ਅਤੇ ਮਜ਼ਲੂਮਾਂ ਦੀ ਫਰਿਆਦ ਸੁਣ ਕੇ, ਧਾਰਮਿਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਦੀ ਰਾਖੀ ਹਿੱਤ ਸ਼ਹੀਦ ਹੋਣ ਲਈ ਤੋਰਿਆ। ਔਰੰਗਜ਼ੇਬ ਦੀ ਕੱਟੜਤਾ, ਮੀਣਿਆਂ ਤੇ ਧੀਰਮੱਲੀਆਂ ਦੀ ਵਿਰੋਧਤਾ ਅਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਕਾਰਨ ਦੁਖੀ ਹੋਈ ਸਿੱਖ ਕੌਮ ਨੂੰ ਆਪਣੀ ਅਗੰਮੀ ਗਰਜ ਦੁਆਰਾ ਦ੍ਰਿੜ੍ਹਤਾ ਅਤੇ ਅਡੋਲਤਾ ਬਖ਼ਸ਼ੀ। ੧੬੯੯ ਈ. ਵਿਚ ਖਾਲਸਾ ਪੰਥ ਦੀ ਸਾਜਨਾ ਕੀਤੀ, ਕਲਮ ਫੜੀ ਤਾਂ ਬੇਅੰਤ ਬੀਰ-ਰਸੀ ਬਾਣੀ ਦੀ ਰਚਨਾ ਕੀਤੀ, ਤੇਗ ਚਲਾਈ ਤਾਂ ਪਹਾੜੀ ਰਾਜਿਆਂ ਅਤੇ ਮੁਗ਼ਲਾਂ ਵੱਲੋਂ ਕੀਤੇ ੧੪ ਹਮਲਿਆਂ ਦਾ ਮੂੰਹ-ਤੋੜ ਜਵਾਬ ਦਿੱਤਾ। ਚਮਕੌਰ ਦੀ ਜੰਗ ਵਿਚ ਆਪਣੇ ਹੱਥੀਂ

*ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਕੇਂਦਰ, ਲਾਇਲਪੁਰ ਖਾਲਸਾ ਕਾਲਜ, ਜਲੰਧਰ। ਮੋ: +੯੧੯੪੬੪੬-੫੩੮੯੩

ਜਵਾਨ ਪੁੱਤਰਾਂ— ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਨੂੰ ਸ਼ਹਾਦਤ ਦੇਣ ਲਈ ਤੋਰਿਆ। ਛੋਟੇ ਸਹਿਬਜ਼ਾਦਿਆਂ— ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਦੀ ਨੀਹਾਂ ਵਿਚ ਜਿਊਂਦੇ ਚਿਣ ਕੇ ਹੋਈ ਸ਼ਹਾਦਤ ਨੂੰ ਖਿੜੇ ਮੱਥੇ ਪ੍ਰਵਾਨ ਕੀਤਾ, ਬਜ਼ੁਰਗ ਮਾਤਾ ਦੀ ਸ਼ਹੀਦੀ ਹੰਢਾਈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਾ ਕੀਤੀ ਅਤੇ ਕਤਕ ਸੁਦੀ ੫ ਸੰਮਤ ੧੭੬੫ ਬਿਕ੍ਰਮੀ (੭ ਅਕਤੂਬਰ, ੧੭੦੮ ਈ.) ਨੂੰ ਖਾਲਸਾ ਪੰਥ ਨੂੰ 'ਗੁਰੂ-ਗ੍ਰੰਥ' ਦੀ ਤਾਬਿਆ ਕਰਕੇ ਜੋਤੀ-ਜੋਤ ਸਮਾ ਗਏ।

ੳ). ਖਾਲਸਾ ਸਿਰਜਣਾ ਤੋਂ ਪੂਰਵ ਭਾਰਤੀ ਸਮਾਜਿਕ ਦਸ਼ਾ:- ਮਨੂੰ-ਸਿਮ੍ਰਤੀ ਦੇ ਬਹੁਤੇ ਪ੍ਰਚਾਰ-ਪਸਾਰ ਨੇ ਭਾਰਤੀ ਸਮਾਜ ਨੂੰ ਜਾਤ-ਪਾਤ, ਊਚ-ਨੀਚ, ਛੂਆ-ਛੂਤ ਅਤੇ ਵਰਨ-ਭੇਦ ਵਰਗੇ ਅਣਮਨੁੱਖੀ ਵਿਤਕਰਿਆਂ ਨਾਲ ਭਰ ਦਿੱਤਾ। ਮਨੁੱਖ ਨੂੰ ਮਨੁੱਖ ਨਾਲੋਂ ਤੋੜਨ ਦਾ ਅਜਿਹਾ ਅਖੌਤੀ ਧਾਰਮਿਕ ਵਰਤਾਰਾ ਸੰਸਾਰ ਦੇ ਕਿਸੇ ਹੋਰ ਕੋਨੇ ਵਿਚ ਕਦੇ ਨਹੀਂ ਵਾਪਰਿਆ। ਪਹਿਲੋਂ ਰਿਗਵੇਦ ਦੇ ਰੱਬ ਦੀ ਏਕਤਾ ਦੇ ਵਿਚਾਰ ਨੂੰ ਬਹੁਦੇਵਵਾਦ ਦੇ ਸੰਕਲਪ ਦੁਆਰਾ ਤਿਲਾਂਜਲੀ ਦਿੱਤੀ ਗਈ ਅਤੇ ਬਾਅਦ ਵਿਚ ਜਾਤ-ਪਾਤ ਦੇ ਖ਼ਿਆਲ ਦੁਆਰਾ ਮਨੁੱਖੀ ਏਕਤਾ ਦੀ ਜੜ੍ਹ ਵੀ ਵੱਢ ਦਿੱਤੀ ਗਈ। ਭਿੰਨ-ਭਿੰਨ ਦੇਵੀ-ਦੇਵਤਿਆਂ ਦੀ ਪੂਜਾ ਦੇ ਵਿਸ਼ਵਾਸ ਨੇ ਜਿੱਥੇ ਧਾਰਮਿਕ ਪੱਖ ਤੋਂ ਵਿਚਾਰਕ ਮੱਤਭੇਦ ਵਧਾਏ, ਉੱਥੇ ਹੀ ਜਾਤਾਂ ਦੀ ਵੰਡ ਨੇ ਭਾਰਤੀ ਸਮਾਜ ਦੀ ਹਾਲਤ ਹੋਰ ਵੀ ਜਰਜਰ ਕਰ ਦਿੱਤੀ। ਸਮਾਜ ਦੀ ਇਹ ਤ੍ਰਾਸਦੀ ਸੀ ਕਿ ਸਦੀਆਂ ਤੋਂ ਭਾਰਤੀ ਲੋਕ ਜਾਤ, ਜਨਮ, ਲਿੰਗ ਅਤੇ ਧਰਮ ਦੇ ਆਧਾਰ 'ਤੇ ਵੰਡੇ ਹੋਏ ਸਨ, ਰਾਜਨੀਤਿਕ ਅਰਾਜਕਤਾ ਅਤੇ ਵਿਦੇਸ਼ੀ ਹਮਲਿਆਂ ਕਾਰਨ ਸਮਾਜਿਕ-ਏਕਤਾ ਅਤੇ ਆਰਥਿਕਤਾ ਡਾਵਾਂਡੋਲ ਹੋ ਚੁੱਕੀ ਸੀ। ਵਿਦੇਸ਼ੀ ਗ਼ੁਲਾਮੀ ਕਾਰਨ ਭਾਰਤੀ ਸਮਾਜ ਸਰੀਰਕ ਅਤੇ ਮਾਨਸਿਕ ਪੱਖ ਤੋਂ ਨਿਰਬਲ ਅਤੇ ਸਾਹਸਹੀਣ ਹੋ ਚੁਕੇ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬਾਬਰ ਦੇ ਹਮਲੇ ਸਮੇਂ ਉਚਾਰਨ ਕੀਤੇ ਸ਼ਬਦਾਂ ਵਿਚ ਇਸ ਪਾਸੇ ਭਰਪੂਰ ਸੰਕੇਤ ਕੀਤਾ ਹੈ। ਇਸੇ ਸਮਾਜਿਕ ਅਨੇਕਤਾ ਅਤੇ ਦੁਰਬਲਤਾ ਕਾਰਨ ਹੀ ਮੁਗ਼ਲਾਂ ਨੇ ਭਾਰਤ ਵੱਲ ਪੈਰ ਪਸਾਰੇ ਅਤੇ ਸਥਾਪਿਤ ਹੋਏ। ਅਜਿਹੇ ਨਿਰਬਲ ਅਤੇ ਆਦਰਸ਼ਹੀਣ ਸਮਾਜ ਦੀ ਕਾਇਆ-ਕਲਪ ਕਰਨਾ ਹੀ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਦਾ ਪ੍ਰਯੋਜਨ ਸੀ। ਇਕ ਆਦਰਸ਼ਕ ਸਮਾਜ ਦੀ ਸਿਰਜਣਾ ਲਈ ਇਹ ਜ਼ਰੂਰੀ ਸੀ ਕਿ ਮਨੁੱਖ ਦੀ ਮਾਨਸਿਕਤਾ ਵਿਚ ਮਨੁੱਖਤਾ ਲਈ ਕਲਿਆਣਕਾਰੀ ਉੱਚੇ-ਸੁੱਚੇ ਮਨੋਭਾਵ ਸਥਾਈ ਰੂਪ ਵਿਚ ਭਰੇ ਜਾਣ। ਗੁਰੂ ਜੀ ਨੇ ਆਪਣੀ ਬਾਣੀ ਦੁਆਰਾ ਅਜਿਹੇ ਆਦਰਸ਼ ਲੋਕਾਈ ਸਾਹਮਣੇ ਪ੍ਰਸਤੁਤ ਕੀਤੇ ਜਿਨ੍ਹਾਂ ਵਿਚ ਰੱਬੀ-ਏਕਤਾ ਅਤੇ ਮਨੁੱਖੀ ਏਕਤਾ ਦੇ ਭਾਵਾਂ ਨੂੰ ਇਕਰੂਪ ਕਰ ਦਿੱਤਾ ਗਿਆ ਸੀ। ਇਹ ਆਦਰਸ਼ ਸਨ— ਪਰਮਾਤਮਾ ਇੱਕ ਹੈ, ਉਹ ਸਾਰਿਆਂ ਵਿਚ ਵਸਦਾ ਹੈ ਇਸ ਲਈ ਸਾਰੇ ਇਨਸਾਨ ਬਰਾਬਰ ਹਨ ਅਤੇ ਸਮਾਨਤਾ ਦਾ ਹੱਕ ਰੱਖਦੇ ਹਨ, ਕਿਸੇ ਵੀ ਮਨੁੱਖ ਨੂੰ ਕਿਸੇ ਦੂਸਰੇ ਮਨੁੱਖ ਦੇ ਸ਼ੋਸ਼ਣ ਦਾ

ਕੋਈ ਅਧਿਕਾਰ ਨਹੀਂ। ਮਨੁੱਖੀ ਏਕਤਾ ਅਤੇ ਸਮਾਨਤਾ ਆਦਰਸ਼ਕ ਸਮਾਜ ਦਾ ਬੁਨਿਆਦੀ ਲੱਛਣ ਹੈ।

*ਸਰਬ ਸਬਦੰ ਏਕ ਸਬਦੰ ਜੇ ਕੋ ਜਾਣੈ ਭੇਉ॥*
*ਨਾਨਕੁ ਤਾ ਕਾ ਦਾਸੁ ਹੈ ਸੋਈ ਨਿਰੰਜਨ ਦੇਉ॥* *(ਪੰਨਾ ੪੬੯)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਤੋਂ ਪੂਰਵ-ਵਰਤੀ ਗੁਰੂ ਸਾਹਿਬਾਨ ਨੇ ਵੀ ਬਾਣੀ ਸਿਰਜਣ ਅਤੇ ਸੰਭਾਲਣ ਦੇ ਕਾਰਜ ਨੂੰ ਲਗਾਤਾਰ ਜਾਰੀ ਰੱਖਿਆ। ਸ੍ਰੀ ਗੁਰੂ ਅਰਜਨ ਦੇਵ ਜੀ ਦੁਆਰਾ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਕਲਨ ਕਰਨਾ ਜਿਸ ਵਿਚ ਗੁਰੂ ਸਾਹਿਬਾਨ ਦੇ ਨਾਲ-ਨਾਲ ਭਾਰਤ ਦੇ ਮਹਾਨ ਪੰਦਰ੍ਹਾਂ ਭਗਤ ਸਾਹਿਬਾਨ ਦੇ ਵਿਚਾਰਾਂ ਨੂੰ ਵੀ ਥਾਂ ਦਿੱਤੀ, ਜਿਨ੍ਹਾਂ ਨੇ ਜਾਤ-ਪਾਤ ਦੇ ਵਿਤਕਰੇ ਨੂੰ ਆਪਣੇ ਪਿੰਡੇ 'ਤੇ ਹੰਢਾਇਆ ਸੀ, ਇਸੇ ਸੰਦਰਭ ਵਿਚ ਵੇਖਿਆ ਜਾ ਸਕਦਾ ਹੈ। ਸਮੁੱਚੀ ਲੋਕਾਈ ਦੇ ਸਰਬਪੱਖੀ ਮਨੁੱਖੀ ਹਿੱਤਾਂ ਨਾਲ ਭਰੇ ਹੋਏ ਅਜਿਹੇ ਵਿਚਾਰਾਂ ਨੇ ਬਹੁਗਿਣਤੀ ਹਿੰਦੂਆਂ, ਮੁਸਲਮਾਨਾਂ ਅਤੇ ਅਖੌਤੀ ਨੀਵੀਂ ਜਾਤ ਨਾਲ ਸੰਬੰਧਿਤ ਸ਼੍ਰੇਣੀਆਂ ਨੂੰ ਆਪਣੇ ਵੱਲ ਆਕਰਸ਼ਿਤ ਕੀਤਾ। ਗੁਰੂ ਸਾਹਿਬਾਨ ਦੀ ਇਸ ਵਧਦੀ ਲੋਕਪ੍ਰਿਅਤਾ ਨੇ ਮਨੂੰਵਾਦੀ ਪੰਡਤਾਂ ਅਤੇ ਰਾਜਸੀ ਮਦ ਵਿਚ ਖੱਚਤ ਮੁਗ਼ਲ ਅਹਿਲਕਾਰਾਂ ਨੂੰ ਗੁਰੂ ਸਾਹਿਬਾਨ ਦੇ ਵਿਰੁੱਧ ਲਾਮਬੰਦ ਕੀਤਾ। ਇਸੇ ਸਵਾਰਥੀ ਲਾਮਬੰਦੀ ਕਾਰਨ ਪੰਜਵੇਂ ਪਾਤਸ਼ਾਹ, ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਨੌਵੇਂ ਪਾਤਸ਼ਾਹ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਹੋਈ। ਧਾਰਮਿਕ, ਸਮਾਜਿਕ ਅਤੇ ਰਾਜੀਨਿਤਕ ਉਥਲ-ਪੁਥਲ ਨਾਲ ਭਰੇ ਹੋਏ ਅਜਿਹੇ ਇਤਿਹਾਸਿਕ ਧਰਾਤਲ ਵਿਚ ਭਾਰਤ ਦੀ ਪਿਠ-ਭੂਮੀ ਉੱਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਹੁੰਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਅਰੰਭੇ ਕਾਰਜ ਨੂੰ ਜਾਰੀ ਰੱਖਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਵੀ ਪੂਰਵ ਗੁਰੂ ਪਰੰਪਰਾ ਅਨੁਸਾਰ ਸਾਹਿਤਕ ਸਰਗਰਮੀਆਂ ਨੂੰ ਪਹਿਲ ਦਿੱਤੀ, ਪਰ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਦਰਬਾਰੀ ੫੨ ਕਵੀਆਂ ਦੁਆਰਾ ਰਚੇ ਸਾਹਿਤ ਦੀ ਧਾਰਾ ਨਿਰੋਲ ਪ੍ਰੇਮ-ਭਗਤੀ ਅਤੇ ਨੈਤਿਕਤਾ-ਮੂਲਕ ਨਾ ਰਹਿ ਕੇ ਸੂਰਬੀਰਤਾ,ਸਾਹਸ ਅਤੇ ਬੀਰ-ਰਸ ਨਾਲ ਭਰੇ ਕਬਿਤਾਂ, ਛੰਦਾਂ ਅਤੇ ਸਵੱਈਆਂ ਨਾਲ ਭਰਪੂਰ ਹੋ ਗਈ। "ਅਜਿਹੇ ਸਾਹਿਤ ਦੇ ਉਪਜਾਉਣ ਤੋਂ ਗੁਰੂ ਜੀ ਦਾ ਮਨੋਰਥ ਇਹ ਸੀ ਕਿ ਉਨ੍ਹਾਂ ਦੇ ਸਿੱਖਾਂ ਅੰਦਰ ਇਕ ਨਵੀਂ ਰੂਹ ਭਰੀ ਜਾਏ ਅਤੇ ਸਭ ਪ੍ਰਕਾਰ ਦੀ ਬੇਇਨਸਾਫੀ ਅਤੇ ਜ਼ੁਲਮ ਦੇ ਵਿਰੁੱਧ ਉਨ੍ਹਾਂ ਦੇ ਦਿਲਾਂ ਨੂੰ ਫੌਲਾਦੀ ਬਣਾਇਆ ਜਾਏ।"[੧] ਗੁਰੂ ਜੀ ਦੁਆਰਾ ਰਚੇ ਯੁੱਧ-ਨਾਦ ਨਾਲ ਭਰਪੂਰ ਸਾਹਿਤ ਨੇ ਲੋਕ ਮਨਾਂ ਅੰਦਰ ਗਹਿਰਾ ਪ੍ਰਭਾਵ ਪਾਇਆ। ਸਾਧਾਰਨ ਭਾਰਤੀ ਵੀ ਮੁਗ਼ਲਾਂ ਦੁਆਰਾ ਕੀਤੇ ਜਾ ਰਹੇ ਅੱਤਿਆਚਾਰ ਅਤੇ ਜ਼ਬਰ ਦੇ ਵਿਰੋਧ ਵਿਚ ਸ਼ਸਤਰਧਾਰੀ ਹੋ ਕੇ ਲੜਾਈ ਦੇ ਮੈਦਾਨ ਵਿਚ ਆ ਖੜਾ ਹੋਇਆ। ਗੁਰੂ ਜੀ ਨੇ ਆਪਣੀ ਰਚਨਾ ਵਿਚ ਅਕਾਲ ਪੁਰਖ ਨੂੰ ਵੀ ਸ਼ਸਤਰਧਾਰੀ ਰੂਪ ਵਿਚ ਪ੍ਰਗਟ ਕੀਤਾ। ਸਰਬ-ਕਾਲ, ਭਗੌਤੀ, ਖੜਗਕੇਤ, ਸਰਬਲੋਹ, ਜੈ-ਤੇਗੰ, ਖੰਡਾ ਅਤੇ ਖੜਗਧਾਰੀ

ਆਦਿ ਨਵੇਂ ਵਿਸ਼ੇਸ਼ਣ ਪਰਮਾਤਮਾ ਦੀ ਉਸਤਤ ਵਿਚ ਰਚੇ ਗਏ। ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਅਗੰਮੀ ਗਰਜ ਦਾ ਹੀ ਕਮਾਲ ਸੀ ਕਿ ਸਦੀਆਂ ਤੋਂ ਰਾਜਸੀ ਅਤੇ ਧਾਰਮਿਕ ਸ਼ੋਸ਼ਣ ਦਾ ਸ਼ਿਕਾਰ ਹੁੰਦੇ ਆ ਰਹੇ ਭਾਰਤੀ ਸਮਾਜ ਨੇ ਇਸ ਅਨਿਆਂ ਅਤੇ ਅੱਤਿਆਚਾਰ ਦੀਆਂ ਜੜ੍ਹਾਂ ਸਦੀਵ ਕਾਲ ਲਈ ਪੁੱਟ ਦਿੱਤੀਆਂ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਾਹਿਤ ਦੁਆਰਾ ਭਾਰਤੀ ਨਿਰਬਲ ਮਾਨਸਿਕਤਾ ਅੰਦਰ ਸਰਬ-ਲੋਹ ਜਿਹੇ ਅਖੰਡ ਭਾਵ ਅਤੇ ਗੁਣ ਸੰਚਾਰਿਤ ਕਰ ਦਿੱਤੇ। ਦੇਗ (ਨਿਮਰਤਾ) ਦੇ ਨਾਲ ਤੇਗ (ਸੂਰਬੀਰਤਾ) ਦਾ ਸੁਮੇਲ ਕੀਤਾ। ਭਗਤੀ-ਸ਼ਕਤੀ, ਸੰਤ-ਸਿਪਾਹੀ ਇਕ ਸੰਪੂਰਨ ਵਿਅਕਤੀਤਵ ਦੇ ਮੁੱਖ ਗੁਣ ਨਿਰਧਾਰਿਤ ਕਰ ਦਿੱਤੇ। ਗੁਰੂ ਜੀ ਦੁਆਰਾ ਰਚੇ ਸਾਹਿਤ ਵਿਚ ਈਸ਼ਵਰ-ਬੰਦਗੀ ਦੇ ਨਾਲ-ਨਾਲ ਅਸਤਰਾਂ-ਸ਼ਸਤਰਾਂ ਦੀ ਗੁੰਜਾਰ ਅਤੇ ਜੰਗੀ ਨਗਾੜਿਆਂ ਦਾ ਵੀਰ-ਰਸੀ ਸੰਗੀਤ ਵੀ ਭਰਿਆ ਪਿਆ ਹੈ। "ਵਾਸਤਵ ਵਿਚ, ਉਸ ਵੇਲੇ ਕੌਮੀ ਚਰਿੱਤ੍ਰ ਵਿਚ ਮਹੱਤਵਪੂਰਨ ਪਰਿਵਰਤਨ ਲਿਆਉਣ ਦਾ ਸਿਹਰਾ ਇਸੇ ਬੀਰ-ਰਸੀ ਬਾਣੀ ਦੇ ਸਿਰ 'ਤੇ ਹੀ ਹੈ, ਕਿਉਂਕਿ ਇਸੇ ਦੀ ਪ੍ਰੇਰਨਾ ਸਦਕਾ ਪੱਛੜੇ ਹੋਏ ਵਰਗਾਂ ਦੇ ਵਿਅਕਤੀਆਂ ਨੂੰ, ਜਿਨ੍ਹਾਂ ਨੇ ਕਦੇ ਤਲਵਾਰ ਨੂੰ ਛੁਹਿਆ ਤਕ ਨਹੀ ਸੀ, ਯੋਧਾ ਬਣਾ ਕੇ ਰਣ-ਭੂਮੀ ਵਿਚ ਭੇਜਿਆ ਜਾ ਸਕਿਆ।"[੨]

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵਰਤੀ ਬੋਲੀ ਅਤੇ ਸ਼ੈਲੀ ਦੀ ਭਿੰਨਤਾ ਕਾਰਨ ਕਈ ਸਤਹੀ ਵਿਦਵਾਨਾਂ ਨੂੰ ਗੁਰਬਾਣੀ ਅਤੇ ਦਸਵੇਂ ਪਾਤਸ਼ਾਹ ਦੀ ਰਚਨਾ ਵਿਚ ਸਿਧਾਂਤਕ ਮੱਤਭੇਦ ਜਾਪਿਆ, ਪਰ ਇਹ ਯਥਾਰਥ ਤੋਂ ਪਰੇ ਹੈ। ਅਸਲ ਵਿਚ ਪੂਰਵ ਗੁਰੂ ਸਾਹਿਬਾਨ ਦੁਆਰਾ ਨਿਰਧਾਰਿਤ ਕੀਤੇ ਰੱਬੀ-ਏਕਤਾ ਅਤੇ ਮਨੁੱਖੀ-ਸਮਾਨਤਾ ਦੇ ਕੇਂਦਰੀ ਸੰਕਲਪ ਨੂੰ ਵਾਰ-ਵਾਰ ਦਸਮ-ਬਾਣੀ ਵਿਚ ਦੁਹਰਾਇਆ ਗਿਆ ਹੈ। "ਸ੍ਰੀ ਗੁਰੂ ਗੋਬਿੰਦ ਸਿੰਘ ਇਕ ਪ੍ਰਭੂ ਦੇ ਉਪਾਸਕ ਹੋਣ ਕਰਕੇ ਸਾਰੀ ਮਨੁੱਖਤਾ ਨੂੰ ਇਕ ਪਰਮਾਤਮਾ ਦੀ ਰਚੀ ਹੋਈ ਮੰਨਦੇ ਸਨ, ਇਸ ਅਧਿਆਤਮਿਕ ਵਿਚਾਰ ਦਾ ਸਮਾਜਿਕ ਪੱਖ ਇਹ ਹੈ ਕਿ ਸਾਰੀ ਲੋਕਾਈ ਇਕ ਸਮਾਨ ਹੈ, ਕੋਈ ਉੱਚਾ ਨੀਵਾਂ ਨਹੀਂ।"[੩]

*ਚੱਕ੍ਰ ਚਿਹਨ ਅਰੁ ਬਰਨ ਜਾਤਿ ਅਰੁ ਪਾਤਿ ਨਹਿਨ ਜਿਹ॥*
*ਰੂਪ ਰੰਗ ਅਰੁ ਰੇਖ ਭੇਖ ਕੋਊ ਕਹਿ ਨ ਸਕਤ ਕਿਹ॥*
*ਅਚਲ ਮੂਰਤਿ ਅਨਭਉ ਪ੍ਰਕਾਸ ਅਮਿਤੋਜਿ ਕਹਿੱਜੈ॥* *(ਜਾਪੁ ਸਾਹਿਬ)*

ਪਰਮ-ਪੁਰਖ ਇੱਕ ਹੈ ਉਹ ਵੱਖ-ਵੱਖ ਸ਼ਕਤੀਆਂ ਵਿਚ ਵੰਡਿਆ ਨਹੀਂ ਜਾ ਸਕਦਾ:

*ਕਰਤਾ ਕਰੀਮ ਸੋਈ ਰਾਜਕ ਰਹੀਮ ਓਈ*
*ਦੂਸਰੋ ਨ ਭੇਦ ਕੋਈ ਭੂਲ ਭ੍ਰਮ ਮਾਨਬੋ॥*
*ਏਕ ਹੀ ਕੀ ਸੇਵ ਸਭ ਹੀ ਕੋ ਗੁਰਦੇਵ ਏਕ*
*ਏਕ ਹੀ ਸਰੂਪ ਸਬੈ ਏਕੈ ਜੋਤ ਜਾਨਬੋ॥* *(ਅਕਾਲ ਉਸਤਤ)*

ਮਨੁੱਖੀ-ਏਕਤਾ ਅਤੇ ਸਮਾਨਤਾ ਦੀ ਵਿਚਾਰਧਾਰਾ ਨਾਲ ਭਰੇ ਹੋਏ ਇਹ ਗੁਰੂ-ਵਾਕ ਸਿੱਖ ਚੇਤਨਾ ਵਿਚ ਸਹਿਜ-ਸੁਭਾਇ ਟਿਕ ਗਏ ਹਨ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਉਚਾਰੇ ਇਹ ਬੋਲ ਗੁਰੂ ਸਾਹਿਬਾਨ ਦੁਆਰਾ ਦਰਸਾਏ ਮਾਨਵਤਾ ਦੇ ਸੰਕਲਪ ਦੀ ਆਧਾਰ-ਸ਼ਿਲ੍ਹਾ ਹੋ ਨਿੱਬੜੇ ਹਨ। ਇਨ੍ਹਾਂ ਵਾਕਾਂ ਦੀ ਸਰਲਤਾ ਲੋਕ-ਮਨ ਨੂੰ ਟੁੰਬਦੀ, ਆਤਮਾ ਨੂੰ ਹਲੂਣਦੀ,ਗਿਆਨ ਦਿੰਦੀ ਅਤੇ ਕਰਮ-ਸ਼ੀਲਤਾ ਪ੍ਰਦਾਨ ਕਰਦੀ ਹੈ:

*ਕੋਊ ਭਇਓ ਮੁੰਡੀਆ ਸੰਨਿਆਸੀ ਕੋਊ ਜੋਗੀ ਭਇਓ*
*ਕੋਊ ਬ੍ਰਹਮਚਾਰੀ ਕੋਊ ਜਤੀ ਅਨੁਮਾਨਬੋ॥*
*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫੀ*
*ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ॥* *(ਅਕਾਲ ਉਸਤਤ)*

ਗੁਰੂ ਜੀ ਅਨੁਸਾਰ ਸਮਾਜ ਵਿਚ ਪਾਏ ਜਾਂਦੇ ਧਾਰਮਿਕ, ਸੱਭਿਆਚਾਰਕ, ਪਹਿਰਾਵੇ ਅਤੇ ਭਾਸ਼ਾਈ-ਅੰਤਰ ਕੇਵਲ ਕਿਸੇ ਵੀ ਦੇਸ਼ ਦੀਆਂ ਵਿਸ਼ੇਸ਼ ਭੁਗੋਲਿਕ ਸਥਿਤੀਆਂ ਕਾਰਨ ਹੀ ਹਨ। ਇਨ੍ਹਾਂ ਦਾ ਆਧਾਰ ਦੈਵੀ ਜਾਂ ਧਾਰਮਿਕ ਨਹੀਂ:

*ਦੇਹਰਾ ਮਸੀਤ ਸੋਈ ਪੂਜਾ ਔ ਨਿਵਾਜ ਓਈ*
*ਮਾਨਸ ਸਬੈ ਏਕ ਪੈ ਅਨੇਕ ਕੋ ਭ੍ਰਮਾਉ ਹੈ॥*
*ਦੇਵਤਾ ਅਦੇਵ ਜੱਛ ਗੰਧ੍ਰਬ ਤੁਰਕ ਹਿੰਦੂ*
*ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪ੍ਰਭਾਉ ਹੈ॥*
*ਏਕੈ ਨੈਨ ਏਕੈ ਕਾਨ ਏਕੈ ਦੇਹ ਏਕੈ ਬਾਨ*
*ਖਾਕ ਬਾਦ ਆਤਸ ਔ ਆਬ ਕੋ ਰਲਾਉ ਹੈ॥* *(ਅਕਾਲ ਉਸਤਤ)*

"ਗੁਰੂ ਜੀ ਨੇ ਕਲਮ ਅਤੇ ਤੇਗ ਦਾ ਜੋ ਸੁਮੇਲ ਪੈਦਾ ਕੀਤਾ, ਉਸ ਨੇ ਲੋਕਾਂ ਵਿਚ ਅਣਖ ਨਾਲ ਜੀਣ ਦਾ ਚਾਅ ਪੈਦਾ ਕਰਨ ਦੇ ਨਾਲ-ਨਾਲ ਜ਼ੁਲਮ ਦੇ ਵਿਰੁੱਧ ਸੰਘਰਸ਼ ਕਰਨ ਅਤੇ ਹਰ ਪ੍ਰਕਾਰ ਦੀ ਕੁਰਬਾਨੀ ਕਰਨ ਦੀ ਸਮਰੱਥਾ ਪੈਦਾ ਕੀਤੀ।"[੪]

ਅ) ਖਾਲਸਾ ਸਿਰਜਣਾ:- ਜਗਤ-ਗੁਰੂ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਸਮਾਜਿਕ ਪੁਨਰ-ਸੁਰਜੀਤੀ ਦੇ ਪ੍ਰਯੋਜਨ ਨੂੰ ਲੈ ਕੇ ਅਰੰਭ ਕੀਤੀ ਸਿੱਖ-ਚੇਤਨਾ ਨੂੰ, "ਸਿੱਖ-ਚਿੰਤਨ ਦੇ ਮਹਾਨ ਧਰਮ-ਸ਼ਾਸਤਰੀ ਭਾਈ ਗੁਰਦਾਸ ਜੀ, ਜਿਨ੍ਹਾਂ ਦੀਆਂ ਰਚਨਾਵਾਂ ਨੂੰ ਗੁਰਬਾਣੀ ਦੀ ਕੁੰਜੀ ਹੋਣ ਦਾ ਮਾਣ ਪ੍ਰਾਪਤ ਹੈ, ਨੇ ਨਿਰਮਲ-ਪੰਥ ਦੀ ਸੰਗਿਆ ਦੇ ਕੇ ਬਿਆਨ ਕੀਤਾ ਹੈ।"[੫] ਇਸ ਨਾਨਕ ਨਿਰਮਲ-ਪੰਥ ਦੀ ਬੁਨਿਆਦ ਅਜਿਹੇ ਸੁਨਹਿਰੀ ਅਸੂਲਾਂ ਨੂੰ ਬਣਾਇਆ ਗਿਆ ਜਿਨ੍ਹਾਂ ਉੱਤੇ ਭਵਿੱਖਤ ਮਨੁੱਖੀ ਸਮਾਜ ਦੇ ਮਹਿਲਾਂ ਦੀ ਉਸਾਰੀ ਹੋਣੀ ਸੀ। ਇਹ ਅਸੂਲ ਸਨ— ਇੱਕ ਪਰਮਾਤਮਾ ਵਿਚ ਵਿਸ਼ਵਾਸ, ਮਨੁੱਖੀ-ਏਕਤਾ, ਸਮਾਨਤਾ, ਨਿਮਰਤਾ ਅਤੇ ਪਰਉਪਕਾਰ। ਗੁਰਮਤਿ ਦੀ ਨਿਰਮਲ ਵਿਚਾਰਧਾਰਾ ਜਿੱਥੇ ਧਰਮ ਦੇ ਬਾਹਰੀ ਭੇਖਾਂ, ਕਰਮ-ਕਾਂਡਾਂ, ਪਾਠ-ਪੂਜਾ, ਤੀਰਥ-ਇਸ਼ਨਾਨਾਂ ਅਤੇ ਬਗਲ-ਸਮਾਧੀਆਂ ਦਾ ਪੁਰਜ਼ੋਰ ਖੰਡਨ ਕਰਦੀ ਹੈ,

ਉੱਥੇ ਹੀ ਧਰਮ ਦੇ ਅੰਤਰਮੁਖੀ ਵਿਸਮਾਦੀ ਪੱਖ ਜੋ ਪਰਮਾਤਮ-ਜੋਤਿ ਹੋ ਕੇ ਸਾਰਿਆਂ ਵਿਚ ਵਿਆਪਕ ਹੈ ਅਤੇ ਸਮੁੱਚੀ ਮਨੁੱਖਤਾ ਦੇ ਸਦੀਵੀ ਖੇੜੇ ਅਤੇ ਬੰਧਨ-ਮੁਕਤੀ ਦਾ ਸਾਧਨ ਹੈ ਦੀ ਸੋਝੀ ਕਰਵਾਉਂਦੀ ਹੈ। ਨਾਨਕ ਨਿਰਮਲ-ਪੰਥ ਦੇ ਇਨ੍ਹਾਂ ਸੁਨਹਿਰੀ ਅਸੂਲਾਂ ਨੂੰ ਲੋਕ-ਮਨਾਂ ਵਿਚ ਸਥਾਈ ਰੂਪ ਵਿਚ ਸਥਾਪਿਤ ਕਰਨ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਪ੍ਰਚਾਰਕ ਦੌਰੇ ਅਰੰਭੇ ਸੰਗਤ-ਸੰਸਥਾ ਦੀ ਸਥਾਪਨਾ ਕੀਤੀ। ਸੰਗਤ ਲੋਕਾਈ ਦਾ ਉਹ ਸਮੂਹ ਸੀ, ਜੋ ਰੋਜ਼ਾਨਾ ਇਕ ਪਰਮਾਤਮਾ ਦੇ ਨਾਮ ਦੇ ਅਰਾਧਨ ਕਰਨ ਦੇ ਨਾਲ-ਨਾਲ ਭਾਈਚਾਰਕ ਪਿਆਰ ਅਤੇ ਮਨੁੱਖੀ-ਏਕਤਾ ਦੇ ਸੰਕਲਪ ਦਾ ਪ੍ਰਣ ਲੈਂਦਾ ਸੀ। ਉਸ ਵੇਲੇ ਦੇ ਸਮਾਜਿਕ ਹਲਾਤਾਂ ਦੇ ਪਰਿਪੇਖ ਵਿਚ ਵੇਖਿਆਂ ਇਹ ਵਿਚਾਰ ਅਤੇ ਵਿਹਾਰ ਕ੍ਰਾਂਤੀਕਾਰੀ ਮਹਿਸੂਸ ਹੁੰਦੇ ਹਨ, ਜਦੋਂ ਭਾਰਤੀ ਹਿੰਦੂ ਸਮਾਜ ਵਿਚ ਜਾਤ-ਪਾਤ ਦੀ ਲਾਹਨਤ ਨੇ ਸਮਾਜਿਕ ਸਦਭਾਵਨਾ ਨੂੰ ਪੂਰੀ ਤਰ੍ਹਾਂ ਖੇਰੂੰ-ਖੇਰੂੰ ਕਰ ਦਿੱਤਾ ਸੀ। ਮੁਸਲਮਾਨ ਵੀ ਉੱਤਮ-ਮੱਧਮ ਵਰਗਾਂ ਵਿਚ ਵੰਡੇ ਹੋਏ ਸਨ। ਹਿੰਦੂ-ਮੁਸਲਮਾਨ ਦਾ ਆਪਸੀ ਟਕਰਾਉ ਖ਼ੂਨੀ-ਸ਼ਕਲ ਅਖ਼ਤਿਆਰ ਕਰ ਗਿਆ ਸੀ। ਸਮਾਜ ਦਾ ਇਕ ਵੱਡਾ ਵਰਗ ਅਜਿਹਾ ਵੀ ਸੀ ਜਿਹੜਾ ਜਗਤ ਤੋਂ ਉਪਰਾਮ ਹੋ ਕੇ ਜੰਗਲਾਂ-ਗੁਫ਼ਾਵਾਂ ਦੀ ਸ਼ਰਨ ਵਿਚ ਜਾ ਟਿਕਿਆ ਸੀ। ਜਾਤ-ਪਾਤ ਦੇ ਅਖੌਤੀ ਭਰਮ ਨੂੰ ਸਮਾਜ ਵਿੱਚੋਂ ਖ਼ਤਮ ਕਰਨ ਲਈ ਸ੍ਰੀ ਗੁਰੂ ਨਾਨਕ ਸਾਹਿਬ ਦੁਆਰਾ ਅਰੰਭੇ ਸਾਹਿਤ ਸਿਰਜਣਾ ਦੇ ਬੁਨਿਆਦੀ ਅਮਲ ਤੋਂ ਬਾਅਦ ਸੰਗਤ-ਸੰਸਥਾ ਦਾ ਅਮਲ ਮੀਲ-ਪੱਥਰ ਸਾਬਤ ਹੋਇਆ। ਅਗਲੇਰੀਆਂ ਗੁਰੂ-ਪੀੜ੍ਹੀਆਂ ਨੇ ਵੀ ਸਮਾਜਿਕ ਸਮਾਨਤਾ ਦੀ ਭਾਵਨਾ ਨਾਲ ਓਤ-ਪੋਤ ਸੰਗਤ-ਸੰਸਥਾ ਦੇ ਵਿਕਾਸ ਅਤੇ ਪਸਾਰ ਵਿਚ ਵਡਮੁੱਲਾ ਯੋਗਦਾਨ ਪਾਇਆ। ਸੰਗਤ-ਪੰਗਤ ਦਾ ਸੁਮੇਲ, ਮੰਜੀ-ਪ੍ਰਥਾ, ਮਸੰਦ ਨਿਯੁਕਤ ਕਰਨੇ, ਇਸੇ ਸੰਦਰਭ ਵਿਚ ਕੀਤੇ ਗਏ ਵਡਮੁੱਲੇ ਕਾਰਜ ਹਨ। ਇਤਿਹਾਸਿਕ ਦ੍ਰਿਸ਼ਟੀ ਤੋਂ ਵੇਖਿਆਂ ਇਹ ਪ੍ਰਤੱਖ ਹੁੰਦਾ ਹੈ ਕਿ ਖਾਲਸਾ-ਪੰਥ ਦੀ ਸਿਰਜਣਾ ਦੇ ਬੀਜ ਸੰਗਤ-ਸੰਸਥਾ ਦਾ ਅਰੰਭ ਕਰ ਕੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਬੀਜੇ ਸਨ। ਭਾਈ ਗੁਰਦਾਸ ਜੀ (ਦੂਜਾ) ਵੀ ਆਪਣੀ ਵਾਰ ਵਿਚ ਇਸ ਬਾਰੇ ਸੰਕੇਤ ਕਰਦੇ ਹਨ।

*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*

ਖਾਲਸਾ ਸ਼ਬਦ ਅਰਬੀ ਭਾਸ਼ਾ ਦੇ ਸ਼ਬਦ ਖ਼ਾਲਿਸ ਤੋਂ ਬਣਿਆ ਹੈ ਜਿਸ ਦਾ ਅਰਥ ਹੈ— ਸ਼ੁਧ, ਨਿਰਮਲ, ਨਿਰੋਲ, ਬਿਨਾ ਮਿਲਾਵਟ।[੬] ਇਨ੍ਹਾਂ ਅਰਥਾਂ ਵਿਚ ਭਗਤ ਕਬੀਰ ਜੀ ਨੇ ਰਾਗੁ ਸੋਰਠਿ ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੈ।[੭] ਭਾਰਤ ਵਿਚ ਮੁਗ਼ਲ ਰਾਜ ਸਮੇਂ ਇਸ ਸ਼ਬਦ ਦੀ ਬਹੁਤੀ ਵਰਤੋਂ ਉਸ ਜ਼ਮੀਨ ਲਈ ਕੀਤੀ ਜਾਂਦੀ ਸੀ ਜੋ ਕੇਵਲ ਬਾਦਸ਼ਾਹ ਦੇ ਅਧੀਨ ਹੁੰਦੀ ਸੀ। ਸਿੱਖ ਪਰੰਪਰਾ ਵਿਚ ਇਸ ਦੀ ਵਰਤੋਂ ਗੁਰਬਾਣੀ ਤੋਂ ਇਲਾਵਾ ਗੁਰੂ ਸਾਹਿਬਾਨ ਦੇ ਹੁਕਨਾਮਿਆਂ ਵਿਚ ਕੀਤੀ ਮਿਲਦੀ ਹੈ।[੮] ਇਨ੍ਹਾਂ ਹੁਕਨਾਮਿਆਂ ਵਿਚ ਸੰਗਤ ਨੂੰ ਗੁਰੂ ਕਾ ਖਾਲਸਾ ਕਿਹਾ ਹੈ ਜਿਸਦਾ ਭਾਵ ਗੁਰੂ ਤੇ ਸੰਗਤ ਵਿਚ ਕਿਸੇ ਪ੍ਰਕਾਰ ਦੇ ਵਿਚੋਲੇ ਦੀ ਜ਼ਰੂਰਤ ਨਹੀਂ। ਸ੍ਰੀ ਗੁਰੂ ਗੋਬਿੰਦ

ਸਿੰਘ ਜੀ ਦੁਆਰਾ ਖਾਲਸਾ-ਪੰਥ ਦੀ ਸਿਰਜਣਾ ਕਰ ਕੇ ਸੰਗਤ ਅਤੇ ਗੁਰੂ ਦੀ ਇਕਰੂਪਤਾ ਦਾ ਐਲਾਨ ਕਰ ਦਿੱਤਾ।

ਔਰੰਗਜ਼ੇਬ ਦੀ ਤੁਅੱਸਬੀ ਧਾਰਮਿਕ ਨੀਤੀ ਕਾਰਨ ੧੬੭੫ ਈ. ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਧਾਰਮਿਕ ਅਜ਼ਾਦੀ ਅਤੇ ਮਨੁੱਖੀ ਹੱਕਾਂ ਖਾਤਰ ਦਿੱਲੀ ਦੇ ਚਾਂਦਨੀ ਚੌਂਕ ਵਿਚ ਸ਼ਹੀਦੀ ਦਿੱਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਮਹਾਨ ਸ਼ਹਾਦਤ ਨੇ ਭਾਰਤੀ ਸਮਾਜ ਦੀ ਆਤਮਾ ਨੂੰ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭੂਤਕਾਲ ਅਤੇ ਵਰਤਮਾਨ ਦੀਆਂ ਸਮਾਜਿਕ ਅਤੇ ਰਾਜਸੀ ਪ੍ਰਸਥਿਤੀਆਂ ਨੂੰ ਗੰਭੀਰਤਾ ਨਾਲ ਘੋਖਿਆਂ ਅਤੇ ਆਉਣ ਵਾਲੇ ਸਮੇਂ ਦੀਆਂ ਗੰਭੀਰ ਚੁਣੌਤੀਆਂ ਦੀ ਨਿਸ਼ਾਨਦੇਹੀ ਕੀਤੀ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਸਮੇਂ ਵੀ ਅਜਿਹੀ ਸਮਾਜਿਕ ਦੁਰਬਲਤਾ ਦਾ ਅਨੁਭਵ ਗੁਰੂ ਜੀ ਨੇ ਕਰ ਲਿਆ ਸੀ। ਇਸੇ ਗੰਭੀਰ ਆਤਮਿਕ-ਮੰਥਨ ਵਿੱਚੋਂ ਖਾਲਸਾ ਸਿਰਜਣਾ ਦੇ ਮਹਾਨ ਸੰਕਲਪ ਨੇ ਜਨਮ ਲਿਆ। "ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਸਮਾਜ ਵਿਚ ਸਦੀਆਂ ਤੋਂ ਪਏ ਜਾਤ-ਪਾਤ, ਉਚ-ਨੀਚ, ਭਾਸ਼ਾਈ, ਸੱਭਿਆਚਾਰਕ, ਭਾਈਚਾਰਕ ਅਤੇ ਵਿਹਾਰਕ ਵਖਰੇਵਿਆਂ ਦੀ ਜੜ੍ਹ ਨੂੰ ਇੱਕੋ ਵਾਰ ਨਾਲ ਖਤਮ ਕਰਨ ਦਾ ਦ੍ਰਿੜ੍ਹ ਸੰਕਲਪ ਲਿਆ।"[੯] ਅਤੇ ਅਜਿਹੇ ਸੰਕਲਪ ਦੀ ਪ੍ਰਾਪਤੀ ਲਈ ਕਿਸੇ ਵੀ ਤਰ੍ਹਾਂ ਦੀ ਕੁਰਬਾਨੀ ਦੇਣ ਦਾ ਤਹੱਈਆ ਕੀਤਾ। ਉਨ੍ਹਾਂ ਨੇ ਖੇਰੂੰ-ਖੇਰੂੰ ਹੋਈ ਭਾਰਤੀ ਸਮਾਜਿਕ ਸ਼ਕਤੀ ਨੂੰ ਸੰਗਠਿਤ ਕਰਨ ਲਈ ਖਾਲਸਾ-ਪੰਥ ਦੀ ਸਿਰਜਣਾ ਕਰਨ ਦਾ ਇਤਿਹਾਸਿਕ ਕਦਮ ਚੁੱਕਿਆ। ਅਜਿਹਾ ਕਰਦਿਆਂ ਉਨਾਂ ਨੇ ਸ੍ਰੀ ਗੁਰੂ ਨਾਨਕ ਸਾਹਿਬ ਵੱਲੋਂ ਅਰੰਭੇ ਨਾਨਕ ਨਿਰਮਲ-ਪੰਥ ਨੂੰ ਹੀ ਖਾਲਸਾ-ਪੰਥ ਦੇ ਰੂਪ ਵਿਚ ਸੰਪੂਰਨ ਕੀਤਾ।

੧੬੯੯ ਈ. ਦੀ ਵੈਸਾਖੀ ਵਾਲੇ ਦਿਨ ਸ੍ਰੀ ਅਨੰਦਪੁਰ ਵਿਖੇ ਹਜ਼ਾਰਾਂ ਸਿੱਖ-ਸੰਗਤਾਂ ਦੇ ਇਕੱਠ ਵਿੱਚੋਂ ਅਜਿਹੇ ਪੰਜ-ਸੂਰਵੀਰਾਂ ਦੀ ਚੋਣ ਕੀਤੀ ਜੋ ਰੱਬੀ-ਏਕਤਾ ਅਤੇ ਮਨੁੱਖੀ ਬਰਾਬਰੀ ਦੇ ਸੰਕਲਪ ਦੀ ਪ੍ਰਾਪਤੀ ਲਈ ਗੁਰੂ-ਵਾਂਗ ਹੀ ਹਰ ਪ੍ਰਕਾਰ ਦੇ ਬਲੀਦਾਨ ਲਈ ਸਦਾ ਤਿਆਰ ਰਹਿਣਗੇ। ਇਨ੍ਹਾਂ ਨੂੰ ਸਤਿਕਾਰ ਵਜੋਂ ਪੰਜ-ਪਿਆਰੇ ਕਿਹਾ ਗਿਆ। ਇਨ੍ਹਾਂ ਪੰਜ-ਪਿਆਰਿਆਂ ਨੇ ਸਮੁੱਚੇ ਭਾਰਤੀ ਸਮਾਜ ਦੀ ਨੁਮਾਇੰਦਗੀ ਕੀਤੀ। ਲਾਹੌਰ ਦਾ ਦਇਆ ਰਾਮ, ਦਿੱਲੀ ਤੋਂ ਧਰਮ ਦਾਸ, ਦੁਆਰਕਾ ਤੋਂ ਮੁਹਕਮ ਚੰਦ, ਜਗਨਨਾਥ ਤੋਂ ਹਿੰਮਤ ਰਾਏ ਅਤੇ ਸਾਹਿਬ ਚੰਦ ਬਿਦਰ ਨਾਲ ਸੰਬੰਧਿਤ ਸਨ। ਇਨ੍ਹਾਂ ਨੂੰ ਖੰਡੇ-ਬਾਟੇ ਦਾ ਅੰਮ੍ਰਿਤ ਛਕਾ ਕੇ ਖਾਲਸਾ ਸਜਾਇਆ ਗਿਆ। ਪੰਜ-ਕਕਾਰਾਂ— ਕੇਸ, ਕੰਘਾ, ਕੜਾ, ਕਿਰਪਾਨ ਅਤੇ ਕਛਹਿਰਾ ਨੂੰ ਖਾਲਸੇ ਦੀ ਲਾਜ਼ਮੀ ਪੁਸ਼ਾਕ ਵਿਚ ਸ਼ਾਮਲ ਕੀਤਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਤਮਿਕ ਬਲ, ਧੁਰ ਕੀ ਬਾਣੀ ਅਤੇ ਨਿਰਮਲ ਪਾਣੀ ਨੂੰ ਰਿੜਕ ਕੇ ਤਿਆਰ ਕੀਤੇ ਅੰਮ੍ਰਿਤ ਨੇ ਖਾਲਸੇ ਦੇ ਸੁਭਾਅ ਵਿਚ ਸ਼ੀਤਲਤਾ, ਨਿਰਮਲਤਾ, ਵਿਸ਼ਾਲਤਾ, ਆਤਮਿਕ ਬਲ ਅਤੇ ਸ੍ਵੈਮਾਣ ਦੀ ਭਾਵਨਾ ਨੂੰ ਸੰਚਾਰਿਤ ਕੀਤਾ।

"ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਰਤੀ ਸਮਾਜ ਦੀਆਂ ਜਾਤ, ਧਰਮ-ਕਰਮ, ਬੋਲੀ, ਖਾਣ-ਪਾਨ ਅਤੇ ਸੱਭਿਆਚਾਰ ਤੇ ਆਧਾਰਿਤ ਸਾਰੀਆਂ ਵਿਕ੍ਰੀਤੀਆਂ ਨੂੰ ਅੰਮ੍ਰਿਤ ਦੇ ਬਾਟੇ ਵਿਚ ਘੋਲ ਕੇ ਖਤਮ ਕਰ ਦਿੱਤਾ।"[੧੦] ਸੂਰਬੀਰਤਾ, ਪਵਿੱਤਰਤਾ ਅਤੇ ਸੱਚਾਈ ਖਾਲਸੇ ਦਾ ਇਕ ਮਾਤਰ ਮਿਸ਼ਨ ਨਿਰਧਾਰਿਤ ਕੀਤਾ। ਖਾਲਸਾ ਸਿਰਜਣਾ ਭਾਰਤੀ ਧਰਾਤਲ ਉੱਤੇ ਵਾਪਰਿਆ ਅਜਿਹਾ ਇਤਿਹਾਸਿਕ ਵਰਤਾਰਾ ਹੈ ਜਦੋਂ ਅਖੌਤੀ ਨੀਵੇਂ ਤੋਂ ਨੀਵੇਂ ਕਹੇ ਜਾਣ ਵਾਲੇ ਵਰਗ ਨਾਲ ਮਹਾਨ ਯੋਧਿਆਂ ਦੇ ਰੂਪ ਵਿਚ ਤਬਦੀਲ ਹੋ ਗਏ। ਇਨ੍ਹਾਂ ਸੂਰਬੀਰਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਹੇਠ ਮੁਗ਼ਲਈ ਤਾਕਤ ਅਤੇ ਪਹਾੜੀ ਰਾਜਿਆਂ ਵਿਰੁੱਧ ੧੪ ਜੰਗ ਲੜੇ। ਗੁਰਮਤਿ-ਦਰਸ਼ਨ ਅਨੁਸਾਰ ਧਰਮ ਰੱਖਿਆ ਲਈ ਚੁੱਕੇ ਹਥਿਆਰ ਨੂੰ ਕਦੇ ਵੀ ਹਿੰਸਾ ਦਾ ਪ੍ਰਤੀਕ ਨਹੀਂ ਮੰਨਿਆ ਜਾ ਸਕਦਾ। ਸ਼ਸਤਰ ਹਿੰਸਾ ਤਦ ਬਣਦੇ ਹਨ ਜੇਕਰ ਕਿਸੇ ਰਾਜਸੀ ਸਵਾਰਥ ਜਾਂ ਆਪਣੀ ਲੋਭ ਪੂਰਤੀ ਲਈ ਵਰਤੇ ਜਾਣ। ਸ੍ਰੀ ਗੁਰੂ ਨਾਨਕ ਸਾਹਿਬ ਤੋਂ ਸ੍ਰੀ ਗੁਰੂ ਗੋਬਿੰਦ ਸਿੰਘ ਤਕ ੨੩੯ ਸਾਲ ਦੇ ਲਗਾਤਾਰ ਮੰਥਨ ਤੋਂ ਬਾਅਦ ਅਜਿਹੇ ਕਿਰਪਾਨਧਾਰੀ ਖਾਲਸਾ-ਪੰਥ ਦਾ ਸੰਸਾਰਕ ਮੰਚ ਉੱਤੇ ਆਗਮਨ ਹੋਇਆ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਔਰੰਗਜ਼ੇਬ ਨੂੰ ਲਿਖੇ ਜ਼ਫ਼ਰਨਾਮਾ (ਜਿੱਤ ਦੀ ਚਿੱਠੀ) ਰਾਹੀਂ ਕੁੱਲ ਸੰਸਾਰ ਨੂੰ ਇਹ ਸਿਧਾਂਤ ਤੇ ਸੰਦੇਸ਼ ਦਿੱਤਾ ਕਿ, ਜਦੋਂ ਸ਼ਾਂਤੀ ਅਤੇ ਅਮਨ ਦੇ ਰਾਹ 'ਤੇ ਚਲਦਿਆਂ ਸਾਰੇ ਵਸੀਲੇ ਅਤੇ ਉਪਾਅ ਹਾਰ ਜਾਣ ਤਾਂ ਕਿਰਪਾਨ ਦੇ ਮੁੱਠ ਨੂੰ ਹੱਥ ਪਾਉਣਾ ਜਾਇਜ਼ ਹੈ:

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸਤ॥*
*ਹਲਾਲੱਸਤ ਬੁਰਦਨ ਬ ਸ਼ਮਸ਼ੇਰ ਦਸਤ॥* *(ਜ਼ਫਰਨਾਮਾ)*

ਸਾਹਮਣੇ ਹੋ ਰਹੇ ਜ਼ੁਲਮ ਨੂੰ ਮੂਕ-ਦਰਸ਼ਕ ਬਣ ਕੇ ਦੇਖਦੇ ਰਹਿਣਾ ਅਹਿੰਸਾ ਨਹੀਂ ਬਲਕਿ ਬੁਜ਼ਦਿਲੀ ਹੈ। ਗੁਰੂ ਸਿਧਾਂਤ ਮੁਤਾਬਿਕ ਖਾਲਸੇ ਨੂੰ ਦੋ ਮੌਕਿਆਂ 'ਤੇ ਕਿਰਪਾਨ ਦੀ ਵਰਤੋਂ ਕਰਨ ਦਾ ਹੁਕਮ ਹੈ। ੧. ਧਰਮ ਰੱਖਿਆ ੨. ਗਰੀਬ ਮਜ਼ਲੂਮ ਤੇ ਸ੍ਵੈ-ਰੱਖਿਆ ਹਿੱਤ। ਜਦੋਂ ਔਰੰਗਜ਼ੇਬ ਨੇ ਤਲਵਾਰ ਦੇ ਜ਼ੋਰ 'ਤੇ ਪੂਰੇ ਭਾਰਤ ਨੂੰ ਮੁਸਲਮਾਨ ਬਣਾਉਣ ਦਾ ਤਹੱਈਆ ਕੀਤਾ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਮਸ਼ੀਰ ਧਰਮ-ਰੱਖਿਆ ਹਿੱਤ ਮਿਆਨ ਵਿੱਚੋਂ ਬਾਹਰ ਆਈ। "ਮੁਸਲਮਾਨਾਂ ਦੀ ਧਾਰਮਿਕ ਕੱਟੜਤਾ ਅਤੇ ਬ੍ਰਹਾਮਣਾਂ ਦੇ ਭਰਮ-ਜਾਲ ਦੇ ਬਾਵਜੂਦ ਇਹ ਸ੍ਰੀ ਗੁਰੂ ਗੋਬਿੰਦ ਸਿੰਘ ਦੀ ਕੁਸ਼ਲਤਾ ਹੀ ਸੀ ਜਿਸਨੇ ਭਾਈਚਾਰਕ-ਏਕਤਾ ਨਾਲ ਲਬਰੇਜ਼ ਖਾਲਸਾ-ਪੰਥ ਦੀ ਸਿਰਜਣਾ ਕੀਤੀ, ਜਿਸ ਦਾ ਉਭਾਰ ਬਾਅਦ ਵਿਚ ਸ਼ਕਤੀਸ਼ਾਲੀ ਤੀਜੀ ਧਿਰ ਵਜੋਂ ਹੋਇਆ।"[੯]

ੲ). ਕ੍ਰਾਂਤੀਕਾਰੀ ਪਰਿਵਰਤਨ:- (੧੪੬੯ -੧੬੯੯) ਸ੍ਰੀ ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਪਹਿਲਾਂ ਅਤੇ ਖਾਲਸਾ ਸਿਰਜਣਾ ਤੋਂ ਬਾਅਦ ਦੇ ਭਾਰਤੀ ਸਮਾਜ ਵਿਚ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪੱਖੋਂ ਹੈਰਾਨੀਜਨਕ ਬਦਲਾਅ ਦੀ

ਇਤਿਹਾਸਿਕ ਗਵਾਹੀ ਪ੍ਰਾਪਤ ਹੁੰਦੀ ਹੈ। ੧੪੬੯ ਈ. ਦਾ ਭਾਰਤੀ ਸਮਾਜ ਜਿੱਥੇ ਜਾਤ-ਪਾਤ ਅਤੇ ਵਰਨ ਦੀਆਂ ਅਨੇਕਾਂ ਵੰਡੀਆਂ ਵਿਚ ਵੰਡਿਆ ਹੋਇਆ ਸੀ, ਉੱਥੇ ੧੬੯੯ ਈ. ਤੋਂ ਬਾਅਦ ਦੇ ਭਾਰਤੀ ਸਮਾਜ ਵਿਚ ਜਾਤ-ਪਾਤ ਦੇ ਭਰਮ ਦੀਆਂ ਦੀਵਾਰਾਂ ਨੂੰ ਇੱਕੋ ਬਾਟੇ ਵਿੱਚੋਂ ਅੰਮ੍ਰਿਤ-ਛਕਾ ਕੇ ਸਦਾ ਲਈ ਤੋੜ ਦਿੱਤਾ ਗਿਆ। ਸੰਗਤ-ਪੰਗਤ ਸੰਸਥਾ ਨੇ ਜਾਤ ਦੇ ਭਰਮ ਨੂੰ ਲੋਕ-ਮਾਨਸਿਕਤਾ ਵਿੱਚੋਂ ਖ਼ਤਮ ਕੀਤਾ ਅਤੇ ਅੰਮ੍ਰਿਤ ਦੇ ਬਾਟੇ ਨੇ ਸਦਾ ਲਈ ਅਲੋਪ ਕਰ ਦਿਤਾ। ੧੪੬੯ ਈ. ਵੇਲੇ ਭਾਰਤੀ ਲੋਕਾਈ ਆਪਣੇ ਬੁਨਿਆਦੀ ਹੱਕਾਂ ਅਤੇ ਸ੍ਵੈਮਾਣ ਵੱਲੋਂ ਪੂਰੀ ਤਰ੍ਹਾਂ ਸਾਹ-ਸਤਹੀਣ ਅਤੇ ਨਿਰਬਲ ਸੀ। ਵਿਦੇਸ਼ੀ ਹਮਲਾਵਰ ਆਉਂਦੇ ਦੇਸ਼ ਦੀ ਇੱਜ਼ਤ ਅਤੇ ਧਨ-ਦੌਲਤ ਨੂੰ ਲੁਟਦੇ ਹੋਏ ਬੜੀ ਅਸਾਨੀ ਨਾਲ ਵਾਪਸ ਪਰਤ ਜਾਂਦੇ ਕੋਈ ਵੀ ਸੂਰਵੀਰ ਉਨ੍ਹਾਂ ਦਾ ਟਾਕਰਾ ਨਾ ਕਰਦਾ। ੧੬੯੯ ਈ. ਤੋਂ ਬਾਅਦ ਇਹੀ ਭਾਰਤੀ ਲੋਕਾਂ ਦੇ ਹੱਥ ਵਿਚ ਕਿਰਪਾਨ ਸੀ ਅਤੇ ਜਿਨ੍ਹਾਂ ਬਾਹਰੀ ਹਮਲਾਵਰਾਂ ਦੇ ਮੂੰਹ ਸਦਾ ਵਾਸਤੇ ਮੋੜ ਦਿੱਤੇ ਅਤੇ ਭਾਰਤੀਆਂ ਦੀ ਇੱਜ਼ਤ, ਧਨ-ਦੌਲਤ ਅਤੇ ਸ੍ਵੈਮਾਣ ਦੀ ਮੁੜ ਬਹਾਲੀ ਕੀਤੀ। ਸ਼ਾਸਤਰ ਅਤੇ ਸ਼ਸਤਰ-ਹੀਣ ਭਾਰਤ ਨਿਵਾਸੀਆਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਰਬ-ਸਾਂਝਾ ਧਰਮ-ਗ੍ਰੰਥ ਅਤੇ ਕਿਰਪਾਨ ਦੀ ਮੁੱਠ ਫੜਾਉਣਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਲਾ-ਮਿਸਾਲ ਕਮਾਲ ਹੈ। ੧੪੬੯ ਈ. ਵਿਚ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਸਮੇਂ ਮੁਗ਼ਲਾਂ ਦੇ ਅੱਤਿਆਚਾਰਾਂ ਕਾਰਨ ਬ੍ਰਾਹਮਣਾਂ ਦੀ ਹਾਲਤ ਇਹ ਸੀ ਕਿ ਉਹ ਮੁਗ਼ਲ ਸ਼ਾਸਕਾਂ ਦੇ ਸਾਹਮਣੇ ਤਾਂ ਕਤੇਬ-ਕੁਰਾਨ ਪੜ੍ਹਦੇ ਅਤੇ ਅਰਬੀ-ਫ਼ਾਰਸੀ ਵਿਚ ਸਲਾਮ-ਕਲਾਮ ਕਰਦੇ ਸਨ, ਪਰ ਆਪਣੇ ਘਰਾਂ ਵਿਚ ਲੁਕ ਕੇ ਬੇਦ-ਰੀਤ ਅਨੁਸਾਰ ਜੀਵਨ ਬਿਤਾਉਂਦੇ। ਇਸ ਦਾ ਇਸ਼ਾਰਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਵਿਚ ਕੀਤਾ ਹੈ:

*ਧੋਤੀ ਟਿਕਾ ਤੈ ਜਪਮਾਲੀ ਧਾਨੁ ਮਲੇਛਾਂ ਖਾਈ॥*
*ਅੰਤਰਿ ਪੂਜਾ ਪੜਹਿ ਕਤੇਬਾ ਸੰਜਮੁ ਤੁਰਕਾ ਭਾਈ॥* *(ਪੰਨਾ ੪੭੧)*

ਮੁਗ਼ਲਾਂ ਦੇ ਡਰ ਕਾਰਨ ਭਾਰਤੀਆਂ ਨੇ ਆਪਣੀ ਬੋਲੀ ਨੂੰ ਵੀ ਤਿਆਗ ਦਿੱਤਾ ਸੀ:

*ਘਰਿ ਘਰਿ ਮੀਆ ਸਭਨਾਂ ਜੀਆ ਬੋਲੀ ਅਵਰ ਤੁਮਾਰੀ॥* *(ਪੰਨਾ ੧੧੯੧)*

੧੬੯੯ ਈ. ਵੈਸਾਖੀ ਤੋਂ ਬਾਅਦ ਹਾਲਾਤ ਇਹ ਸਨ ਕਿ ਕੋਈ ਵੀ ਖਾਲਸਾ ਆਪਣੇ ਧਰਮ ਤੋਂ ਮੁਨਕਰ ਨਹੀਂ ਸੀ, ਬਲਕਿ ਉਸ ਦੇ ਕਕਾਰ ਅਤੇ ਕੇਸ ਆਪਣੇ ਧਰਮ ਪ੍ਰਤੀ ਦ੍ਰਿੜ੍ਹਤਾ ਦਾ ਪ੍ਰਤੱਖ ਸਬੂਤ ਸਨ। ਧਰਮ ਖਾਤਰ ਆਤਮ ਬਲੀਦਾਨ ਕਰਨ ਦੀ ਇਕ ਅਨੋਖੀ ਪਿਰਤ ਦਾ ਮੁੱਢ ਬੱਝਾ।

ਸਾਰ :- ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਮੁੱਚਾ ਜੀਵਨ ਪੋਹ (ਦਸੰਬਰ) ਦੇ ਮਹੀਨੇ ਦੀ ਤਰ੍ਹਾਂ ਬਿਖੜਾ, ਸੰਘਰਸ਼ ਭਰਿਆ ਅਤੇ ਸ਼ਹਾਦਤਾਂ ਨਾਲ ਭਰਪੂਰ ਸੀ। ਕੇਵਲ ੪੨ ਸਾਲ ਦੀ ਸਰੀਰਕ ਆਯੂ ਵਿਚ ਵਿਚਰਦਿਆਂ ਗੁਰੂ ਜੀ ਨੇ ਯੁੱਗ-ਪਲਟਾਊ ਘਟਨਾਵਾਂ ਨੂੰ ਅੰਜਾਮ ਦਿੱਤਾ ਜਿਨ੍ਹਾਂ ਨੇ ਇਤਿਹਾਸ ਦਾ ਰੁਖ਼ ਮੋੜ ਦਿੱਤਾ। ਉਨ੍ਹਾਂ ਵੱਲੋਂ ਸਥਾਪਿਤ

ਸਿਧਾਂਤ ਸਦੀਵਤਾ ਦੇ ਧਾਰਨੀ ਹਨ। ੧੬੯੯ ਈ. ਦੀ ਵੈਸਾਖੀ ਵਾਲੇ ਦਿਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਦੇ ਸਨਮੁਖ ਖਾਲਸਾ-ਪੰਥ ਦੀ ਸਿਰਜਣਾ ਕੀਤੀ ਜਿਸਦਾ ਇੱਕੋ-ਇਕ ਮਿਸ਼ਨ ਸੰਸਾਰ ਉੱਤੇ ਧਾਰਮਿਕ ਅਜ਼ਾਦੀ ਅਤੇ ਸ਼ੁਭ ਕਰਮਾਂ ਨਾਲ ਭਰਪੂਰ ਸਮਾਜ ਦਾ ਨਿਰਮਾਣ ਕਰਨਾ ਅਤੇ ਗ਼ਰੀਬ, ਲਾਚਾਰ ਉੱਪਰ ਜ਼ੁਲਮ ਕਰਨ ਵਾਲੇ ਸਵਾਰਥੀ ਅਨਸਰਾਂ ਨਾਲ ਟੱਕਰ ਲੈਣਾ ਹੈ। ਗੁਰੂ ਸਾਹਿਬਾਨ ਤੋਂ ਪਹਿਲਾਂ ਦਾ ਭਾਰਤੀ ਸਮਾਜ ਜਿੱਥੇ, ਧਾਰਮਿਕ ਪੱਖ ਤੋਂ ਵਹਿਮਾਂ-ਭਰਮਾਂ, ਪਖੰਡਾਂ-ਅਡੰਬਰਾਂ ਨਾਲ ਗ੍ਰਸਤ, ਸਮਾਜਿਕ ਪੱਖੋਂ ਜਾਤ-ਪਾਤ, ਊਚ-ਨੀਚ ਦੀਆਂ ਵੰਡਾਂ ਨਾਲ ਭਰਿਆ ਹੋਇਆ, ਰਾਜਨੀਤਿਕ ਤੌਰ 'ਤੇ ਲੋਧੀਆਂ ਦੀ ਅਰਾਜਕਤਾ ਅਤੇ ਮੁਗ਼ਲਾਂ ਦੇ ਜ਼ੁਲਮਾਂ ਦੀ ਗਾਥਾ ਅਤੇ ਆਰਥਿਕ ਪੱਖੋਂ ਲੁੱਟ-ਖਸੁਟ, ਗਰੀਬ-ਮਾਰੀ ਦੇ ਕਿੱਸਿਆਂ ਨਾਲ ਭਰਪੂਰ ਸੀ। ਇਸ ਦੇ ਉਲਟ ਗੁਰੂ-ਕਾਲ ੧੭੦੮ ਈ. ਤੋਂ ਬਾਅਦ ਇਹੀ ਭਾਰਤੀ ਸਮਾਜ ਧਾਰਮਿਕ ਪੱਖੋਂ ਰੱਬ ਦੀ ਏਕਤਾ ਦੇ ਵਿਸ਼ਵਾਸ ਦਾ ਧਾਰਨੀ, ਸਮਾਜਿਕ ਪੱਖ ਤੋਂ *ਮਾਨਸ ਕੀ ਜਾਤ ਸਬੈ ਏਕੈ ਪਹਿਚਾਨਬੋ* ਦੇ ਵਿਚਾਰਾਂ ਨਾਲ ਲਬਰੇਜ਼, ਰਾਜਨੀਤਿਕ ਤੌਰ 'ਤੇ *ਭੈ ਕਾਹੂ ਕੋ ਦੇਤ ਨਹਿ ਨਹਿ ਭੈ ਮਾਨਤ ਆਨ* ਦੀ ਗਰਜ਼ ਨਾਲ ਭਰਿਆ ਅਤੇ ਆਰਥਿਕ ਪੱਖੋਂ ਨਾਮ-ਜਪੋ, ਕਿਰਤ-ਕਰੋ, ਵੰਡ-ਛਕੋ ਦੇ ਅਮਲਾਂ ਨਾਲ ਭਰਪੂਰ ਦਿੱਸੇਗਾ। ਸੰਸਾਰ ਦੇ ਇਤਿਹਾਸ ਵਿਚ ਅਜਿਹੇ ਕ੍ਰਾਂਤੀਕਾਰੀ ਧਾਰਮਿਕ ਅਤੇ ਸਮਾਜਿਕ ਬਦਲਾਅ ਦੀ ਗਵਾਹੀ ਹੋਰ ਕਿਤੋਂ ਨਹੀ ਮਿਲਦੀ। ਜਿਸ ਮਾਰਗ ਦੀ ਨੀਂਹ ਸ੍ਰੀ ਗੁਰੂ ਨਾਨਕ ਸਾਹਿਬ ਨੇ ਰੱਖੀ ਸੀ, ਉਸ ਨੂੰ ਪੂਰਨਤਾ ਦੀ ਮੋਹਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਾਈ। ਇਹ ਇਤਿਹਾਸਿਕ ਸੱਚਾਈ ਹੈ ਇਸੇ ਨਵ-ਨਿਰਮਿਤ ਖਾਲਸਾ ਸਮਾਜ ਨੇ ਪਹਿਲਾਂ ਮੁਗ਼ਲ, ਫਿਰ ਅਫ਼ਗਾਨ ਅਤੇ ਬਾਅਦ ਵਿਚ ਅੰਗਰੇਜ਼ਾਂ ਹੱਥੋਂ ਭਾਰਤ ਨੂੰ ਅਜ਼ਾਦ ਕਰਵਾਇਆ।

ਹਵਾਲੇ :-


੧. ਤੇਜਾ ਸਿੰਘ, ਗੰਡਾ ਸਿੰਘ, *ਸਿੱਖ ਇਤਿਹਾਸ* (੧੪੬੯-੧੭੬੫), ਪੰਜਾਬੀ ਯੂਨੀਵਰਸਿਟੀ ਪਟਿਆਲਾ

੨. ਡਾ. ਰਤਨ ਸਿੰਘ ਜੱਗੀ, *ਗੁਰੂ ਗੋਬਿੰਦ ਸਿੰਘ ਤੇ ਖ਼ਾਲਸਾ ਪੰਥ*, ਜੋਗਿੰਦਰ ਸਿੰਘ ਕੈਰੋਂ (ਸੰਪਾ.) ਖ਼ਾਲਸਾ ਮੇਰੋ ਰੂਪ ਹੈ, ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁਕ ਬੋਰਡ, ਚੰਡੀਗੜ੍ਹ, ੧੯੯੯ ਪੰਨਾ-੪

੩. ਸ. ਜਗਜੀਤ ਸਿੰਘ, *ਆਪੇ ਗੁਰ ਚੇਲਾ*, ਬ੍ਰਿਜੇਸ਼ ਪ੍ਰਿੰਟਰਜ਼ ਮੁਹਾਲੀ,੧੯੯੮ ਪੰਨਾ-੧੫੧

੪. ਸ. ਜਗਜੀਤ ਸਿੰਘ, *ਆਪੇ ਗੁਰ ਚੇਲਾ*, ਬ੍ਰਿਜੇਸ਼ ਪ੍ਰਿਟਰਜ਼ ਮੁਹਾਲੀ,੧੯੯੮ ਪੰਨਾ-੧੫

੫. ਭਾਈ ਗੁਰਦਾਸ, ਵਾਰਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ,੨੦੦੮,ਪੰਨਾ-੨੩

੬. ਨਾਭਾ ਕਾਨ੍ਹ ਸਿੰਘ, *ਮਹਾਨ ਕੋਸ਼*, ਭਾਸ਼ਾ ਵਿਭਾਗ ਪਟਿਆਲਾ, ਪੰਨਾ-੩੭੪

੭. *ਸ੍ਰੀ ਗੁਰੂ ਗ੍ਰੰਥ ਸਾਹਿਬ*, ਪੰਨਾ-੬੫੪

੮. ਡਾ. ਗੰਡਾ ਸਿੰਘ (ਸੰਪਾ.), *ਹੁਕਮਨਾਮੇ*, ਪੰਜਾਬੀ ਯੂਨੀਵਰਸਿਟੀ ਪਟਿਆਲਾ,੧੯੬੭ ਪੰਨਾ-੬੬

੯. C.H. Loehlin, *The Sikhs and Their Scriptures,* Lucknow Publishing House, 1964,p-8

੧੦. ਉਹੀ, ਪੰਨਾ-੯

੧੧. C.H. Loehlin, *The Sikhs and Their Scriptures,* Lucknow Publishing House, 1964,p-11

# ਕੇਸ ਗੁਰੂ ਦੀ ਮੋਹਰ - ਸਿੱਖੀ ਦਾ ਨਿਸ਼ਾਨ

*-ਪ੍ਰੋ. ਕਿਰਪਾਲ ਸਿੰਘ ਬਡੂੰਗਰ**

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅੰਮ੍ਰਿਤਮਈ ਬਾਣੀ ਉਚਾਰਨ ਕਰ ਕੇ ਮਨੁੱਖ-ਮਾਤਰ ਨੂੰ ਕੂੜ ਦੇ ਮੰਡਲ ਵਿੱਚੋਂ ਕੱਢ ਕੇ ਸੱਚਖੰਡ ਦੀ ਪ੍ਰਾਪਤੀ ਕਰਨ ਹਿੱਤ ਸਚਿਆਰ ਬਣਨ ਦਾ ਮਾਰਗ ਦੱਸਿਆ। ਗੁਰੂ ਜੀ ਦੇ ਦੱਸੇ ਮਾਰਗ ਉੱਤੇ ਚੱਲਣ ਵਾਲੇ ਸ਼ਰਧਾਲੂਆਂ/ਸੇਵਕਾਂ ਦੀ ਸੰਗਿਆ 'ਸਿੱਖ' ਹੋ ਗਈ। ਇਸ ਤਰ੍ਹਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਅਤੇ ਉਨ੍ਹਾਂ ਦੇ ਅਮਲੀ ਜੀਵਨ ਦੁਆਰਾ ਸਿੱਖ ਧਰਮ ਦੀ ਸਥਾਪਨਾ ਹੋਈ। ਗੁਰਮਤਿ ਅਨੁਸਾਰ ਸਿੱਖ ਉਸੇ ਨੂੰ ਕਿਹਾ ਜਾ ਸਕਦਾ ਹੈ, ਜਿਸ ਨੂੰ ਗੁਰੂ ਸਾਹਿਬ ਦੇ ਬਚਨਾਂ ਉੱਤੇ ਅਡਿੱਗ ਅਤੇ ਅਟੁੱਟ ਵਿਸ਼ਵਾਸ ਹੈ, ਜਿਹੜਾ ਕਿ ਗੁਰੂ ਜੀ ਦੇ ਉਪਦੇਸ਼ ਨੂੰ ਆਪਣੇ ਮਨ ਵਿਚ ਧਾਰਦਾ ਹੈ ਅਤੇ ਅਮਲੀ ਤੇ ਪ੍ਰਗਟ ਰੂਪ ਵਿਚ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲਦਾ ਹੈ। ਸਿੱਖਾਂ ਵਿਚ ਇਸ ਤਰ੍ਹਾਂ ਦੀ ਕੋਈ ਵੰਡ ਨਹੀਂ ਕੀਤੀ ਗਈ ਕਿ ਇਹ ਅਜੇ ਪੂਰਾ ਸਿੱਖ ਨਹੀਂ ਹੋਇਆ ਅਤੇ ਦੂਜਾ ਪੱਕਾ ਸਿੱਖ ਬਣ ਚੁੱਕਾ ਹੈ। ਜਿਨ੍ਹਾਂ ਨੂੰ ਗੁਰੂ ਨਾਲ ਪਿਆਰ ਹੈ, ਜਿਨ੍ਹਾਂ ਨੂੰ ਵੀ ਗੁਰੂ ਦੀ ਬਾਣੀ ਮਿੱਠੀ ਲੱਗਦੀ ਹੈ, ਜੋ ਗੁਰਬਾਣੀ ਪੜ੍ਹ ਕੇ ਸੱਚ ਦੀ ਪ੍ਰਾਪਤੀ ਦਾ ਯਤਨ ਕਰਦੇ ਹਨ, ਜਿਨ੍ਹਾਂ ਦਾ ਜੀਵਨ ਗੁਰ-ਮਰਯਾਦਾ *ਜੋ ਗੁਰੁ ਦਸੈ ਵਾਟ ਮੁਰੀਦਾ ਜੋਲੀਐ* ਅਨੁਸਾਰ ਹੈ, ਉਹ ਸਾਰੇ ਹੀ ਸਿੱਖ ਹਨ। ਦੂਜੇ ਪਾਸੇ ਉਹ ਵਿਅਕਤੀ ਹਨ, ਜੋ ਗੁਰੂ ਦੇ ਦਰਸ਼ਨ ਕਰਨ ਤਾਂ ਜਾਂਦੇ ਹਨ, ਪਰ ਉਨ੍ਹਾਂ ਦੇ ਬਚਨਾਂ ਅਤੇ ਗੁਰ-ਮਰਯਾਦਾ ਉੱਤੇ ਵਿਸ਼ਵਾਸ ਨਹੀਂ ਕਰਦੇ। ਉਨ੍ਹਾਂ ਦਾ ਮਨ ਗੁਰਬਾਣੀ ਵਿਚ ਨਹੀਂ ਲੱਗਦਾ। ਉਨ੍ਹਾਂ ਨੇ ਅਜੇ ਗੁਰੂ ਦੇ ਦੱਸੇ ਮਾਰਗ ਉੱਤੇ ਚੱਲਣ ਦਾ ਨਿਰਣਾ ਨਹੀਂ ਲਿਆ। ਇਸ ਮਾਰਗ ਨਾਲੋਂ ਉਨ੍ਹਾਂ ਨੂੰ ਕੂੜ-ਮੰਡਲ ਦੀ ਖਿੱਚ ਵਧੇਰੇ ਪੈਂਦੀ ਹੈ। ਉਨ੍ਹਾਂ ਨੂੰ ਖਿਨ-ਭੰਗਰ ਦੇ ਵਿਸ਼ੇ-ਵਿਕਾਰਾਂ, ਰਸਾਂ-ਸੁਆਦਾਂ ਅਤੇ ਝੂਠੇ ਮੌਜ-ਮੇਲਿਆਂ ਵਿਚ ਜੀਵਨ ਬਤੀਤ ਕਰਨਾ ਵਧੇਰੇ ਸਾਰਥਕ ਲੱਗਦਾ ਹੈ। ਗੁਰਬਾਣੀ ਵਿਚ ਸੱਚੇ ਸ਼ਰਧਾਲੂਆਂ ਲਈ 'ਸਚਿਆਰ' ਸ਼ਬਦ ਅਤੇ ਦਿਖਾਵੇ ਦੇ ਸਿੱਖਾਂ ਲਈ 'ਕੂੜਿਆਰ' *ਜਿਨ੍ ਮਨਿ ਹੋਰੁ ਮੁਖਿ ਹੋਰੁ ਸਿ ਕਾਂਢੇ ਕਚਿਆ॥* ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਗੁਰੂ ਜੀ ਦਾ ਫ਼ੁਰਮਾਨ ਹੈ:

*ਜਿਨ ਕੇ ਚਿਤ ਕਠੋਰ ਹਹਿ ਸੇ ਬਹਹਿ ਨ ਸਤਿਗੁਰ ਪਾਸਿ॥*
*ਓਥੈ ਸਚੁ ਵਰਤਦਾ ਕੂੜਿਆਰਾ ਚਿਤ ਉਦਾਸਿ॥*
*ਓਇ ਵਲੁ ਛਲੁ ਕਰਿ ਝਤਿ ਕਢਦੇ ਫਿਰਿ ਜਾਇ ਬਹਹਿ ਕੂੜਿਆਰਾ ਪਾਸਿ॥*
*ਵਿਚਿ ਸਚੇ ਕੂੜੁ ਨ ਗਡਈ ਮਨਿ ਵੇਖਹੁ ਕੋ ਨਿਰਜਾਸਿ॥*

**ਸਾਬਕਾ ਪ੍ਰਧਾਨ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ: +੯੧੯੯੧੫੯-੦੫੧੦੦*

*ਕੂੜਿਆਰ ਕੂੜਿਆਰੀ ਜਾਇ ਰਲੇ ਸਚਿਆਰ ਸਿਖ ਬੈਠੇ ਸਤਿਗੁਰ ਪਾਸਿ॥*

*(ਪੰਨਾ ੩੧੪)*

ਸਿੱਖ ਦਾ ਗੁਰੂ ਦੀ ਸਿੱਖਿਆ ਨਾਲ ਅਟੁੱਟ ਸੰਬੰਧ ਹੈ। ਸਚਿਆਰ ਸਿੱਖ ਉਹ ਹੈ ਜੋ ਗੁਰੂ ਦੀ ਸਿੱਖਿਆ ਨੂੰ ਮਹਾਨ ਕਲਿਆਣਕਾਰੀ ਅਤੇ ਜੀਵਨ ਸਫ਼ਲ ਕਰਨ ਵਾਲੀ ਵਡਮੁੱਲੀ ਦਾਤ ਸਮਝਦਾ ਹੈ। ਇਸ ਸਿੱਖਿਆ ਨੂੰ ਗ੍ਰਹਿਣ ਕਰਨ ਲਈ ਉਹ ਆਪਣੇ ਦਿਲ-ਦਿਮਾਗ਼ ਦੇ ਦੁਆਰ ਖੋਲ੍ਹ ਦਿੰਦਾ ਹੈ, ਇਸ ਸਿੱਖਿਆ ਉੱਪਰ ਉਹ ਕਿਸੇ ਵੀ ਪ੍ਰਕਾਰ ਦੀ ਕੋਈ ਹੀਲ-ਹੁੱਜਤ ਜਾਂ ਕਿੰਤੂ-ਪ੍ਰੰਤੂ ਨਹੀਂ ਕਰਦਾ। ਉਹ ਗੁਰੂ ਦੀ ਸਿੱਖਿਆ ਨੂੰ ਮੰਨਣ ਵਿਚ ਆਪਣੇ ਧੰਨ ਭਾਗ ਸਮਝਦਾ ਹੈ। ਗੁਰੂ ਦੀ ਸਿੱਖਿਆ ਪ੍ਰਤੀ ਕਿਸੇ ਉਕਾਈ ਨੂੰ ਉਹ ਆਪਣੀ ਕਮਜ਼ੋਰੀ ਕਰ ਕੇ ਜਾਣਦਾ ਹੈ। ਝੂਠੀ ਦਲੀਲਬਾਜ਼ੀ ਵਿਚ ਪੈ ਕੇ ਆਪਣੀ ਉਕਾਈ ਨੂੰ ਉੱਚਿਤ ਠਹਿਰਾਉਣ ਦਾ ਯਤਨ ਨਹੀਂ ਕਰਦਾ। ਸਿੱਖ ਨੇ ਗੁਰੂ ਦੀ ਸਿੱਖਿਆ ਬਿਨਾ ਕਿਸੇ ਫੇਰ-ਬਦਲ ਤੋਂ, ਬਿਨਾਂ ਕੋਈ ਛੋਟ ਲੈਣ ਤੋਂ ਸ਼ੁੱਧ ਅਤੇ ਮੂਲ ਰੂਪ ਵਿਚ ਮੰਨਣੀ ਹੁੰਦੀ ਹੈ। ਮਨ ਦੀ ਮਤ ਅਤੇ ਮਾਇਆ-ਜਾਲ ਉੱਤੇ ਫ਼ਤਿਹ ਪ੍ਰਾਪਤ ਕਰ ਕੇ ਆਪਣਾ ਜੀਵਨ ਗੁਰਮਤਿ ਅਨੁਸਾਰ ਜਿਊਣਾ ਹੈ। ਉਹ ਸਚਿਆਰ ਹੈ। ਭਾਈ ਕਾਨ੍ਹ ਸਿੰਘ ਜੀ ਨਾਭਾ 'ਗੁਰਮਤਿ ਮਾਰਤੰਡ' ਵਿਚ ਸਫ਼ਾ ੧੩੭ ਉੱਤੇ ਲਿਖਦੇ ਹਨ, "ਸਿੱਖ ਉਹ ਹੈ ਜਿਸ ਨੇ ਜਗਤ ਗੁਰੂ ਦੇ ਵਿਚਾਰ ਅਨੁਸਾਰ ਸਿੱਖਿਆ ਸਿੱਖੀ ਹੈ।" ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਕੀ ਵਾਰ ਵਿਚ ਫ਼ੁਰਮਾਇਆ ਹੈ:

*ਸਿਖੀ ਸਿਖਿਆ ਗੁਰ ਵੀਚਾਰਿ॥ ਨਦਰੀ ਕਰਮਿ ਲਘਾਏ ਪਾਰਿ॥ (ਪੰਨਾ ੪੬੫)*

ਮਾਇਆ-ਜਾਲ ਵਿਚ ਗ੍ਰਸੇ ਮਨੁੱਖ ਅਤੇ ਗੁਰਮਤਿ ਅਨੁਸਾਰ ਆਪਣਾ ਜੀਵਨ ਢਾਲ ਕੇ ਸਚਿਆਰ ਬਣੇ ਮਨੁੱਖ ਬਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਇਉਂ ਫੁਰਮਾਉਂਦੇ ਹਨ:

*ਅਛਲ ਛਲਾਈ ਨਹ ਛਲੈ ਨਹ ਘਾਉ ਕਟਾਰਾ ਕਰਿ ਸਕੈ॥*
*ਜਿਉ ਸਾਹਿਬੁ ਰਾਖੈ ਤਿਉ ਰਹੈ ਇਸੁ ਲੋਭੀ ਕਾ ਜੀਉ ਟਲ ਪਲੈ॥੧॥*
*ਬਿਨੁ ਤੇਲ ਦੀਵਾ ਕਿਉ ਜਲੈ॥੧॥ ਰਹਾਉ॥*
*ਪੋਥੀ ਪੁਰਾਣ ਕਮਾਈਐ॥ ਭਉ ਵਟੀ ਇਤੁ ਤਨਿ ਪਾਈਐ॥*
*ਸਚੁ ਬੂਝਣੁ ਆਣਿ ਜਲਾਈਐ॥੨॥*
*ਇਹੁ ਤੇਲੁ ਦੀਵਾ ਇਉ ਜਲੈ॥*
*ਕਰਿ ਚਾਨਣੁ ਸਾਹਿਬ ਤਉ ਮਿਲੈ॥੧॥ਰਹਾਉ॥ (ਪੰਨਾ ੨੫)*

ਗੁਰੂ ਦੀ ਇਹ ਸਿੱਖਿਆ ਉਨ੍ਹਾਂ ਵਡਭਾਗੇ ਪ੍ਰਾਣੀਆਂ ਨੂੰ ਹੀ ਪ੍ਰਾਪਤ ਹੁੰਦੀ ਹੈ, ਜਿਨ੍ਹਾਂ ਦੇ ਮਨ ਵਿਚ ਇਸ ਦੀ ਅਭਿਲਾਖਾ ਜਾਗਦੀ ਹੈ। ਉਹ ਗੁਰੂ ਦੀ ਸ਼ਰਨ ਵਿਚ ਜਾ ਕੇ ਆਪਣਾ ਜਨਮ ਸਕਾਰਥਾ ਕਰਦੇ ਹਨ। ਗੁਰੂ ਦੇ ਦਰਸ਼ਨਾਂ ਤੋਂ ਬਲਿਹਾਰ ਜਾਂਦੇ ਹਨ। ਗੁਰੂ ਸਿੱਖ ਨੂੰ 'ਵਾਹਿਗੁਰੂ' ਮੰਤਰ ਦਿੰਦਾ ਹੈ, *ਵਾਹਿਗੁਰੂ ਗੁਰ ਮੰਤਰ ਹੈ ਜਪਿ*

*ਹਉਮੈ ਖੋਈ।* ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਦਾ ਤਿਆਗ ਕਰਨ ਦੀ ਸਿੱਖਿਆ ਦਿੰਦਾ ਹੈ। ਇਹੋ ਪੰਜ ਮੁੱਖ ਵਿਕਾਰ ਹਨ, ਜਿਹੜੇ ਮਨੁੱਖ ਨੂੰ ਸੱਚ ਦੇ ਮਾਰਗ ਉੱਤੇ ਚੱਲਣ ਵਿਚ ਰੁਕਾਵਟ ਪਾਉਂਦੇ ਹਨ। ਇਨ੍ਹਾਂ ਦੀ ਥਾਂ ਗੁਰੂ ਸਿੱਖ ਨੂੰ ਸਤ, ਸੰਤੋਖ, ਦਇਆ, ਧਰਮ, ਨਾਮ, ਦਾਨ ਅਤੇ ਇਸ਼ਨਾਨ ਦ੍ਰਿੜ੍ਹ ਕਰਵਾਉਂਦਾ ਹੈ। ਇਹ ਸੱਤ ਨਿਯਮ ਸਿੱਖੀ ਦੇ ਮੂਲ ਨਿਯਮ ਹਨ। ਜੋ ਇਸ ਸਿੱਖਿਆ ਨੂੰ ਪ੍ਰਾਪਤ ਕਰਦਾ ਹੈ ਅਤੇ ਧਾਰਨ ਕਰਦਾ ਹੈ, ਉਸ ਨੂੰ ਹੀ ਗੁਰਸਿੱਖ ਕਿਹਾ ਜਾ ਸਕਦਾ ਹੈ। ਭਾਈ ਗੁਰਦਾਸ ਜੀ ਗਿਆਰ੍ਹਵੀਂ ਵਾਰ ਦੀ ਤੀਸਰੀ ਪਉੜੀ ਵਿਚ ਫ਼ੁਰਮਾਉਂਦੇ ਹਨ:

*ਗੁਰਮੁਖਿ ਜਨਮੁ ਸਕਾਰਥਾ ਗੁਰਸਿਖ ਮਿਲਿ ਗੁਰ ਸਰਣੀ ਆਇਆ।*
*ਆਦਿ ਪੁਰਖ ਆਦੇਸੁ ਕਰਿ ਸਫਲ ਮੂਰਤਿ ਗੁਰ ਦਰਸਨੁ ਪਾਇਆ।*
*ਪਰਦਖਣਾ ਡੰਡਉਤ ਕਰਿ ਮਸਤਕੁ ਚਰਣ ਕਵਲ ਗੁਰ ਲਾਇਆ।*
*ਸਤਿਗੁਰੁ ਪੁਰਖ ਦਇਆਲੁ ਹੋਇ ਵਾਹਿਗੁਰੂ ਸਚੁ ਮੰਤ੍ਰੁ ਸੁਣਾਇਆ।*
*ਸਚ ਰਾਸਿ ਰਹਰਾਸਿ ਦੇ ਪੈਰੀਂ ਪੈ ਜਗੁ ਪੈਰੀ ਪਾਇਆ।*
*ਕਾਮੁ ਕਰੋਧੁ ਵਿਰੋਧੁ ਹਰਿ ਲੋਭੁ ਮੋਹੁ ਅਹੰਕਾਰੁ ਤਜਾਇਆ।*
*ਸਤੁ ਸੰਤੋਖੁ ਦਇਆ ਧਰਮੁ ਨਾਮੁ ਦਾਨੁ ਇਸਨਾਨੁ ਦ੍ਰਿੜਾਇਆ।*
*ਗੁਰ ਸਿਖ ਲੈ ਗੁਰਸਿਖੁ ਸਦਾਇਆ।*

ਗੁਰਬਾਣੀ ਦਾ ਉਪਦੇਸ਼ ਹੈ ਕਿ ਜੋ ਵਿਅਕਤੀ ਆਪਣੇ ਆਪ ਨੂੰ ਗੁਰੂ ਦਾ ਸਿੱਖ ਅਖਵਾਉਂਦਾ ਹੈ ਉਸ ਲਈ ਇਹ ਜ਼ਰੂਰੀ ਹੈ ਕਿ ਉਹ ਨਾਮ-ਬਾਣੀ ਨਾਲ ਜੁੜੇ, ਆਪ ਨਾਮ ਜਪੇ ਅਤੇ ਹੋਰਨਾਂ ਦੇ ਲਈ ਪ੍ਰੇਰਨਾ ਦਾ ਸ੍ਰੋਤ ਹੋਵੇ। ਅਜਿਹੀ ਕਰਨੀ ਵਾਲਾ ਰਹਿਤਵਾਨ ਸਿੱਖ ਹੀ ਗੁਰੂ ਨੂੰ ਚੰਗਾ ਲੱਗਦਾ ਹੈ ਅਤੇ ਉਹ ਸਤਿਕਾਰ ਦਾ ਪਾਤਰ ਹੁੰਦਾ ਹੈ। ਮਹਾਂਵਾਕ ਹੈ:

*- ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥*
*ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥*
*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥*
*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥*
*(ਪੰਨਾ ੩੦੫)*

*- ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥*
*(ਪੰਨਾ ੫੯੦)*

ਗੁਰਮਤਿ ਦੇ ਮਾਰਗ ਉੱਤੇ ਚੱਲਣਾ ਇਕ ਕਠਿਨ ਖੇਲ ਹੈ: *ਜਨ ਨਾਨਕ ਇਹੁ ਖੇਲੁ ਕਠਨੁ ਹੈ ਕਿਨਹੂੰ ਗੁਰਮੁਖਿ ਜਾਨਾ* ਇਹ ਜੀਵ-ਆਤਮਾ ਤੋਂ ਪਰਮਾਤਮਾ ਤਕ ਅਤੇ ਅਣੂ ਤੋਂ ਬ੍ਰਹਿਮੰਡ ਤਕ ਦਾ ਸਫ਼ਰ ਹੈ। ਇਹ ਸਚਿਆਰ ਤੋਂ ਖਾਲਸਾ ਤੀਕ ਦਾ ਸਫ਼ਰ ਹੈ। ਇਹ ਬਹੁਤ ਤਿੱਖੀ ਚੜ੍ਹਾਈ ਵਾਲੇ ਮਾਰਗ ਦੀ ਤਰ੍ਹਾਂ ਬਿਖਮ ਹੈ। ਇਹ ਵਿਸ਼ਵਾਸ ਦੀ ਹੀ ਵਾਰਤਾ ਨਹੀਂ, ਸਗੋਂ ਇਹ ਨਿਰੰਤਰ ਵਿਕਾਸ ਦਾ ਕਾਰਜ ਵੀ ਹੈ। ਅਰਥਾਤ ਸਿੱਖੀ ਹੁਕਮੀ ਮਾਰਗ ਹੈ। ਇਸ ਵਿਚ *ਸਲਾਮੁ ਜਬਾਬੁ ਦੋਵੈ ਕਰੇ ਮੁੰਢਹੁ ਘੁਥਾ ਜਾਇ* ਦਾ ਉਪਦੇਸ਼ ਦਿੱਤਾ ਗਿਆ ਹੈ। ਇਸ ਧਰਮ ਵਿਚ ਕਿੰਤੂ-ਪ੍ਰੰਤੂ ਲਈ ਕੋਈ ਸਥਾਨ ਨਹੀਂ ਹੈ। ਸਿੱਖ ਹਰ ਰੋਜ਼ 'ਸਿੱਖੀ ਕੇਸਾਂ ਸੁਆਸਾਂ ਸੰਗ ਨਿਭਾਉਣ' ਲਈ ਅਰਦਾਸ ਕਰਦਾ ਹੈ। ਦਸਮੇਸ਼ ਜੀ ਨੇ ਗੁਰਸਿੱਖਾਂ ਨੂੰ 'ਕੇਸ ਗੁਰੂ ਕੀ ਮੋਹਰ' ਫ਼ੁਰਮਾਇਆ ਸੀ। ਸੱਚਾ ਸਿੱਖ ਗੁਰੂ ਕੀ ਮੋਹਰ ਅਕਾਲ ਪੁਰਖ ਦੀ ਦਾਤ ਨਾਲ ਛੇੜਛਾੜ ਨਹੀਂ ਕਰ ਸਕਦਾ। ਗੁਰਸਿੱਖ ਨੂੰ ਇਕ ਖਾਸ ਅਨੁਸ਼ਾਸਨ ਵਿਚ ਰਹਿ ਕੇ ਘਾਲ-ਕਮਾਈ ਕਰਨੀ ਹੁੰਦੀ ਹੈ। ਗੁਰਬਾਣੀ ਦੇ ਮਹਾਂਵਾਕ ਹਨ:

*- ਬੋਲਹਿ ਸਾਚੁ ਮਿਥਿਆ ਨਹੀ ਰਾਈ॥*
*ਚਾਲਹਿ ਗੁਰਮੁਖਿ ਹੁਕਮਿ ਰਜਾਈ॥*
*ਰਹਹਿ ਅਤੀਤ ਸਚੇ ਸਰਣਾਈ॥* *(ਪੰਨਾ ੨੨੭)*

*- ਭਗਤਾ ਕੀ ਚਾਲ ਨਿਰਾਲੀ॥*
*ਚਾਲਾ ਨਿਰਾਲੀ ਭਗਤਾਹ ਕੇਰੀ ਬਿਖਮ ਮਾਰਗਿ ਚਲਣਾ॥*
*ਲਬੁ ਲੋਭੁ ਅਹੰਕਾਰੁ ਤਜਿ ਤ੍ਰਿਸਨਾ ਬਹੁਤੁ ਨਾਹੀ ਬੋਲਣਾ॥*
*ਖੰਨਿਅਹੁ ਤਿਖੀ ਵਾਲਹੁ ਨਿਕੀ ਏਤੁ ਮਾਰਗਿ ਜਾਣਾ॥*
*ਗੁਰ ਪਰਸਾਦੀ ਜਿਨੀ ਆਪੁ ਤਜਿਆ ਹਰਿ ਵਾਸਨਾ ਸਮਾਣੀ॥*
*ਕਹੈ ਨਾਨਕੁ ਚਾਲ ਭਗਤਾ ਜੁਗਹੁ ਜੁਗੁ ਨਿਰਾਲੀ* *(ਪੰਨਾ ੯੧੮)*

ਇਸ ਤਰ੍ਹਾਂ ਗੁਰਸਿੱਖ ਦਾ ਜੀਵਨ ਇਕ ਨਿਰੰਤਰ ਸੰਘਰਸ਼ ਦਾ ਰੂਪ ਹੁੰਦਾ ਹੈ। ਉਸ ਨੇ ਮਨ ਦੇ ਵਿਕਾਰਾਂ ਉੱਤੇ ਜਿੱਤ ਪ੍ਰਾਪਤ ਕਰਨੀ ਹੈ। *ਮਨਿ ਜੀਤੈ ਜਗੁ ਜੀਤ* ਆਪਣੇ ਆਪੇ ਤੋਂ ਉੱਪਰ ਉੱਠਣਾ ਹੈ, ਮਾਇਆ ਤੋਂ ਨਿਰਲੇਪ ਰਹਿ ਕੇ ਕੂੜ ਦੀ ਪਾਲ ਨੂੰ ਤੋੜਨਾ ਹੈ। ਗੁਰੂ ਦੀ ਸੇਵਾ ਕਰਨੀ ਹੈ, ਗੁਰੂ ਦੇ ਹੁਕਮ ਵਿਚ ਰਹਿਣਾ ਹੈ। ਸਿੱਖੀ ਮੂਲ ਰੂਪ ਵਿਚ ਸ਼ਰਧਾ ਅਤੇ ਪ੍ਰੇਮ ਦੀ ਕਥਾ ਤਾਂ ਹੈ ਹੀ ਐਪਰ ਇਸ ਦੇ ਨਾਲ-ਨਾਲ ਇਹ ਇਕ ਜੰਗ ਲੜਨ ਦੇ ਸਮਾਨ ਵੀ ਹੈ। ਇਸ ਲਈ ਸਿੱਖੀ ਨੂੰ *ਖੰਨਿਅਹੁ ਤਿਖੀ ਵਾਲਹੁ ਨਿਕੀ* ਕਿਹਾ ਜਾਂਦਾ ਹੈ। ਇਸ ਮਾਰਗ ਨੂੰ ਕੋਈ ਪਰਬਤ ਵਰਗੀ ਦ੍ਰਿੜ੍ਹਤਾ ਵਾਲਾ ਸੂਰਮਾ ਹੀ ਅਪਣਾਅ ਸਕਦਾ ਹੈ। ਸਿੱਖ ਬਣਨ ਲਈ ਸਿਰ ਤਲੀ ਉੱਤੇ ਧਰ ਕੇ ਗੁਰੂ ਦੀ ਸ਼ਰਨ ਵਿਚ ਜਾਣਾ ਹੁੰਦਾ ਹੈ। ਸਤਿਗੁਰਾਂ ਦਾ ਫ਼ੁਰਮਾਨ ਹੈ:

*- ਜਉ ਤਉ ਪ੍ਰੇਮ ਖੇਲਣ ਕਾ ਚਾਉ॥*

*ਸਿਰੁ ਧਰਿ ਤਲੀ ਗਲੀ ਮੇਰੀ ਆਉ॥*
*ਇਤੁ ਮਾਰਗਿ ਪੈਰੁ ਧਰੀਜੈ॥*
*ਸਿਰੁ ਦੀਜੈ ਕਾਣਿ ਨ ਕੀਜੈ॥* *(ਪੰਨਾ ੧੪੧੨)*
*- ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥* *(ਪੰਨਾ ੧੧੦੨)*

ਗੁਰੂ ਸਾਹਿਬ ਨੇ ਜੋ ਵੀ ਸਿੱਖ ਸਜਾਏ ਸਨ, ਉਹ ਸੱਚੀ ਟਕਸਾਲ ਵਿਚ ਜਾਂਚ-ਪਰਖ ਕੇ ਸਜਾਏ ਸਨ। ਉਨ੍ਹਾਂ ਨੂੰ ਨਾਮਧਰੀਕ ਸਿੱਖ ਬਣਾ ਕੇ ਆਪਣੇ ਚੇਲਿਆਂ ਦੀ ਗਿਣਤੀ ਵਧਾਉਣ ਦਾ ਸ਼ੌਕ ਨਹੀਂ ਸੀ। ਸਿੱਖੀ ਗੁਣਾਤਮਕ ਧਰਮ ਹੈ। ਇਹ ਕੋਈ ਝੂਠਾ ਪ੍ਰਚਾਰ ਕਰ ਕੇ ਗਿਣਤੀ ਮਾਤਰ ਵਧਾਉਣ ਵਾਲਾ ਧਰਮ ਨਹੀਂ ਹੈ। ਅੱਜ ਜਿੱਥੇ ਨਿੱਜ-ਪ੍ਰਸਤੀ ਅਤੇ ਨਿੱਜ ਪੂਜਾ ਦੀ ਦੁਨਿਆਵੀ ਖੇਡ ਵਿਚ ਕੂੜ-ਕੁਸੱਤ ਦੀਆਂ ਮਨਘੜਤ ਕਹਾਣੀਆਂ ਸੁਣਾਉਣ ਦੇ ਵਰਤਾਰੇ ਵਰਤ ਰਹੇ ਹਨ, ਉੱਥੇ ਸਿੱਖ ਧਰਮ ਵਿਚ ਅਜਿਹੇ ਪ੍ਰਚਾਰ ਦੀ ਕੋਈ ਗੁੰਜਾਇਸ਼ ਨਹੀਂ ਹੈ। ਸਿੱਖੀ ਵਿਚ ਗੁਣ ਦੀ ਹੀ ਕੀਮਤ ਹੈ, ਗਿਣਤੀ ਦੀ ਕੋਈ ਗੱਲ ਨਹੀਂ ਹੈ। ਇੱਥੇ ਤਾਂ ਨਿਰੋਲ ਸੱਚ ਦੀ ਗੱਲ ਹੁੰਦੀ ਹੈ। ਸੱਚ ਦੀ ਭਾਲ ਕਰਨ ਵਾਲੇ ਬੜੇ ਥੋੜ੍ਹੇ ਹੁੰਦੇ ਨੇ। ਸਿੱਖੀ ਤਾਂ ਅਜੋਕੇ ਸਮੇਂ ਸਿੱਖਾਂ ਦੇ ਬੱਚਿਆਂ ਨੂੰ ਵੀ ਸਾਂਭਣੀ ਔਖੀ ਹੋਈ ਲੱਗਦੀ ਹੈ ਤਾਂ ਦੂਜਿਆਂ ਨੂੰ ਸਿੱਖੀ ਦੇ ਘੇਰੇ ਵਿਚ ਕਿਵੇਂ ਲਿਆਂਦਾ ਜਾ ਸਕਦਾ ਹੈ? ਇਹ ਇਕ ਵੱਡਾ ਸੁਆਲ ਹੈ। ਸਿੱਖ ਧਰਮ ਦਾ ਪ੍ਰਚਾਰ ਸਿਰਫ ਪ੍ਰਚਾਰਕਾਂ ਦੇ ਹੀ ਜ਼ਿੰਮੇ ਨਹੀਂ ਲਾਇਆ ਜਾ ਸਕਦਾ। ਹਰ ਸਿੱਖ ਨੇ ਖ਼ੁਦ ਆਪਣੀ ਕਰਣੀ ਦੁਆਰਾ ਸਿੱਖੀ ਦਾ ਪ੍ਰਚਾਰ ਕਰਨਾ ਹੈ *(ਆਪਣ ਹਥੀ ਆਪਣਾ ਆਪੇ ਹੀ ਕਾਜੁ ਸਵਾਰੀਐ)*। ਜਿੰਨੀ ਕੁ ਗਿਣਤੀ ਵਿਚ ਵੀ ਸਿੱਖ ਹਨ ਜੇ ਉਹ ਆਪ ਸਿੱਖੀ ਭਾਵਨਾ ਵਿਚ ਪੂਰੀ ਤਰ੍ਹਾਂ ਰੰਗੇ ਹੋਣਗੇ ਤਾਂ ਸਿੱਖੀ ਦਾ ਪ੍ਰਚਾਰ ਆਪਣੇ-ਆਪ ਸੁਭਾਵਿਕ ਹੀ ਹੁੰਦਾ ਰਹੇਗਾ। ਗੁਰਬਾਣੀ ਦਾ ਮਹਾਂਵਾਕ ਹੈ:

*ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥*
*ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥*
*ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥*
*ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥*
*ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥* *(ਪੰਨਾ ੯੧੯)*

ਜੋ ਅਖੌਤੀ ਸਿੱਖ ਸਮੇਂ ਦੀ ਚਮਕ-ਦਮਕ ਤੋਂ ਪ੍ਰਭਾਵਿਤ ਹੋ ਕੇ ਆਪਣੇ ਆਪ ਨੂੰ ਸੁੰਦਰ ਬਣਾਉਣ ਹਿੱਤ ਰੋਮਾਂ ਦੀ ਬੇਅਦਬੀ ਕਰਦੇ ਹਨ ਜਾਂ ਆਪਣੇ ਆਪ ਨੂੰ ਧੋਖਾ ਦੇਣ ਵਾਲੇ ਆਪਣੇ ਵਾਲਾਂ ਨੂੰ ਰੰਗ ਕੇ ਦੁਨੀਆ ਸਾਹਮਣੇ ਨਕਲੀ ਜੁਆਨ ਹੋਣ ਦਾ ਢੌਂਗ ਕਰਦੇ ਹਨ, ਉਹ ਫੋਕੀਆਂ ਦਲੀਲਾਂ ਦੇ ਕੇ ਕੇਸਾਂ ਦੀ ਅਹਿਮੀਅਤ ਨੂੰ ਘਟਾ ਕੇ ਪੇਸ਼ ਕਰਨ ਦਾ ਅਸਫ਼ਲ ਯਤਨ ਕਰਦੇ ਹਨ। ਅਜਿਹੇ ਮਨੁੱਖਾਂ ਉੱਤੇ ਪੰਜਾਬੀ ਦੀ ਕਹਾਵਤ

'ਮਨ ਹਰਾਮੀ ਹੁੱਜਤਾਂ ਢੇਰ' ਪੂਰੀ ਢੁੱਕਦੀ ਹੈ। ਅਜਿਹੇ ਲੋਕ ਆਪਣੇ ਨਿੱਜੀ ਸੁਆਰਥਾਂ ਦੀ ਪੂਰਤੀ ਲਈ 'ਸਿੱਖੀ ਦਾ ਸ਼ੋਸ਼ਣ' ਕਰਨ ਵਾਲੇ ਹੀ ਹਨ। ਸਿੱਖ ਉਹ ਹੀ ਹੈ ਜੋ ਗੁਰਮਤਿ ਦੇ ਅਧੀਨ ਹੋ ਕੇ ਚੱਲਦਾ ਹੈ, ਕੋਈ ਹੀਲ-ਹੁੱਜਤ ਨਹੀਂ ਕਰਦਾ, ਜਿਸ ਦਾ ਜੀਵਨ ਪੂਰਨ ਰੂਪ ਵਿਚ ਗੁਰ-ਮਰਯਾਦਾ ਅਨੁਸਾਰੀ ਹੈ। ਗੁਰੂ ਜੀ ਦਾ ਮਹਾਂਵਾਕ ਹੈ:

*ਸੋ ਸਿਖੁ ਸਖਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥*
*ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥* (ਪੰਨਾ ੬੦੧)

'ਜਨਮ ਸਾਖੀ' ਅਨੁਸਾਰ ਮੱਕੇ ਵਿਚ ਗੁਰੂ ਸਾਹਿਬ ਨੇ ਕਾਜ਼ੀ ਰੁਕਨਦੀਨ ਨਾਲ ਵਿਚਾਰ-ਗੋਸ਼ਟੀ ਕਰਦਿਆਂ ਉਸ ਨੂੰ ਸਾਬਤ-ਸੂਰਤ ਰਹਿਣ ਦਾ ਹੁਕਮ ਕੀਤਾ ਸੀ ਅਤੇ ਇਹ ਵੀ ਫ਼ੁਰਮਾਇਆ ਸੀ ਕਿ ਮਨੁੱਖ ਦੀ ਸੂਰਤ ਰੱਬ ਨੇ ਆਪਣੀ ਪਸੰਦ ਅਨੁਸਾਰ ਬਣਾਈ ਹੈ, ਇਸ ਵਿਚ ਕਿਸੇ ਤਰ੍ਹਾਂ ਦੀ ਤਬਦੀਲੀ ਅਤੇ ਭੰਨ-ਤੋੜ ਮਨੁੱਖ ਕਿਸੇ ਬੇਈਮਾਨੀ ਦੀ ਭਾਵਨਾ ਅਧੀਨ ਹੀ ਕਰਦਾ ਹੈ। ਜੇ ਮਨ ਸਾਫ਼ ਹੋਵੇ ਤਾਂ ਸਰੀਰਕ ਬਣਤਰ ਵਿਚ ਛੇੜ-ਛਾੜ ਕਰਨ ਦੀ ਕੋਈ ਲੋੜ ਨਹੀਂ ਭਾਸਦੀ। ਪ੍ਰਚਲਿਤ ਕਥਨ :

*ਸਾਬਤ ਸੂਰਤਿ ਰੱਬ ਦੀ, ਭੰਨੇ ਬੇਈਮਾਨ।*

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਾਂ ਕਾਜ਼ੀ ਨੂੰ ਸਮੁੱਚੀ ਦੇਹ ਨੂੰ ਅਕਾਲ ਪੁਰਖ ਨੂੰ ਪੂਰਨ ਰੂਪ ਵਿਚ ਸਮਰਪਣ ਕਰਦਿਆਂ ਇਸ ਨੂੰ ਸਾਬਤ ਸੂਰਤ ਰੱਖਦਿਆਂ ਰੱਬੀ ਰੰਗ ਵਿਚ ਰੰਗਣ ਲਈ ਇਉਂ ਉਪਦੇਸਿਆ ਹੈ:

*ਕਾਇਆ ਕਿਰਦਾਰ ਅਉਰਤ ਯਕੀਨਾ॥*
*ਰੰਗ ਤਮਾਸੇ ਮਾਣਿ ਹਕੀਨਾ॥* (ਪੰਨਾ ੧੦੮੪)

ਗਲੈਮਰ, ਪੰਥ-ਦੋਖੀ ਸ਼ਕਤੀਆਂ ਅਤੇ ਪੱਛਮੀ ਪ੍ਰਭਾਵ ਹੇਠ ਸਿੱਖ ਨੌਜੁਆਨਾਂ ਅਤੇ ਮੁਟਿਆਰਾਂ ਵਿਚ ਪਤਿਤਪੁਣੇ, ਨੰਗੇਜ਼ਵਾਦ ਅਤੇ ਅਸ਼ਲੀਲਤਾ ਦੀ ਲਹਿਰ ਬੜੇ ਜ਼ੋਰ ਨਾਲ ਚੱਲੀ ਹੈ। ਇਸ ਸਾਰੇ ਘਟਨਾਕ੍ਰਮ ਪਿੱਛੇ ਪੰਥ-ਦੋਖੀ ਸ਼ਕਤੀਆਂ ਦਾ ਹੱਥ ਹੈ। ਕੇਸ ਸਿੱਖ ਧਰਮ ਦਾ ਅਰੰਭ ਤੋਂ ਹੀ ਅਨਿੱਖੜ੍ਹਵਾਂ ਅੰਗ ਰਹੇ ਹਨ, ਸਗੋਂ ਇਹ ਤਾਂ ਕੁਦਰਤ ਦੀ ਰੱਬੀ ਰਹਿਮਤ ਤੇ ਦਾਤ ਹਨ। ਇਸ ਸੰਬੰਧ ਵਿਚ ਇਤਿਹਾਸਿਕ ਵਰਣਨ, ਰਹਿਤਨਾਮਿਆਂ ਦੇ ਹਵਾਲੇ, ਭਾਈ ਗੁਰਦਾਸ ਜੀ, ਭਾਈ ਨੰਦ ਲਾਲ ਜੀ ਆਦਿ ਪ੍ਰਮੁੱਖ ਸਿੱਖਾਂ ਦੇ ਵਿਚਾਰ ਅਤੇ ਗੁਰਬਾਣੀ ਵਿੱਚੋਂ ਕੇਸਾਂ ਦੀ ਮਹੱਤਤਾ ਬਾਰੇ ਬਹੁਤ ਕੁਝ ਮਿਲਦਾ ਹੈ। ਭਾਈ ਗੁਰਦਾਸ ਜੀ, ਭਾਈ ਅਮਰਦਾਸ ਜੀ ਦੇ ਭਤੀਜੇ ਸਨ। ਉਨ੍ਹਾਂ ਨੇ ਆਪਣੇ ਜੀਵਨ-ਕਾਲ ਵਿਚ ਚਾਰ ਗੁਰੂ ਸਾਹਿਬਾਨ ਦੇ ਦਰਸ਼ਨ ਕੀਤੇ ਸਨ। ਉਨ੍ਹਾਂ ਨੇ ਆਪਣੀ ਰਚਨਾ ਵਿਚ ਸ੍ਰੀ ਗੁਰੂ ਰਾਮਦਾਸ ਜੀ ਦੇ ਵੱਡੇ ਪੁੱਤਰ ਪ੍ਰਿਥੀ ਚੰਦ ਦੀ ਨਿਖੇਧੀ ਕੀਤੀ ਹੈ। ਇਸ ਵਿਚ ਉਸ ਦੇ ਹੋਰ ਔਗੁਣਾਂ ਦੇ ਨਾਲ ਰੋਮਾਂ ਦੀ ਬੇਅਦਬੀ ਦਾ ਵੀ ਦੋਸ਼ ਲਾਇਆ ਗਿਆ ਹੈ। ਇਸ ਤੋਂ ਸਿੱਧ ਹੁੰਦਾ ਹੈ ਕਿ ਗੁਰੂ-ਘਰ ਵਿਚ ਰੋਮਾਂ ਦੀ ਬੇਅਦਬੀ ਨਾ ਕਰਨ ਦੀ ਪਰੰਪਰਾ ਅਰੰਭ ਤੋਂ ਹੀ ਸੀ। ਗੁਰਬਾਣੀ ਵਿਚ ਪਰਮਾਤਮਾ ਨੂੰ ਕਈ ਥਾਂ ਕੇਸਾਧਾਰੀ (ਕੇਸ਼ਵ) ਕਿਹਾ

ਗਿਆ ਹੈ। ਕੇਸਾਂ ਦੀ ਮਹੱਤਤਾ ਦਾ ਇੱਥੋਂ ਵੀ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਥਾਂ ਖਾਲਸੇ ਦੀ ਸਾਜਨਾ ਕੀਤੀ, ਉਸ ਤਖ਼ਤ ਦਾ ਨਾਂ ਹੀ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਹੈ। ਪਰਮਾਤਮਾ ਨੇ ਇਹ ਰਚਨਾ ਕੀਤੀ ਹੈ। ਨਾਰੀ ਅਤੇ ਮਰਦ ਸਿਰਜੇ ਹਨ ਜਿਨ੍ਹਾਂ ਵਿੱਚੋਂ ਉਹ ਪ੍ਰਗਟ ਹੋ ਰਿਹਾ ਹੈ। ਸਾਰਿਆਂ ਵਿਚ ਉਸੇ ਦੀ ਜੋਤ ਹੈ। ਗੁਰੂ ਜੀ ਨੇ ਪਰਮਾਤਮਾ ਦੇ ਵਿਸਮਾਦੀ ਸਰੂਪ ਦੀ ਸੁੰਦਰਤਾ ਦਾ ਵਰਣਨ ਕਰਦਿਆਂ ਜਿੱਥੇ ਉਸ ਦੇ ਸੋਹਣੇ ਨੈਣਾਂ, ਦੰਦਾਂ ਅਤੇ ਨੱਕ ਦੀ ਸ਼ਲਾਘਾ ਕੀਤੀ ਹੈ ਅਤੇ ਉਸ ਦੀ ਕੰਚਨ ਕਾਇਆ ਨੂੰ ਸੋਨੇ ਵਰਗੀ ਦੱਸਿਆ, ਉੱਥੇ ਉਸ ਦੇ ਲੰਮੇ ਵਾਲਾਂ ਦੀ ਪ੍ਰਸੰਸਾ ਵੀ ਸਪਸ਼ਟ ਰੂਪ ਵਿਚ ਕੀਤੀ ਹੈ। ਮੂਲ ਸ਼ਬਦ ਇਸ ਪ੍ਰਕਾਰ ਹੈ:

*ਤੇਰੇ ਬੰਕੇ ਲੋਇਣ ਦੰਤ ਰੀਸਾਲਾ॥*
*ਸੋਹਣੇ ਨਕ ਜਿਨ ਲੰਮੜੇ ਵਾਲਾ॥*
*ਕੰਚਨ ਕਾਇਆ ਸੁਇਨੇ ਕੀ ਢਾਲਾ॥* *(ਪੰਨਾ ੫੬੭)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ ਸਾਜਣ ਸਮੇਂ ਕੇਸਾਂ ਦੀ ਮਹੱਤਤਾ ਨੂੰ ਕਕਾਰਾਂ ਵਿਚ ਅਤੇ ਤਨਖਾਹਨਾਮਿਆਂ ਵਿਚ ਵੀ ਪਹਿਲੇ ਸਥਾਨ ਉੱਤੇ ਰੱਖਿਆ ਹੈ। ਕਕਾਰਾਂ ਵਿਚ ਦੋ ਕਕਾਰ ਕੇਸਾਂ ਨਾਲ ਹੀ ਸੰਬੰਧਿਤ ਹਨ। ਇਕ ਕੇਸ ਕਕਾਰ ਮੰਨੇ ਗਏ ਹਨ, ਦੂਜਾ ਕੰਘਾ ਵੀ ਕੇਸਾਂ ਨਾਲ ਹੀ ਸੰਬੰਧਿਤ ਹੈ:

*ਬਿਨਾ ਸ਼ਸਤ੍ਰ ਕੇਸੰ ਨਰੰ ਭੇਡ ਜਾਨੋ। ਗਹੇ ਕਾਨ ਤਾਕੋ ਕਿਤੈ ਲੈ ਸਿਧਾਨੋ।*
*ਇਹੈ ਮੋਰ ਆਗਿਆ ਸੁਨੋ ਹੇ ਪਿਆਰੇ। ਬਿਨਾ ਤੇਗ ਕੇਸੰ ਦਿਵੋ ਨ ਦਿਦਾਰੇ।*
*(ਗੁਰ ਬਿਲਾਸ ਪਾ: ੧੦)*

*ਕੰਘਾ ਦੋਨਉਂ ਵਕਤ ਕਰ ਪਾਗ ਚੁਨਹਿ ਕਰ ਬਾਂਧਈ।*
*(ਤਨਖਾਹਨਾਮਾ ਭਾਈ ਨੰਦ ਲਾਲ ਜੀ)*

*ਬਿਖਿਆ ਕਿਰਿਆ ਭਦਨ ਤਯਾਗਹੁ।*
*ਜਟਾ ਜੂਟ ਰਹਿਬੋ ਅਨੁਰਾਗਹੁ।*

ਇਨ੍ਹਾਂ ਤੋਂ ਇਲਾਵਾ ਕੇਸਾਂ ਨੂੰ ਰੰਗਣ ਅਤੇ ਚਿੱਟੇ ਕੇਸਾਂ ਨੂੰ ਵੀ ਚੁਗਣ ਦੀ ਮਨਾਹੀ ਖਾਲਸੇ ਦੀ ਰਹਿਤ ਵਿਚ ਕੀਤੀ ਗਈ ਹੈ।

*ਸਿੱਖ ਕਲਫ਼ ਨਾ ਲਗਵਾਵੇ ਜੋ ਲਗਾਵੇ ਸੋ ਤਨਖਾਹੀਆ।*
*ਜੋ ਸਿਖ ਚਿਟੇ ਕੇਸ ਚੁਗੇ ਸੋ ਤਨਖਾਹੀਆ।*
*(ਰਹਿਤਨਾਮਾ ਭਾਈ ਚਉਪਾ ਸਿੰਘ ਜੀ)*

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਸਾਂ ਬਾਰੇ ਬਿਆਨ ਕੀਤਾ ਗਿਆ ਹੈ ਜਿਸ ਤੋਂ ਗੁਰਮਤਿ ਵਿਚ ਕੇਸਾਂ ਦੀ ਅਹਿਮੀਅਤ ਬਾਰੇ ਸਮਝ ਪੈਂਦੀ ਹੈ। ਕੁਝ ਉਦਾਹਰਨਾਂ ਹੇਠ ਲਿਖੇ ਅਨੁਸਾਰ ਹਨ:

*- ਮੇਰੇ ਰਾਮ ਹਰਿ ਜਨ ਕੈ ਹਉ ਬਲਿ ਜਾਈ॥*

*ਕੇਸਾ ਕਾ ਕਰਿ ਚਵਰੁ ਢੁਲਾਵਾ ਚਰਣ ਧੂੜਿ ਮੁਖਿ ਲਾਈ॥ (ਪੰਨਾ ੭੪੯)*
*– ਕੇਸਾ ਕਾ ਕਰਿ ਬੀਜਨਾ ਸੰਤ ਚਉਰੁ ਢੁਲਾਵਉ॥*
*ਸੀਸੁ ਨਿਹਾਰਉ ਚਰਣ ਤਲਿ ਧੂਰਿ ਮੁਖਿ ਲਾਵਉ॥ (ਪੰਨਾ ੭੪੫)*
*– ਸੇ ਦਾੜੀਆਂ ਸਚੀਆ ਜਿ ਗੁਰ ਚਰਨੀ ਲਗੰਨਿ੍॥*
*ਅਨਦਿਨੁ ਸੇਵਨਿ ਗੁਰੁ ਆਪਣਾ ਅਨਦਿਨੁ ਅਨਦਿ ਰਹੰਨਿ੍॥*
*ਨਾਨਕ ਸੇ ਮੁਹ ਸੋਹਣੇ ਸਚੈ ਦਰਿ ਦਿਸੰਨਿ੍॥*
*ਮੁਖ ਸਚੇ ਸਚੁ ਦਾੜੀਆ ਸਚੁ ਬੋਲਹਿ ਸਚੁ ਕਮਾਹਿ॥*
*ਸਚਾ ਸਬਦੁ ਮਨਿ ਵਸਿਆ ਸਤਿਗੁਰ ਮਾਂਹਿ ਸਮਾਂਹਿ॥ (ਪੰਨਾ ੧੪੧੯)*

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕੇਂਦਰੀ ਸਿੱਖ ਰੈਫਰੈਂਸ ਲਾਇਬ੍ਰੇਰੀ ਵਿਚ ਕਾਬਲ ਦੀ ਸੰਗਤ ਦੇ ਨਾਮ ਦਸਮੇਸ਼ ਪਾਤਸ਼ਾਹ ਦਾ ਹੁਕਮਨਾਮਾ ਮੌਜੂਦ ਹੈ ਜੋ ਇਸ ਪ੍ਰਕਾਰ ਹੈ:

*ੴ ਸਤਿਗੁਰੂ ਜੀ ਸਹਾਇ॥*

ਸਰਬਤ ਸੰਗਤ ਕਾਬਲ ਗੁਰੂ ਰਖੇਗਾ। ਤੁਸਾਂ ਉਤੇ ਅਸਾਡੀ ਬਹੁਤ ਖੁਸ਼ੀ ਹੈ। ਤੁਸਾਂ ਖੰਡੇ ਦਾ ਅੰਮ੍ਰਿਤ ਪੰਜਾਂ ਤੋਂ ਲੈਣਾ, ਕੇਸ ਰਖਣੇ ਇਹ ਅਸਾਡੀ ਮੋਹਰ ਹੈ। ਕੱਛ ਕ੍ਰਿਪਾਨ ਦਾ ਵਿਸਾਹ ਨਹੀਂ ਕਰਨਾ, ਸਰਬ ਲੋਹ ਦਾ ਕੜਾ ਹੱਥ ਰਖਣਾ, ਦੋਨੋਂ ਵਕਤ ਕੇਸਾਂ ਦੀ ਪਾਲਣਾ ਕਰਨੀ, ਸਰਬਤ ਸੰਗਤ ਅਭਾਖਿਆ ਕਾ ਕੁਠਾ ਖਾਵੇ ਨਾਹੀ। ਤੰਮਾਕੂ ਨਾ ਵਰਤਣਾ, ਭਾਦਨੀ (ਕੇਸ ਮਨਾਉਣ ਵਾਲੇ) ਤਥਾ ਕੰਨਿਆ ਮਾਰਨ ਵਾਲੇ ਮੇਲਾਪ ਨ ਰਖੇ। ਮੀਣੇ ਮਸੰਦੀਏ, ਰਾਮਰਾਈਏ ਦੀ ਸੰਗਤ ਨਾ ਬੈਸੇ। ਗੁਰਬਾਣੀ ਪੜ੍ਹਨੀ, ਵਾਹਿਗੁਰੂ ਵਾਹਿਗੁਰੂ ਜਪਣਾ, ਗੁਰੂ ਕੀ ਰਹਿਤ ਰਖਣੀ-ਸਰਬੱਤ ਸੰਗਤ ਉਪਰ ਮੇਰੀ ਖੁਸੀ। (ਪ: ੧੦ ਜੇਠ ੨੬, ਸੰਮਤ ੧੭੫੬)

ਭਾਈ ਤਾਰੂ ਸਿੰਘ ਜੀ ਨੇ ਆਪਣੇ ਕੇਸ ਕਤਲ ਕਰਵਾਉਣ ਦੀ ਥਾਂ ਆਪਣੀ ਖੋਪਰੀ ਲੁਹਾਉਣੀ ਯੋਗ ਸਮਝੀ ਸੀ। ਅਜਿਹੇ ਸਿਦਕੀ ਸਿੱਖਾਂ ਦੀ ਪ੍ਰਸੰਸਾ ਅਸੀਂ ਅਰਦਾਸ ਵਿਚ ਰੋਜ਼ ਕਰਦੇ ਹਾਂ ਜਿਨ੍ਹਾਂ ਨੇ ਸਿੱਖੀ ਕੇਸਾਂ-ਸਵਾਸਾਂ ਨਾਲ ਨਿਭਾਈ ਹੈ। ਉਹ ਸਿੱਖ ਧੰਨਤਾ ਦੇ ਯੋਗ ਹਨ। ਗਿਆਨੀ ਗਿਆਨ ਸਿੰਘ ਜੀ ਨੇ 'ਪੰਥ ਪ੍ਰਕਾਸ਼' ਵਿਚ ਲਿਖਿਆ ਹੈ ਕਿ ਭਾਈ ਤਾਰੂ ਸਿੰਘ ਜੀ ਨੇ ਦੀਨ ਕਬੂਲਣ ਦੀ ਮੰਗ ਨੂੰ ਠੁਕਰਾਉਂਦੇ ਹੋਏ ਆਖਿਆ ਸੀ:

*ਤਨ ਨੂਰੀ ਸੁਖ ਅਚਲ ਦਾਇ ਹੈ।*
*ਤਾਂ ਕੋ ਕੈਸੇ ਤਜਯੋ ਜਾਇ ਹੈ।*
*ਸਿਖੀ ਕੇਸ ਅਮੋਲਕ ਯਾ ਹੈ।*
*ਬਡੋ ਨਸੀਬਾਂ ਤੇ ਹੱਥ ਆਹੈ।*
*ਤਿਸੈ ਤਿਆਗ ਕੈ ਜੇ ਤੁਰਕ ਬਨੋ।*

*ਪੈ ਹੈਂ ਦੋਜ਼ਖ ਜਹਿ ਦੁਖ ਘਨੋ।*

ਗੁਰ-ਮਰਯਾਦਾ ਦੀ ਉਲੰਘਣਾ ਕਰਨ ਵਾਲੇ ਇਹ ਅਖੌਤੀ ਸਿੱਖ ਆਪਣੀ ਬੱਜਰ ਗ਼ਲਤੀ ਨੂੰ ਸਹੀ ਅਤੇ ਜਾਇਜ਼ ਠਹਿਰਾਉਣ ਹਿਤ ਤਰ੍ਹਾਂ-ਤਰ੍ਹਾਂ ਦੀਆਂ ਮਨਘੜਤ ਦਲੀਲਾਂ ਦਿੰਦੇ ਹਨ। ਇਹ ਉਨ੍ਹਾਂ ਦੀ ਨਿਰੀ ਛੋਛੇਬਾਜ਼ੀ ਹੈ। ਢੌਂਗ ਹੈ, ਬੁਖਲਾਹਟ ਹੈ, ਧੋਖਾ ਹੈ।

ਗਿਆਨੀ ਗਿਆਨ ਸਿੰਘ ਅਨੁਸਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਤੋਂ ਪਹਿਲਾਂ ਹੀ ੧੬੯੨ ਈ. ਵਿਚ ਸਿੱਖਾਂ ਨੂੰ ਕੇਸ ਰੱਖਣ ਸੰਬੰਧੀ ਹੁਕਮਨਾਮੇ ਭੇਜੇ ਸਨ। ਉਹ ਲਿਖਦੇ ਹਨ ਕਿ, "ਦੂਜੇ ਦਿਨ ਦੀਵਾਨ ਵਿਚ ਸੰਗਤ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਆਪ ਜੀ ਨੇ ਜੋ ਹੁਕਮਨਾਮੇ ਭੇਜੇ ਸਨ ਕਿ "ਸਭ ਗੁਰੂ ਜੀ ਦੇ ਸਿੱਖ ਕੇਸ ਰੱਖੋ" ਸੋ ਜਿਸ ਦਿਨ ਤੋਂ ਅਸੀਂ ਕੇਸ ਰੱਖੇ ਹਨ, ਉਸ ਦਿਨ ਤੋਂ ਤੁਰਕ ਸਭ ਈਰਖਾ ਕਰਦੇ ਤੇ ਆਸ-ਪਾਸ ਆਉਂਦਿਆਂ ਨੂੰ ਅਨੇਕ ਭਾਂਤ ਦੇ ਹਾਲੇ, ਮਖੌਲ, ਨਕਲਾਂ ਪਏ ਕਰਦੇ ਹਨ। ਪਰ ਅਸੀਂ ਉਨ੍ਹਾਂ ਨੂੰ ਇਹੋ ਆਖ ਛੱਡਦੇ ਹਾਂ ਕਿ ਜਿਕੂੰ ਰਾਜੇ ਦੀ ਆਗਿਆ ਉੱਤੇ ਰਚਨਾ ਭੰਗ ਕਰਨ ਵਾਲੇ ਨੂੰ ਦੰਡ ਮਿਲਦਾ ਹੈ ਅਤੇ ਪਾਲਣ-ਪੋਸ਼ਣ ਵਾਲੇ ਨੂੰ ਇੱਜ਼ਤ ਮਿਲਦੀ ਹੈ, ਤਿਉਂ ਈਸ਼ਵਰ ਦੀ ਰਚਨਾ ਕੇਸ ਰੱਖਣ ਵਾਲੇ ਬੈਕੁੰਠ ਦਾ ਸੁਖ ਭੋਗਣਗੇ ਅਤੇ ਕਟਾਵਣ ਵਾਲੇ ਹੁਕਮ-ਅਦੂਲੀ ਦੇ ਗੁਨਾਹ ਬਦਲੇ ਨਰਕਾਂ ਵਿਚ ਪਾਏ ਜਾਣਗੇ। ਭਾਵੇਂ ਇਹ ਉੱਤਰ ਸੁਣ ਕੇ ਉਹ ਖਿਝਦੇ ਹਨ ਅਤੇ ਮਾਰਨ ਨੂੰ ਪੈਂਦੇ ਹਨ, ਪਰ ਅਸੀਂ ਆਪਣੇ ਨਿਸਚੇ ਦਾ ਆਖਣੋਂ ਨਹੀਂ ਹਟਦੇ। ਇਹ ਬਚਨ ਸੁਣ ਕੇ ਗੁਰੂ ਸਾਹਿਬ ਜੀ ਬੋਲੇ, ਜੇ ਉਹ ਪਾਪੀ ਕੁਝ ਛੇੜ ਰੱਖਦੇ ਹਨ ਤਾਂ ਤੁਸੀਂ ਡਰੋ ਨਹੀਂ, ਸ਼ਸਤ੍ਰ ਬੰਨ੍ਹ ਕੇ ਆਇਆ ਕਰੋ ਕਿਉਂਕਿ ਸ਼ਸਤ੍ਰਾਂ ਬਿਨਾਂ ਦੁਸ਼ਟ ਨਹੀਂ ਦਬਦੇ।"

ਕੇਸਾਂ ਦੀ ਵਡਿਆਈ ਬਾਰੇ ਗਿਆਨੀ ਗਿਆਨ ਸਿੰਘ ਜੀ 'ਤਵਾਰੀਖ ਗੁਰੂ ਖਾਲਸਾ' ਭਾਗ ਪਹਿਲਾ ਦੇ ਸਫਾ ੯੩੯ ਉੱਤੇ ਲਿਖਦੇ ਹਨ, "ਇਕ ਦਿਨ ਸਿੱਖਾਂ ਨੇ ਗੁਰੂ ਜੀ ਅੱਗੇ ਬੇਨਤੀ ਕੀਤੀ ਕਿ ਜੋ (ਸਿੱਖ) ਸਿਰ-ਮੂੰਹ ਮੁਨਾਉਂਦੇ ਹਨ, ਉਹ ਕੇਹੇ ਕਰੂਪ, ਭੈੜੇ, ਚੰਦਰੇ ਜਿਹੇ ਮੂੰਹ ਬਣਾ ਬਹਿੰਦੇ ਹਨ, ਭਾਵੇਂ ਇਨ੍ਹਾਂ ਨੂੰ ਲੱਖ ਸਮਝਾਈਏ (ਕਿ ਤੁਸੀਂ ਕਿਉਂ ਨਾਈਆਂ ਦੀ ਮੈਲੀ-ਕੁਚੈਲੀ ਕਟੋਰੀ, ਮੁਹੰਮਦੀਆਂ ਦੀ ਜੂਠੀ ਅਤੇ ਭ੍ਰਿਸ਼ਟ ਕੀਤੀ ਹੋਈ ਪਾਣੀ ਅਤੇ ਜੁੱਤੀ ਦੇ ਉਸੇ ਚੰਮ ਵਾਲਾ ਉਸਤਰਾ ਸਿਰ ਮੂੰਹ ਉੱਤੇ ਫਿਰਾਉਂਦੇ ਹੋ ਅਤੇ ਨਾਈ ਲੋਕ ਤੁਹਾਨੂੰ ਧੌਣ ਤੋਂ ਫੜ ਕੇ ਭੇਡ ਵਾਂਗੂੰ ਕਾਬੂ ਕਰ ਕੇ ਇਧਰ-ਉਧਰ ਮੂੰਹ ਕਰਾ ਤੁਹਾਡੀ ਦੁਰਦਸ਼ਾ ਕਰਦੇ ਹਨ। ਤੁਸੀਂ ਕਿਉਂ ਨਹੀਂ ਕੇਸ ਰੱਖਦੇ? ਜੋ ਇਸ ਪਰਾਧੀਨਤਾ ਤੋਂ ਛੁੱਟ ਜਾਓ।)

ਗੁਰੂ ਸਾਹਿਬ ਜੀ ਦਾ ਬਚਨ ਇਸ ਤਰ੍ਹਾਂ ਲਿਖਿਆ ਹੈ, "ਭਾਈ ਸਿੱਖੋ! ਜੇ ਪ੍ਰਮੇਸ਼ਰ ਨੂੰ ਕੇਸ ਨਾ ਭਾਉਂਦੇ ਤਾਂ ਜਿਸ ਤਰ੍ਹਾਂ ਇਸਤਰੀਆਂ ਦੇ ਮੂੰਹ ਪਰ ਕੇਸ ਨਹੀਂ ਉਗਾਏ ਪੁਰਖਾਂ ਦੇ ਭੀ ਨਾ ਉਗਾਉਂਦਾ, ਦਾਹੜੀ ਸਗੋਂ ਮਰਦ ਦੀ ਸੁੰਦਰਤਾਈ ਦੀ

ਨਿਸ਼ਾਨੀ ਹੈ। "ਜੰਬੂਰ, ਤੌਰੇਤ, ਅੰਜੀਲ, ਕੁਰਾਨ ਵਿਚ ਲਿਖਿਆ ਹੈ ਕਿ ਖੁਦਾ ਨੇ ਬਾਬਾ ਆਦਮ ਨੂੰ ਆਪਣੇ ਜਿਹੀ ਸ਼ਕਲ ਵਾਲਾ ਪੈਦਾ ਕੀਤਾ ਹੈ। ਸੋ ਆਦਮ ਦੀ ਤਸਵੀਰ ਜਿੱਥੇ ਕਿਤੇ ਹੈ ਦਾਹੜੀ ਕੇਸਾਂ ਵਾਲੀ ਹੈ। ਇਸ ਤੋਂ ਸਾਬਤ ਹੋਇਆ ਕਿ (ਸਗੁਣ ਰੂਪ) ਖੁਦਾ ਭੀ ਦਾੜੀ ਕੇਸਾਂ ਵਾਲਾ ਹੈ ਤਾਂ ਹੀ ਉਸ ਦੇ ਪੈਗ਼ੰਬਰ ਮੂਸਾ ਈਸਾ ਮੁਹੰਮਦ ਆਦਿਕ ਸਭ ਕੇਸਾਂ ਵਾਲੇ ਹਨ। ਅਰ ਏਸੇ ਕਰ ਕੇ ਉਨ੍ਹਾਂ ਨੇ ਦਾੜ੍ਹੀ ਕੇਸ ਕਟਵਾਉਣ ਦਾ ਹੁਕਮ ਨਹੀਂ ਦਿੱਤਾ।"

ਗੁਰੂ ਸਾਹਿਬਾਨ ਨੇ ਕੇਸਾਂ ਦੀ ਬੇਅਦਬੀ ਦਾ ਜ਼ੋਰਦਾਰ ਖੰਡਨ ਕੀਤਾ। ਗੁਰੂ ਸਾਹਿਬਾਨ ਆਪ ਕੇਸਾਧਾਰੀ ਹੋਏ ਅਤੇ ਸਿੱਖਾਂ ਲਈ ਇਹੋ ਤਾਕੀਦ ਉਨ੍ਹਾਂ ਨੇ ਕੀਤੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਲਾਘਾ ਕਰਦਾ ਹੋਇਆ ਕਵੀ ਸੈਨਾਪਤਿ ਉਨ੍ਹਾਂ ਦੇ ਕੇਸਾਧਾਰੀ ਹੋਣ ਦੀ ਵਿਸ਼ੇਸ਼ਤਾ ਦਾ ਵਰਣਨ ਕਰਦਾ ਹੈ:

*ਬਚਨ ਗੁਰੁਦੇਵ ਕੇ ਗਿਆਨ ਐਸੋ ਕੀਉ ਮੁਕਤਿ ਕੀ ਜੁਗਤਿ ਐਸੇ ਬਿਚਾਰੀ।*
*ਰਚਨ ਕਰਤਾਰ ਜੋ ਰਚੀ ਆਕਾਰ ਤੇ ਜਪੈਗੀ ਜਾਪ ਸਬ ਸ੍ਰਿਸ਼ਟਿ ਸਾਰੀ।*
*ਤਤ ਬੀਚਾਰ ਕੈ ਜੀਤ ਬੋਲੀ ਫ਼ਤੇ, ਮਾਰਿ ਦੂਤਨ ਕੀਉ ਭਸਮ ਛਾਰੀ।*
*ਭਯੋ ਜੈਕਾਰ ਤ੍ਰਈ ਲੋਕ ਚੌਦਹਿ ਭਵਨ ਅਚਲ ਪਰਤਾਪ ਗੁਰੂ ਕੇਸ ਧਾਰੀ।*

*(ਗੁਰ ਸੋਭਾ, ਅਧਿਆਇ ੧੮)*

ਖਾਲਸੇ ਦੀ ਰਹਿਤ ਅਨੁਸਾਰ ਸਿੱਖ ਨੇ ਪੰਜ ਕਕਾਰ ਕੱਛ, ਕੇਸ, ਕੜਾ, ਕਿਰਪਾਨ ਤੇ ਕੰਘਾ ਧਾਰਨ ਕਰਨੇ ਹੁੰਦੇ ਹਨ ਅਤੇ ਚਾਰ ਬੱਜਰ ਕੁਰਹਿਤਾਂ-ਕੇਸਾਂ ਦੀ ਬੇਅਦਬੀ, ਤੰਮਾਕੂ, ਪਰ-ਇਸਤਰੀ ਗਮਨ ਅਤੇ ਕੁੱਠੇ ਦੀ ਵਰਤੋਂ ਦਾ ਤਿਆਗ ਕਰਨਾ ਹੁੰਦਾ ਹੈ। ਨਾਮ-ਬਾਣੀ ਨਾਲ ਜੁੜੇ ਰਹਿਣਾ ਅਤੇ ਆਪਣੇ-ਆਪ ਨੂੰ ਗੁਰੂ ਪੰਥ ਦਾ ਨਿਮਾਣਾ ਸੇਵਕ ਸਮਝਣਾ ਹੁੰਦਾ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸਿੰਘ ਸਜਾਉਣ ਲਈ ਖੰਡੇ ਦੀ ਪਾਹੁਲ ਛਕਾਉਣ ਦੀ ਪ੍ਰਥਾ ਦਾ ਅਰੰਭ ਵੈਸਾਖੀ ੧੭੫੬ ਬਿਕ੍ਰਮੀ ਨੂੰ ਕੀਤਾ। ਸਿੱਖ ਇਤਿਹਾਸ ਵਿੱਚੋਂ ਇਸ ਸੰਬੰਧ ਵਿਚ ਅਨੇਕ ਪ੍ਰਮਾਣੀਕ ਹਵਾਲੇ ਮਿਲਦੇ ਹਨ:

*- ਪ੍ਰਿਥਮ ਰਹਤ ਯਹ ਜਾਨ ਖੰਡੇ ਕੀ ਪਾਹੁਲ ਛਕੇ।*
*ਸੋਈ ਸਿੰਘ ਪ੍ਰਧਾਨ ਅਵਰ ਨ ਪਾਹੁਲ ਜੋ ਲਏ।*

*(ਭਾਈ ਦੇਸਾ ਸਿੰਘ ਜੀ ਦਾ ਰਹਿਤਨਾਮਾ)*

*- ਦੇ ਖੰਡੇ ਕੀ ਪਾਹੁਲ ਤੇਜ ਬਢਾਇਆ।* *(ਸ੍ਰੀ ਗੁਰ ਸੋਭਾ)*

ਹਰ ਧਰਮ ਵਿਚ ਪ੍ਰਵੇਸ਼ ਕਰਨ ਲਈ ਕੋਈ ਨਾ ਕੋਈ ਰਸਮ ਅਦਾ ਕੀਤੀ ਜਾਂਦੀ ਹੈ। ਹਿੰਦੂਆਂ ਵਿਚ ਜਨੇਊ ਅਤੇ ਮੁੰਡਨ ਸੰਸਕਾਰ ਕੀਤਾ ਜਾਂਦਾ ਹੈ। ਈਸਾਈ ਮਤ ਵਿਚ ਬਪਤਿਸਮਾ ਦੀ ਰੀਤ ਹੈ। ਮੁਸਲਿਮ ਧਰਮ ਵਿਚ ਸੁੰਨਤ ਕਰਨ ਦੀ ਪ੍ਰਥਾ ਹੈ। ਸਿੱਖ ਧਰਮ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਚਰਣਾਮ੍ਰਿਤ ਦੇ ਕੇ ਸਿੱਖੀ ਵਿਚ

ਸ਼ਾਮਲ ਕੀਤਾ ਜਾਂਦਾ ਸੀ। ੧੭੫੬ ਬਿਕ੍ਰਮੀ ਦੀ ਵੈਸਾਖੀ ਤਕ ਇਹੋ ਪ੍ਰਥਾ ਸਿੱਖ ਧਰਮ ਵਿਚ ਪ੍ਰਚਲਿਤ ਰਹੀ ਹੈ। ਸਿੱਖ ਉਸੇ ਨੂੰ ਸਮਝਿਆ ਜਾਂਦਾ ਸੀ ਜਿਸ ਨੂੰ ਗੁਰੂ ਨੇ ਚਰਣਾਮ੍ਰਿਤ ਦੀ ਬਖ਼ਸ਼ਿਸ਼ ਕੀਤੀ ਹੈ। ਭਾਈ ਗੁਰਦਾਸ ਜੀ ਲਿਖਦੇ ਹਨ:

*- ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।*
*ਚਰਨ ਧੋਇ ਰਹਰਾਸਿ ਕਰਿ ਚਰਣਾਮ੍ਰਿਤ ਸਿਖਾਂ ਪਿਲਾਇਆ। (ਵਾਰ ੧:੨੩)*
*- ਚਰਣੋਦਕੁ ਲੈ ਆਚਮਨੁ ਹਉਮੈ ਦੁਬਿਧਾ ਰੋਗੁ ਗਵਾਏ। (ਵਾਰ ੧੬:੧੯)*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਅਕਾਲ ਪੁਰਖ ਦੀ ਆਗਿਆ ਨਾਲ ਖਾਲਸੇ ਦੀ ਸਾਜਨਾ ਕੀਤੀ *(ਖਾਲਸਾ ਕਾਲ ਪੁਰਖ ਕੀ ਫੌਜ॥ ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ॥)* ਅਤੇ ਪੰਜ ਪਿਆਰਿਆਂ ਨੂੰ ਸਭ ਤੋਂ ਪਹਿਲਾਂ ਖੰਡੇ ਦਾ ਅੰਮ੍ਰਿਤ ਤਿਆਰ ਕਰ ਕੇ ਛਕਾਇਆ। ਪੰਜਾਂ ਨੂੰ ਅੰਮ੍ਰਿਤ ਛਕਾ ਕੇ 'ਸਿੰਘ' ਲਕਬ ਦੀ ਬਖ਼ਸ਼ਿਸ਼ ਕੀਤੀ ਅਤੇ ਗੁਰੂ ਜੀ ਨੇ 'ਖਾਲਸੇ' ਨੂੰ ਪੰਜ ਕਕਾਰੀ ਗੁਰ-ਮਰਯਾਦਾ ਅਨੁਸਾਰ ਜੀਵਨ ਜਿਉਣ ਦੀ ਸਖ਼ਤ ਤਾਕੀਦ ਕੀਤੀ। ਫੇਰ ਉਨ੍ਹਾਂ ਨੂੰ ਆਗਿਆ ਕੀਤੀ ਕਿ ਹੁਣ ਤੁਸੀਂ ਅੰਮ੍ਰਿਤ ਤਿਆਰ ਕਰ ਕੇ ਮੈਨੂੰ ਵੀ ਛਕਾਓ। ਇਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਸਾਹਿਬ ਖੰਡੇ ਦੀ ਪਾਹੁਲ ਅਤੇ ਗੁਰ-ਮਰਯਾਦਾ ਨੂੰ ਕਿੰਨਾ ਮਹੱਤਵ ਦਿੰਦੇ ਸਨ! ਉਨ੍ਹਾਂ ਨੇ ਪੰਜ ਪਿਆਰਿਆਂ ਤੋਂ ਆਪ ਅੰਮ੍ਰਿਤ ਛਕਿਆ ਅਤੇ 'ਆਪੇ ਗੁਰ ਚੇਲਾ' ਦੀ ਪ੍ਰਥਾ ਦਾ ਮੁੱਢ ਬੰਨ੍ਹਿਆ:

*ਪੀਓ ਪਾਹੁਲ ਖੰਡਧਾਰ ਹੋਇ ਜਨਮ ਸੁਹੇਲਾ।*
*ਸੰਗਤਿ ਕੀਨੀ ਖਾਲਸਾ ਮਨਮੁਖੀ ਦੁਹੇਲਾ।*
*ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰੁ ਚੇਲਾ॥ (ਵਾਰ ੪੧:੧)*

ਇਸ ਤਰ੍ਹਾਂ ਖਾਲਸੇ ਲਈ ਪੰਜ-ਕਕਾਰੀ ਰਹਿਤ ਰੱਖਣੀ ਬਹੁਤ ਜ਼ਰੂਰੀ ਹੈ। ਇਨ੍ਹਾਂ ਤੋਂ ਕਿਸੇ ਤਰ੍ਹਾਂ ਦੀ ਛੋਟ ਨਹੀਂ ਹੋ ਸਕਦੀ। ਗੁਰ-ਮਰਯਾਦਾ ਦੀ ਕਿਸੇ ਤਰ੍ਹਾਂ ਵੀ ਉਲੰਘਣਾ ਕਰਨ ਵਾਲਾ ਸਿੱਖੀ ਤੋਂ ਖਾਰਜ ਹੁੰਦਾ ਹੈ, ਤਨਖਾਹੀਆ ਹੁੰਦਾ ਹੈ। ਗੁਰੂ ਜੀ ਦਾ ਹੁਕਮ ਹੈ:

*ਨਿਸ਼ਾਨ-ਏ-ਸਿਖੀ ਈਂ ਪੰਜ ਹਰਫ਼ ਕਾਫ਼*
*ਹਰਗਿਜ਼ ਨ ਬਾਸ਼ਿਦ ਈਂ ਪੰਜ ਮੁਆਫ*
*ਕੜਾ ਕਾਰਦੋ ਕੱਛ ਕੰਘਾ ਬਿਦਾਂ*

*ਬਿਲਾ ਕੇਸ ਹੇਚ ਅਸਤਿ ਜੁਮਲਹ ਨਿਸ਼ਾਂ* ਰਹਿਤਨਾਮਿਆਂ ਅਨੁਸਾਰ ਵੀ ਸਿੱਖ ਦਾ ਰਹਿਤ ਰੱਖਣਾ ਗੁਰੂ ਜੀ ਦੇ ਹੁਕਮ ਦੀ ਪਾਲਣਾ ਹੈ ਅਤੇ ਰਹਿਤਵਾਨ ਸਿੱਖ ਹੀ ਗੁਰੂ ਜੀ ਪਾਸ ਪ੍ਰਵਾਨ ਹੈ। ਅਜਿਹੇ ਰਹਿਤਵਾਨ ਸਿੱਖ ਨੂੰ ਗੁਰੂ ਜੀ ਆਪਣਾ ਸਾਹਿਬ-ਆਪਣਾ ਅਤਿ ਸਤਿਕਾਰਯੋਗ ਮੰਨਦੇ ਹਨ:

*ਰਹਿਤ ਪਿਆਰੀ ਮੁਝ ਕਉ,*

*ਸਿਖ ਪਿਆਰਾ ਨਾਹਿ।*
*ਰਹਿਣੀ ਰਹਹਿ ਸੋਈ ਸਿਖ ਮੇਰਾ,*
*ਵੁਹ ਠਾਕੁਰ ਮੈਂ ਉਸ ਕਾ ਚੇਰਾ।*

ਦੁਨੀਆ ਵਿਚ ਸ਼ਾਇਦ ਹੀ ਕਿਸੇ ਹੋਰ ਰਹਿਬਰ ਨੇ ਆਪਣੇ ਅਨੁਆਈਆਂ-ਪੈਰੋਕਾਰਾਂ ਨੂੰ ਇੰਨਾ ਵੱਡਾ ਮਾਣ-ਸਨਮਾਨ ਦਿੱਤਾ ਹੋਵੇ ਜਿੰਨਾ ਵੱਡਾ ਮਾਣ-ਸਨਮਾਨ ਅਤੇ ਰੁਤਬਾ ਗੁਰੂ ਸਾਹਿਬ ਨੇ ਆਪਣੇ ਸਿੱਖਾਂ ਨੂੰ ਬਖ਼ਸ਼ਿਸ਼ ਕੀਤਾ। 'ਸਰਬ ਲੋਹ' ਗ੍ਰੰਥ ਅਨੁਸਾਰ ਰਹਿਤਵਾਨ ਸਿੱਖ-ਖਾਲਸੇ ਨੂੰ ਗੁਰੂ ਜੀ ਆਪਣਾ ਖਾਸ ਰੂਪ, ਆਪਣਾ ਸੱਜਣ ਅਤੇ ਆਪਣਾ ਸਤਿਗੁਰੂ ਕਹਿ ਕੇ ਖਾਲਸੇ ਦੀ ਪ੍ਰਸੰਸਾ ਕਰਦਿਆਂ ਸਤਿਗੁਰਾਂ ਨੇ ਬਚਨ ਕੀਤਾ ਹੈ:

*ਖਾਲਸਾ ਮੇਰੋ ਰੂਪ ਹੈ ਖਾਸ,*
*ਖਾਲਸੇ ਮਹਿ ਹਉ ਕਰੋਂ ਨਿਵਾਸ॥*
*ਖਾਲਸਾ ਮੇਰੋ ਸਤਿਗੁਰ ਪੂਰਾ,*
*ਖਾਲਸਾ ਮੇਰੋ ਸਜਨ ਸੂਰਾ॥*

ਉਨ੍ਹਾਂ ਨੇ ਖਾਲਸੇ ਨੂੰ ਆਪਣੀ ਵਿਲੱਖਣਤਾ ਕਾਇਮ ਰੱਖਣ ਲਈ ਅਤੇ ਖਾਲਸੇ ਦੀ ਅੱਡਰੀ ਅਤੇ ਵਿਲੱਖਣ ਹਸਤੀ ਦਾ ਅਹਿਸਾਸ ਕਰਵਾਇਆ ਹੈ:

*ਜਬ ਲਗ ਖਾਲਸਾ ਰਹੇ ਨਿਆਰਾ।*
*ਤਬ ਲਗ ਤੇਜ ਦੀਓ ਮੈ ਸਾਰਾ।*
*ਜਬ ਇਹ ਗਹੈ ਬਿਪਰਨ ਕੀ ਰੀਤ।*
*ਮੈਂ ਨ ਕਰਉਂ ਇਨ ਕੀ ਪ੍ਰਤੀਤ।*

ਖੰਡੇ ਦੀ ਪਾਹੁਲ ਸਿਰਫ਼ ਸਿੱਖ ਘਰਾਂ ਵਿਚ ਜਨਮੇ ਵਿਅਕਤੀਆਂ ਲਈ ਹੀ ਨਹੀਂ ਹੈ, ਸਗੋਂ ਸਾਰੀ ਮਨੁੱਖਤਾ ਇਸ ਨੂੰ ਪ੍ਰਾਪਤ ਕਰਨ ਦੀ ਹੱਕਦਾਰ ਹੈ। ਸਿੱਖ ਧਰਮ ਸਰਬੱਤ ਦਾ ਭਲਾ ਮੰਗਣ ਅਤੇ ਸਮੁੱਚੀ ਲੋਕਾਈ ਦੇ ਕਲਿਆਣ ਦੀ ਜ਼ਾਮਨੀ ਭਰਨ ਵਾਲਾ ਨਿਰਮਲ ਧਰਮ ਹੈ। ਸਿੱਖ ਸਚਿਆਰ ਅਤੇ ਖਾਲਸਾ ਇੱਕੋ ਹੀ ਅਰਥ ਦੇ ਸ਼ਬਦ ਹਨ। ਜਿਸ ਤਰ੍ਹਾਂ ਚਰਣਾਮ੍ਰਿਤ ਦੇ ਕੇ ਪਹਿਲਾਂ ਸਿੱਖ ਬਣਾਇਆ ਜਾਂਦਾ ਸੀ, ਹੁਣ ਉਸ ਪ੍ਰਥਾ ਦੀ ਥਾਂ ਖੰਡੇ ਦਾ ਅੰਮ੍ਰਿਤ ਛਕਾ ਕੇ ਸਿੱਖੀ ਵਿਚ ਪ੍ਰਵੇਸ਼ ਕਰਾਇਆ ਜਾਂਦਾ ਹੈ। ਅੰਮ੍ਰਿਤ ਛਕਣਾ ਸਿੱਖੀ ਦਾ ਸਿਖ਼ਰ ਨਹੀਂ ਸਗੋਂ ਅਰੰਭ ਹੈ, ਇਹ ਗੁਰੂ ਜੀ ਦੇ ਸਨਮੁਖ ਆਪਣਾ ਮਨ, ਤਨ, ਧਨ ਅਰਪਣ ਕਰਨ ਅਰਥਾਤ ਸੀਸ ਭੇਟ ਕਰਨ ਦੀ ਪ੍ਰਕ੍ਰਿਆ ਹੈ। ਇਹ ਗੁਰੂ-ਘਰ ਵਿਚ ਜੀਵ ਦਾ ਨਵਾਂ ਜਨਮ ਹੁੰਦਾ ਹੈ। ਉਸ ਦਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਮਾਤਾ ਸਾਹਿਬ ਕੌਰ ਬਣ ਜਾਂਦੇ ਹਨ। ਉਹ ਹੁਣ ਸ੍ਰੀ ਅਨੰਦਪੁਰ ਸਾਹਿਬ ਦੀ ਧਰਤੀ ਦਾ ਵਾਸੀ ਹੋ ਜਾਂਦਾ ਹੈ। ਹੁਣ ਉਹ ਗੁਰੂ ਦਾ ਸਿੱਖ ਹੈ, ਸਿੰਘ ਹੈ ਅਤੇ ਖਾਲਸਾ ਹੈ। ਸਿੱਖ ਧਰਮ ਵਿਚ, ਗੁਰਬਾਣੀ ਵਿਚ ਅਤੇ ਰਹਿਤਨਾਮਿਆਂ ਵਿਚ ਸਿੱਖਾਂ

ਦਾ ਕੋਈ ਵਰਗੀਕਰਨ ਪ੍ਰਵਾਨ ਨਹੀਂ ਹੈ।

ਦਸਾਂ ਪਾਤਸ਼ਾਹੀਆਂ ਦੇ ਸਮੇਂ ਜਿਵੇਂ ਗੁਰੂ ਤੋਂ ਚਰਣਾਮ੍ਰਿਤ ਲੈਣ ਵਾਲੇ ਸਿੱਖ ਕਹਾਉਂਦੇ ਸਨ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਅੰਮ੍ਰਿਤ ਛਕ ਕੇ ਸਿੱਖ ਧਰਮ ਧਾਰਨ ਕੀਤਾ ਜਾਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਦਸਾਂ ਪਾਤਸ਼ਾਹੀਆਂ ਦੇ ਆਤਮਿਕ ਸਰੂਪ ਵਜੋਂ ਕਾਨੂੰਨੀ ਤੌਰ 'ਤੇ ਵੀ ਇਕ ਗੁਰੂ ਵਿਅਕਤੀ ਦਾ ਦਰਜਾ ਪ੍ਰਾਪਤ ਹੈ। ਭਾਰਤ ਦੀ ਮਾਨਯੋਗ ਸੁਪਰੀਮ ਕੋਰਟ ਨੇ ੨੯ ਮਾਰਚ, ੨੦੦੦ ਦੇ ਫ਼ੈਸਲੇ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਇਕ ਜੀਵਤ ਗੁਰੂ ਵਿਅਕਤੀ (Living Guru-Juristic Person) ਦੇ ਰੂਪ ਵਿਚ ਮਾਨਤਾ ਦਿੱਤੀ ਹੈ। ਗੁਰੂ-ਘਰ ਦੀ ਪੁਰਾਤਨ ਮਰਯਾਦਾ ਅਨੁਸਾਰ ਜੋ ਸਿੱਖ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਬਾਕਾਇਦਾ ਤੌਰ 'ਤੇ ਗੁਰੂ ਧਾਰਦਾ ਹੈ ਅਤੇ ਗੁਰੂ ਦੀ ਛਤਰ-ਛਾਇਆ ਹੇਠ ਰਹਿਤਵਾਨ ਹੋ ਕੇ ਆਪਣਾ ਜੀਵਨ ਬਤੀਤ ਕਰਦਾ ਹੈ, ਉਸੇ ਨੂੰ ਅਸਲ ਵਿਚ ਸਿੱਖ ਅਖਵਾਉਣ ਦਾ ਅਧਿਕਾਰ ਹੈ।

ਇਸ ਤਰ੍ਹਾਂ ਮਨੁੱਖ ਨੂੰ ਦੁਨਿਆਵੀ ਕੁੰਭੀ ਨਰਕ-ਵਿਸ਼ੇ ਵਿਕਾਰਾਂ ਦੀ ਜਿੱਲ੍ਹਣ ਵਿੱਚੋਂ ਕੱਢ ਕੇ ਕੂੜ ਦੀ ਕੰਧ ਸਮਾਪਤ ਕਰ ਕੇ ਆਤਮਾ ਅਤੇ ਪਰਮਾਤਮਾ ਦਾ ਪੁਨਰ ਮੇਲ ਕਰਾਉਣ ਅਤੇ ਜੀਵਨ-ਮੁਕਤ ਹੋਣ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁ ਜੀ ਸਾਹਿਬ ਦੀ ਪਹਿਲੀ ਪਉੜੀ ਵਿਚ 'ਸਚਿਆਰ' ਦਾ ਜੋ ਸੰਕਲਪ ਦਿੱਤਾ ਉਸ ਨੂੰ ਪ੍ਰਚਾਰਨ ਅਤੇ ਲੋਕਾਈ ਨੂੰ ਸਮਝਾਉਣ ਹਿੱਤ ਗੁਰੂ ਸਾਹਿਬ ਨੇ ਦਸ ਜਾਮਿਆਂ ਵਿਚ ਇਸ ਦੀ ਵਿਆਖਿਆ ਕਰਨ, ਸਰੂਪ ਅਤੇ ਸਿਧਾਂਤ ਨੂੰ ਦ੍ਰਿੜ੍ਹ ਕਰਾਉਣ ਹਿੱਤ ਲੰਮੀ ਘਾਲਣਾ ਘਾਲੀ ਅਤੇ ਗੁਰਬਾਣੀ ਅਤੇ ਆਪਣੇ ਅਮਲੀ ਜੀਵਨ ਰਾਹੀਂ ਸਿਖ਼ਰ ਉੱਤੇ ਪਹੁੰਚਾਇਆ ਅਤੇ ਚਰਣਾਮ੍ਰਿਤ ਦੀ ਥਾਂ ੧ ਵੈਸਾਖ ੧੭੫੬ ਬਿਕ੍ਰਮੀ ਨੂੰ ਸ੍ਰੀ ਅਨੰਦਪੁਰ ਸਾਹਿਬ ਦੀ ਪਵਿੱਤਰ ਧਰਤੀ ਉੱਤੇ ਖੰਡੇ ਦੀ ਪਾਹੁਲ ਦੇ ਕੇ ਦਸਮੇਸ਼ ਜੀ ਨੇ ਉਹ ਸਚਿਆਰ ਪੁਰਸ਼ ਦੁਨੀਆ ਦੇ ਸਾਹਮਣੇ ਪ੍ਰਗਟ ਕਰ ਕੇ ਉਸ ਨੂੰ 'ਸਿੰਘ' ਲਕਬ ਬਖ਼ਸ਼ ਕੇ 'ਖਾਲਸੇ' ਦੀ ਸੰਗਿਆ ਦਿੱਤੀ। ਉਹ ਹੀ ਸਿੱਖ, ਗੁਰਸਿੱਖ, ਸਚਿਆਰ ਅਤੇ ਖਾਲਸਾ ਹੈ। ਉਹ ਖਾਲਸਾ ਹੈ, ਤੱਤ ਹੈ, ਨਿਰੋਲ ਹੈ, ਸ਼ੁੱਧ ਹੈ, ਉਸ ਵਿਚ ਕੋਈ ਰਲਾ ਜਾਂ ਭੰਨ-ਤੋੜ ਨਹੀਂ ਹੈ। ਉਹ ਸਾਬਤ ਸੂਰਤ ਮਰਦਾਨਾ ਹੈ। ਉਹ ਗੁਰਮਤਿ ਸੱਭਿਆਚਾਰ ਦਾ ਪੱਕਾ ਧਾਰਨੀ ਹੈ। ਅਜਿਹੇ ਖਾਲਸਾ ਸਿੱਖ ਨੇ ਦੁਨੀਆ ਨੂੰ ਵਿਸਮਾਦਤ ਕਰਨ ਵਾਲਾ ਅਸਚਰਜ ਇਤਿਹਾਸ ਸਿਰਜਿਆ। ਇਹ *ਸਹਿਜੇ ਰਚਿਓ ਖਾਲਸਾ ਸਾਬਤ ਮਰਦਾਨਾ* ਦੀ ਵਚਿੱਤਰ ਖੇਡ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਹੋ ਕੇ ਭੰਗਾਣੀ ਯੁੱਧ ਵਿਚ ਆਪਣੇ ਪੁੱਤਰਾਂ ਅਤੇ ਮੁਰੀਦਾਂ ਸਮੇਤ ਜ਼ੌਹਰ ਦਿਖਾਉਣ ਅਤੇ ਕੁਰਬਾਨੀ ਕਰਨ ਵਾਲੇ ਗੁਰੂ ਪਾਤਸ਼ਾਹ ਦੇ ਅਨਿੰਨ ਸੇਵਕ ਪੀਰ ਬੁੱਧੂ ਸ਼ਾਹ ਉੱਤੇ ਪਾਤਸ਼ਾਹ ਜਦੋਂ ਤੁਠੇ, ਖੁਸ਼ ਹੋਏ ਤਾਂ ਪਾਤਸ਼ਾਹ ਦੇ

ਕਹਿਣ ਉੱਤੇ (ਬੁੱਧੂ ਸ਼ਾਹ! ਅਸੀਂ ਬਹੁਤ ਖੁਸ਼ ਹਾਂ, ਮੰਗੋ ਜੋ ਮੰਗਣਾ ਹੈ) ਬੁੱਧੂ ਸ਼ਾਹ ਨੇ ਅਰਜ਼ ਕੀਤੀ, "ਪਾਤਸ਼ਾਹ ! ਜੇ ਤੁਠੇ ਹੋ ਤਾਂ ਆਪਣੇ ਕੰਘੇ ਵਿਚ ਫਸੇ ਟੁੱਟੇ ਹੋਏ ਕੇਸ (ਮੁਏ ਮੁਬਾਰਕ) ਮੇਰੀ ਝੋਲੀ ਵਿਚ ਪਾ ਦਿਓ। ਇਸ ਤੋਂ ਸਿੱਖੀ ਵਿਚ ਕੇਸਾਂ ਦੇ ਮਹੱਤਵ ਨੂੰ ਸਮਝਿਆ ਜਾ ਸਕਦੈ। ਗੁਰਮਤਿ ਜੀਵਨ ਵਿਚ ਕੇਸਾਂ ਦੇ ਮਹੱਤਵ ਬਾਰੇ ਜ਼ਿਲ੍ਹਾ ਪਟਿਆਲਾ ਦੇ ਬਾਗ਼ ਬਾਰਨ ਦੇ ਵਸਨੀਕ ਭਾਈ ਜੈ ਸਿੰਘ ਖਲਕੱਟ ਦੀ ਸ਼ਹੀਦੀ ਦੀ ਘਟਨਾ ਤੋਂ ਵੀ ਸਪਸ਼ਟ ਹੋ ਜਾਂਦਾ ਹੈ। ਜਿਨ੍ਹਾਂ ਨੇ ਸਮੇਂ ਦੇ ਮੁਗ਼ਲ ਫੌਜਦਾਰ ਅਬਦੁਸਮੁੱਦ ਖਾਨ ਦੇ ਹੁਕਮ ਨੂੰ ਮੰਨਣ ਤੋਂ ਇਨਕਾਰੀ ਹੁੰਦਿਆਂ ਨਵਾਬ ਦਾ ਹੁੱਕਾ ਆਪਣੇ ਸੀਸ ਉੱਤੇ ਨਹੀਂ ਸੀ ਚੁੱਕਿਆ ਅਤੇ ਠੋਕ ਕੇ ਕਿਹਾ ਸੀ, "ਜਿਸ ਸੀਸ ਅਤੇ ਕੇਸਾਂ ਵਿਚ ਦਸਮੇਸ਼ ਪਾਤਸ਼ਾਹ ਦੇ ਅੰਮ੍ਰਿਤ ਦੇ ਪੰਜ ਚੂਲੇ ਪਏ ਹੋਏ ਹਨ ਉਸ ਸੀਸ ਉੱਤੇ ਹੁੱਕਾ ਨਹੀਂ ਚੁੱਕਾਂਗਾ।" ਇਸ ਹੁਕਮ ਅਦੂਲੀ ਕਾਰਨ ਭਾਈ ਜੈ ਸਿੰਘ ਖਲਕੱਟ ਨੂੰ ਫੌਜਦਾਰ ਦੇ ਹੁਕਮ ਅਨੁਸਾਰ ਪਿੰਡ ਦੇ ਹੀ ਬੋਹੜ ਨਾਲ ਪੁੱਠਾ ਲਟਕਾ ਕੇ ਉਸ ਦੀ ਖੱਲ ਲੁਹਾ ਦਿੱਤੀ ਅਤੇ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ ਅਤੇ ਉਸ ਦੇ ਸਾਰੇ ਪਰਵਾਰ ਨੂੰ ਵੀ ਸ਼ਹੀਦ ਕਰ ਦਿੱਤਾ ਗਿਆ ਸੀ। ਪੰਜਾਬੀ ਦੇ ਇਕ ਕਵੀ ਨੇ ਉਨ੍ਹਾਂ ਬਾਰੇ ਇਉਂ ਲਿਖਿਆ ਹੈ:

*ਧੰਨ ਉਨ ਸਿੰਘਨ ਕੇ ਜਿਨ ਕਰ ਸਾਕਾ ਤਜੇ ਪਰਾਨ।*
*ਰਹੇ ਨਾਮ ਇਸ ਕਰਮ ਕਾ ਹੈ ਜੱਗ ਆਵਨ ਜਾਨ।*
*ਸ਼ਹੀਦ ਜੈ ਸਿੰਘ ਖਲਕੱਟ ਹੂਏ ਹੈਂ ਮਹਾ ਮਹਾਨ।*

ਉਨ੍ਹਾਂ ਦੀ ਸ਼ਹੀਦੀ ਨੂੰ ਸਾਰਾ ਸਿੱਖ ਜਗਤ ਹਰ ਰੋਜ਼ ਅਰਦਾਸ ਸਮੇਂ 'ਜਿਨ੍ਹਾਂ ਸਿੰਘ ਨੇ ਪੁੱਠੀਆਂ ਖੱਲਾਂ ਲੁਹਾਈਆਂ' ਬੋਲ ਕੇ ਯਾਦ ਕਰਦਾ ਹੈ ਅਤੇ ਗੁਰੂ ਸਾਹਿਬ ਦੀ ਬਖ਼ਸ਼ਿਸ਼ 'ਸਿੱਖੀ' ਨੂੰ ਧੰਨ ਕਹਿੰਦਾ ਹੈ। ਦਾੜ੍ਹੀ ਅਤੇ ਕੇਸਾਂ ਦੀ ਮਹੱਤਤਾ ਇਸ ਦਰਦਨਾਕ ਘਟਨਾ ਤੋਂ ਵੀ ਪੂਰੀ ਤਰ੍ਹਾਂ ਸਪਸ਼ਟ ਹੋ ਜਾਂਦੀ ਹੈ ਕਿ ਜਦੋਂ ੧੩ ਸਾਲ ਤੋਂ ਵੀ ਵੱਧ ਸਮੇਂ ਉਪਰੰਤ ਮਹਾਰਾਣੀ ਜਿੰਦ ਕੌਰ (ਮਹਾਰਾਣੀ ਜਿੰਦਾਂ) ਦਾ ਮਿਲਾਪ ਉਸ ਦੇ ਸਪੁੱਤਰ ਮਹਾਰਾਜਾ ਦਲੀਪ ਸਿੰਘ ਨਾਲ ਹੋਇਆ ਤਾਂ ਮਾਂ-ਪੁੱਤਰ ਦਾ ਮੋਹ-ਪਿਆਰ ਉਨ੍ਹਾਂ ਦੇ ਹੰਝੂਆਂ ਰਾਹੀਂ ਫੁੱਟ-ਫੁੱਟ ਕੇ ਬਾਹਰ ਆਇਆ। ਦੋਹਾਂ ਦਾ ਮਿਲਾਪ ਮਾਨੋ ਧਰਤੀ ਅਤੇ ਅਕਾਸ਼ ਦਾ ਮਿਲਾਪ ਹੋ ਰਿਹਾ ਹੋਵੇ, ਪਰੰਤੂ ਪੁੱਤਰ ਦੇ ਵਿਛੋੜੇ ਕਾਰਨ ਲੰਮਾਂ ਸਮਾਂ ਰੋ-ਰੋ ਕੇ ਅੱਖਾਂ ਦੀ ਜੋਤ ਗੁਆ ਬੈਠੀ ਮਾਤਾ ਜਿੰਦ ਕੌਰ ਦਾ ਹੱਥ ਜਦੋਂ ਪੁੱਤਰ ਦਲੀਪ ਸਿੰਘ ਦੇ ਸਿਰ ਅਤੇ ਮੂੰਹ ਉੱਤੇ ਗਿਆ ਤਾਂ ਉਸ ਨੇ ਗੁੱਸੇ ਵਿਚ ਇਕਦਮ ਦਲੀਪ ਸਿੰਘ ਨੂੰ ਪਿਛਾਂਹ ਧੱਕ ਦਿੱਤਾ ਅਤੇ ਕਿਹਾ, "ਤੂੰ ਮੇਰਾ ਦਲੀਪ ਨਹੀਂ", ਕਿਉਂਕਿ ਉਹ ਲੇਡੀ ਲਾਗਨ ਦੇ ਪ੍ਰਭਾਵ ਤਹਿਤ ਈਸਾਈ ਬਣ ਗਿਆ ਸੀ ਅਤੇ ਮੋਨਾ ਹੋ ਗਿਆ ਸੀ। ਉਸ ਪਾਸ ਹੁਣ ਕੇਸ 'ਗੁਰੂ ਕੀ ਮੋਹਰ' ਨਹੀਂ ਸੀ। ਦਲੀਪ ਸਿੰਘ ਨੂੰ ਡਾਢਾ ਪਛਤਾਵਾ ਲੱਗਾ। ਸਾਲਾਂਬੱਧੀ ਲੇਡੀ ਲਾਗਨ ਦੀ ਦਲੀਪ ਸਿੰਘ ਨੂੰ ਈਸਾਈ ਬਣਾਉਣ ਲਈ ਕੀਤੀ ਮੰਦ-ਇਰਾਦੇ ਵਾਲੀ ਚਾਲ ਪੁੱਠੀ ਪੈ ਗਈ ਅਤੇ ਦਲੀਪ ਸਿੰਘ ਨੇ ਆਪਣੀ ਮਾਂ

ਨੂੰ ਵਿਸ਼ਵਾਸ ਦੁਆਇਆ ਕਿ ਉਹ ਜਲਦੀ ਹੀ ਦਾੜ੍ਹੀ-ਕੇਸ ਰੱਖ ਕੇ ਅੰਮ੍ਰਿਤਧਾਰੀ ਹੋ ਜਾਵੇਗਾ ਅਤੇ ਉਸ ਨੇ ਅਜਿਹਾ ਹੀ ਕੀਤਾ। ਔਰੰਗਜ਼ੇਬ ਕੱਟੜ ਸੁੰਨੀ ਮੁਸਲਮਾਨ ਸੀ। ਉਸ ਨੇ ਦੀਨ ਮੁਹੰਮਦੀ ਕਬੂਲ ਨਾ ਕਰਨ ਵਾਲਿਆਂ ਨੂੰ ਸਜ਼ਾ ਦੇ ਰੂਪ ਵਿਚ ਦਾੜ੍ਹੀ ਅਤੇ ਕੇਸ ਰੱਖਣ ਤੋਂ ਪੂਰੀ ਤਰ੍ਹਾਂ ਵਰਜ ਦਿੱਤਾ ਸੀ। ਦਾੜ੍ਹੀ ਅਤੇ ਕੇਸਾਂ ਦੇ ਮਹੱਤਵ ਦਾ ਇੱਥੋਂ ਪਤਾ ਲੱਗਦਾ ਹੈ। ਇਹ ਅਜ਼ਾਦੀ ਦੀ ਨਿਸ਼ਾਨੀ ਹਨ, ਇਹ ਗੌਰਵ ਦੀ ਨਿਸ਼ਾਨੀ ਹਨ, ਇਹ ਗ਼ੈਰਤ ਦੀ ਨਿਸ਼ਾਨੀ ਹਨ, ਇਹ ਅਣਖ ਦੀ ਨਿਸ਼ਾਨੀ ਹਨ, ਇਹ ਮਰਦਊਪੁਣੇ ਦੀ ਨਿਸ਼ਾਨੀ ਹਨ। ਇਹ ਇਨਸਾਨ ਦੇ ਮਾਣ-ਸਨਮਾਨ ਦਾ ਚਿੰਨ੍ਹ ਹਨ। ਇਹ ਅਕਾਲ ਪੁਰਖ ਦੀ ਪਵਿੱਤਰ ਦਾਤ ਹਨ। ਇਹ ਸੱਚਮੁੱਚ ਹੀ 'ਗੁਰੂ ਕੀ ਮੋਹਰ' ਹਨ। ਇਹ ਮੁਕੰਮਲ ਰੱਬੀ ਮੂਰਤ ਦਾ ਅਹਿਲ ਚਿੰਨ੍ਹ ਹਨ। ਨਿਰਮਲਾ ਸੰਪਰਦਾਇ ਦੇ ਸੰਤਾਂ ਨੇ ਰਿਆਸਤ ਨਾਭਾ, ਜੀਂਦ ਅਤੇ ਪਟਿਆਲਾ ਦੀ ਸਹਾਇਤਾ ਨਾਲ ੧੮੬੨ ਈ. ਵਿਚ ਉਦਾਸੀਆਂ ਵਾਂਗ ਅਖਾੜਾ ਕਾਇਮ ਕੀਤਾ। ਇਸ ਅਖਾੜੇ ਦੇ ਪ੍ਰਬੰਧ ਲਈ ਤਿੰਨਾਂ ਰਿਆਸਤਾਂ ਵੱਲੋਂ ਜੋ ਸਾਂਝਾ ਦਸਤੂਰਉਲ ਅਮਲ ਜਾਰੀ ਕੀਤਾ ਗਿਆ ਸੀ, ਉਸ ਦੀ ਪਹਿਲੀ ਸ਼ਰਤ ਇਹ ਸੀ ਕਿ

੧) ਇਕ ਸ੍ਰੀ ਮਹੰਤ ਤਿੰਨਾਂ ਰਿਆਸਤਾਂ ਦੀ ਸਲਾਹ ਨਾਲ ਅਤੇ ਚਾਰ ਮਹੰਤ ਹੋਰ ਜੋ ਪੰਜ ਕੱਕਿਆਂ (ਅਰਥਾਤ ਕਛ, ਕ੍ਰਿਪਾਨ, ਕੇਸ, ਕੰਘੇ, ਕੜੇ) ਦੀ ਰਹਿਤ ਵਾਲੇ ਹੋਣ ਸ੍ਰੀ ਮਹੰਤ ਦੀ ਸਲਾਹ ਨਾਲ ਥਾਪੇ ਜਾਣਗੇ।

੨) ਜੋ ਲਾਂਗਰੀ ਅਖਾੜੇ ਵਿਚ ਪ੍ਰਸ਼ਾਦ ਤਿਆਰ ਕਰਨ ਵਾਲੇ ਹੋਣ ਉਹ ਭੀ ਇਸੇ ਰਹਿਤ ਵਾਲੇ ਹੋਣਗੇ। ਸੋ ਸਿੱਖ ਦਾ ਗੁਰੂ ਨਾਲ ਸੰਬੰਧ ਅਟੁੱਟ ਹੈ ਅਤੇ ਰਹਿਤ ਮਰਯਾਦਾ ਦੀ ਪਾਲਣਾ ਸਿੱਖ ਧਰਮ ਦਾ ਇਕ ਅਨਿੱਖੜ੍ਹਵਾਂ ਅੰਗ ਹੈ। ਇਸ ਵਿਚ ਕਿਸੇ ਕਿਸਮ ਦੀ ਛੋਟ ਜਾਂ ਢਿੱਲ ਦੇਣ ਦੀ ਕੋਈ ਗੁੰਜਾਇਸ਼ ਨਹੀਂ ਅਤੇ ਨਾ ਹੀ ਕਿਸੇ ਵਿਅਕਤੀ ਜਾਂ ਸੰਸਥਾ ਨੂੰ ਸਤਿਗੁਰਾਂ ਵੱਲੋਂ ਨਿਰਧਾਰਤ ਰਹਿਤ ਮਰਯਾਦਾ ਵਿਚ ਕਿਸੇ ਕਿਸਮ ਦੇ ਫੇਰ-ਬਦਲ, ਬਦੀਲੀ ਜਾਂ ਢਿੱਲ-ਛੋਟ ਦੇਣ ਦਾ ਅਧਿਕਾਰ/ਅਥਾਰਟੀ ਨਹੀਂ ਹੈ। ਇਸ ਲਈ ਸਚਿਆਰ ਹੀ ਸਿੱਖ ਹੈ, ਗੁਰਸਿੱਖ ਹੈ, ਖਾਲਸਾ ਹੈ, ਉਹ ਸਾਬਤ-ਸੂਰਤ ਹੈ। ਖਾਲਸਾ ਪੰਥ ਵਿਚ ਸਹਿਜਧਾਰੀ ਸਿੱਖ ਆਦਿ ਕਿਸੇ ਮਨਘੜਤ ਧਾਰਨਾ ਦੀ ਉੱਕਾ ਹੀ ਕੋਈ ਥਾਂ ਨਹੀਂ ਹੈ। ਇਸ ਲਈ ਦਾੜ੍ਹੀ-ਕੇਸ ਕੱਟਣ, ਰੰਗਣ ਜਾਂ ਸਰੀਰ ਦੇ ਕਿਸੇ ਵੀ ਹਿੱਸੇ ਦੇ ਰੋਮਾਂ ਦੀ ਬੇਅਦਬੀ ਕਰਨ ਵਾਲੇ ਨੂੰ ਸਿੱਖ ਨਹੀਂ ਮੰਨਿਆ ਜਾ ਸਕਦਾ। ਉਹ ਭਾਵੇਂ ਇਸਤਰੀ ਹੋਵੇ ਜਾਂ ਮਰਦ— ਰਹਿਤ ਮਰਯਾਦਾ ਦੋਹਾਂ ਲਈ ਹੀ ਇਕਸਾਰ ਹੈ। ਧਾਰਮਿਕ, ਸਦਾਚਾਰਕ ਅਤੇ ਇਤਿਹਾਸਿਕ ਪੱਖ ਨੂੰ ਸਨਮੁਖ ਰੱਖਦਿਆਂ ਸਿੱਖ ਅਖਵਾਉਣ ਵਾਲੇ ਪਰ ਨਾਲ ਹੀ ਰੋਮਾਂ ਦੀ ਬੇਅਦਬੀ ਕਰਨ ਵਾਲਿਆਂ ਨੂੰ ਇਸ ਬਜਰ ਕੁਰਹਿਤ ਨੂੰ ਤਿਆਗ ਕੇ *ਸਾਬਤ ਸੂਰਤਿ ਦਸਤਾਰ ਸਿਰਾ* ਬਣਨਾ ਚਾਹੀਦਾ ਹੈ। ■

# ਸਰਦਾਰ ਹਰੀ ਸਿੰਘ ਨਲਵਾ

*-ਡਾ. ਰੂਪ ਸਿੰਘ**

ਸਰਦਾਰ ਹਰੀ ਸਿੰਘ ਨਲਵਾ ਦਾ ਨਾਮ ਸਿੱਖ ਸ਼ਹੀਦਾਂ, ਸਿੱਖ ਜਰਨੈਲਾਂ, ਸਫ਼ਲ ਪ੍ਰਬੰਧਕਾਂ ਤੇ ਧਰਮੀ ਜੀਉੜਿਆਂ ਦੀ ਪਹਿਲੀ ਕਤਾਰ ਵਿਚ ਆਉਂਦਾ ਹੈ। ਸ਼ਹੀਦ ਤਾਂ ਸਾਰੇ ਹੀ ਸਤਿਕਾਰਯੋਗ ਹੁੰਦੇ ਹਨ, ਪਰ ਸਰਦਾਰ ਹਰੀ ਸਿੰਘ ਨਲਵਾ ਵੱਲੋਂ ਸਿੱਖ ਰਾਜ ਦੀ ਰੱਖਿਆ ਅਤੇ ਸਾਰ-ਵਿਸਥਾਰ ਲਈ ਕੀਤੇ ਗਏ ਕਾਰਨਾਮੇ ਅਤੇ ਸ਼ਹਾਦਤ ਅਮੋਲਕ ਹੈ।

੧੭੯੧ ਈ. ਵਿਚ ਪੈਦਾ ਹੋਏ ਸਰਦਾਰ ਹਰੀ ਸਿੰਘ ਨੂੰ ੧੮੦੫ ਈ. ਵਿਚ ਬਸੰਤੀ ਦਰਬਾਰ ਸਮੇਂ ਜੰਗੀ ਕਰਤੱਵ-ਵਿੱਦਿਆ ਦੀ ਪ੍ਰਵੀਨਤਾ ਸਦਕਾ ਜਰਨੈਲਾਂ, ਸੂਰਬੀਰਾਂ ਦੇ ਕਦਰਦਾਨ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ 'ਫ਼ੌਜ-ਏ-ਖ਼ਾਸ' ਵਿਚ ਸ਼ਾਮਲ ਕਰ ਲਿਆ। ਸ਼ੇਰ-ਏ-ਪੰਜਾਬ ਦੇ ਸਨਮੁਖ ਸ਼ੇਰ ਦਾ ਸ਼ਿਕਾਰ ਕਰ ਸਰਦਾਰ ਹਰੀ ਸਿੰਘ 'ਨਲਵਾ' ਦਾ ਖ਼ਿਤਾਬ ਪ੍ਰਾਪਤ ਕਰ 'ਸ਼ੇਰ ਦਿਲ ਰੈਜਮੈਂਟ' ਦਾ ਜਰਨੈਲ ਨਿਯਤ ਹੋਇਆ। ਸਰਦਾਰ ਹਰੀ ਸਿੰਘ 'ਨਲਵਾ' ਨੇ ਸਦੀਆਂ ਤੋਂ ਗ਼ੁਲਾਮ ਭਾਰਤੀਆਂ ਨੂੰ ਗ਼ੁਲਾਮੀ ਤੋਂ ਨਿਜਾਤ ਹੀ ਨਹੀਂ ਦਿਵਾਈ, ਸਗੋਂ ਕਸ਼ਮੀਰ, ਹਜ਼ਾਰਾ, ਪਿਸ਼ਾਵਰ 'ਤੇ ਕੇਸਰੀ ਪਰਚਮ ਝੁਲਾ 'ਖਾਲਸਾ ਰਾਜ' ਦਾ ਸਾਰ-ਵਿਸਥਾਰ ਵੀ ਕੀਤਾ। ਆਪ ਨੇ ਤੀਖਣ ਬੁੱਧੀ, ਸਿਆਣਪ ਤੇ ਸਫ਼ਲ ਪ੍ਰਸ਼ਾਸਕ ਖ਼ੂਬੀਆਂ ਸਦਕਾ ਮਹਾਰਾਜਾ ਰਣਜੀਤ ਸਿੰਘ ਦੇ ਦਿਲ ਵਿਚ ਖਾਸ ਥਾਂ ਬਣਾ ਲਈ। ਇਸੇ ਲਈ ਮਹਾਰਾਜਾ ਅਕਸਰ ਕਿਹਾ ਕਰਦੇ ਸਨ ਕਿ, "ਰਾਜ ਕਰਨ ਲਈ ਤੇਰੇ ਵਰਗੇ ਆਦਮੀ ਹੋਣੇ ਜ਼ਰੂਰੀ ਹਨ।"

ਸਰਦਾਰ ਹਰੀ ਸਿੰਘ ਨੇ ਜਿੱਤਾਂ ਪ੍ਰਾਪਤ ਕਰ ਸਿੱਖ ਰਾਜ ਦੀ ਰਾਖੀ ਤੇ ਵਿਸਥਾਰ ਕਰ ਸਫ਼ਲ ਪ੍ਰਬੰਧਕ ਦਾ ਅਜਿਹਾ ਪ੍ਰਦਰਸ਼ਨ ਕੀਤਾ ਕਿ ਕਸ਼ਮੀਰ ਦੇ ਪ੍ਰਬੰਧ ਤੋਂ ਖ਼ੁਸ਼ ਹੋ ਕੇ ਮਹਾਰਾਜਾ ਰਣਜੀਤ ਸਿੰਘ ਨੇ ਸਰਦਾਰ ਹਰੀ ਸਿੰਘ ਨੂੰ ਕੋਈ ਵੱਡਾ ਰੁਤਬਾ ਦੇਣਾ ਚਾਹਿਆ ਤਾਂ ਜੋ ਇਸ ਮਹਾਨ ਜਰਨੈਲ ਦੀ ਮਹਾਨ ਪ੍ਰਤਿਭਾ ਦਾ ਯੋਗ ਸਤਿਕਾਰ ਕੀਤਾ ਜਾ ਸਕੇ। ਕਈ ਦਿਨਾਂ ਦੀ ਸੋਚ-ਵਿਚਾਰ ਉਪਰੰਤ ਸਰਦਾਰ ਹਰੀ ਸਿੰਘ ਨੂੰ ਆਪਣੇ ਨਾਂ ਦਾ ਸਿੱਕਾ ਜਾਰੀ ਕਰਨ ਦੀ ਹਦਾਇਤ ਕੀਤੀ। ਇਸ ਤਰ੍ਹਾਂ ਪਿਸ਼ਾਵਰ ਦੀ ਜਿੱਤ ਤੇ ਪ੍ਰਬੰਧ ਤੋਂ ਖ਼ੁਸ਼ ਹੋ ਕੇ ਦੂਸਰੀ ਵਾਰ ਉਸ ਨੂੰ ਆਪਣੇ ਨਾਂ ਸਿੱਕਾ ਜਾਰੀ ਕਰਨ ਦੀ ਆਗਿਆ ਕੀਤੀ ਗਈ।

ਸਰਦਾਰ ਹਰੀ ਸਿੰਘ ਆਪਣੇ ਸਮੇਂ ਦੇ ਸਿੱਖ ਜਰਨੈਲਾਂ ਵਿਚ ਤੇਜ ਬੁੱਧੀ ਦਾ

*ਮੁੱਖ ਸਕੱਤਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।*

ਮਾਲਕ ਸੀ। ਇਸ ਸੰਬੰਧੀ ਮਿਸਟਰ ਬੈਰਨ ਹੂਗਲ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ "ਸਰਦਾਰ ਹਰੀ ਸਿੰਘ ਦੀ ਵਿਦਵਤਾ ਅਤੇ ਮਾਲੂਮਾਤ ਨੂੰ ਦੇਖ ਮੈਂ ਹੈਰਾਨ ਰਹਿ ਗਿਆ, ਉਹ ਫ਼ਾਰਸੀ ਵਿਚ ਬੜਾ ਨਿਪੁੰਨ ਅਤੇ ਬੜੀ ਤੇਜ਼ੀ ਨਾਲ ਲਿਖ ਤੇ ਬੋਲ ਸਕਦਾ ਸੀ, ਪਸ਼ਤੋ ਵਿਚ ਵੀ ਆਪ ਐਸੀ ਰਵਾਨਗੀ ਨਾਲ ਬੋਲਿਆ ਕਰਦੇ ਸਨ ਕਿ ਸੁਣਨ ਵਾਲੇ ਅਚੰਭਿਤ ਹੋ ਜਾਂਦੇ ਸਨ। 'ਸਿੱਖ' ਸ਼ਬਦ ਪਰ ਆਪ ਨੂੰ ਇਤਨਾ ਫ਼ਖ਼ਰ ਸੀ ਕਿ ਆਪ ਅਕਸਰ ਆਖਿਆ ਕਰਦੇ ਸਨ ਕਿ 'ਸਿੱਖ' ਨੂੰ ਖ਼ਤਰਾ ਕੀ ਆਖਦਾ ਹੈ? 'ਸਿੱਖ' ਨੂੰ ਨਦੀਂ ਰੋੜ੍ਹ ਨਹੀਂ ਸਕਦੀ, 'ਸਿੱਖ' ਕਦੇ ਹਾਰਦਾ ਨਹੀਂ।

ਅਟਕ ਦਰਿਆ ਨੂੰ ਪਾਰ ਕਰਨ ਸਮੇਂ ਦੇ ਹਾਲਾਤ ਨੂੰ ਮਿਸਟਰ ਬਾਰਨਸ ਆਪਣੇ ਸਫ਼ਰਨਾਮੇ ਵਿਚ ਲਿਖਦਾ ਹੈ ਕਿ, "ਇਸ ਭਿਆਨਕ ਦ੍ਰਿਸ਼ ਨੂੰ ਦੇਖ ਕੇ ਮੇਰਾ ਦਿਲ ਭੈਭੀਤ ਹੋ ਕੇ ਕੰਬਣ ਲੱਗਾ। ਇਸ ਸਮੇਂ ਸਰਦਾਰ ਹਰੀ ਸਿੰਘ ਨੂੰ ਮੈਂ ਆਖਿਆ ਕਿ ਸਾਨੂੰ ਦਰਿਆ ਵਿੱਚੋਂ ਘੋੜਿਆਂ ਪਰ ਪਾਰ ਜਾਣ ਦੇ ਖ਼ਤਰੇ ਵਿਚ ਨਹੀਂ ਪੈਣਾ ਚਾਹੀਦਾ ਅਤੇ ਇੱਥੋਂ ਹੀ ਪਿੱਛੇ ਪਰਤ ਜਾਣਾ ਚੰਗਾ ਹੈ। ਮੇਰੀ ਗੱਲ ਨੂੰ ਸੁਣ ਕੇ ਹਰੀ ਸਿੰਘ ਹੱਸ ਪਿਆ ਅਤੇ ਆਖਣ ਲੱਗਾ ਕਿ ਤਦ "ਸਿੱਖ ਬਣਨ ਦਾ ਕੀ ਲਾਭ ਹੋਇਆ ਜੇ ਕਦੇ ਸਿੱਖ ਦਰਿਆ ਅਟਕ ਤੋਂ ਇਸ ਸਮੇਂ ਘੋੜੇ ਪਰ ਪਾਰ ਨਾ ਹੋ ਸਕਿਆ?

ਅਰਥਾਤ ਸਿੱਖ ਨੂੰ ਅਟਕ ਦਰਿਆ ਰੋੜ੍ਹ ਨਹੀਂ ਸਕਦਾ ਤੇ ਉਹ ਮੈਨੂੰ ਘੋੜੇ ਦੀ ਪਿੱਠ ਪਰ ਬਿਠਾ ਦਰਿਆ ਤੋਂ ਪਾਰ ਲੈ ਗਿਆ।" ਇਹ ਕੇਵਲ ਇਕ ਵੰਨਗੀ ਖ਼ਾਤਰ ਹੈ ਸਰਦਾਰ ਹਰੀ ਸਿੰਘ ਦੀ ਸਿੱਖੀ ਪ੍ਰਤੀ ਨਿਸ਼ਠਾ ਤੇ ਗੁਰੂ ਕਿਰਪਾ ਆਧਾਰਿਤ ਸ੍ਵੈ-ਵਿਸ਼ਵਾਸ ਦੀ।

ਕਈ ਵਾਰ ਪੜ੍ਹਨ, ਦੇਖਣ, ਸੁਣਨ ਵਿਚ ਆਇਆ ਹੈ ਕਿ ਜਦ ਸਧਾਰਨ ਮਨੁੱਖ ਲਗਨ, ਮਿਹਨਤ ਸਦਕਾ ਸਫ਼ਲਤਾ ਦੀਆਂ ਸਰ-ਬੁਲੰਦੀਆਂ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਆਪਣਾ ਪਿਛੋਕੜ ਭੁੱਲ ਜਾਂਦਾ ਹੈ, ਪਰ ਸਰਦਾਰ ਹਰੀ ਸਿੰਘ ਨਲਵਾ ਦੀ ਸ਼ਖ਼ਸੀਅਤ ਦੀ ਇਹ ਖ਼ਾਸੀਅਤ ਹੈ ਕਿ ਰੁਤਬੇ-ਦਰ-ਰੁਤਬਾ ਪ੍ਰਾਪਤ ਕਰਦੇ ਗਏ ਤੇ ਉਨ੍ਹਾਂ ਦਾ ਗੁਰਬਾਣੀ ਪ੍ਰਤੀ ਸਤਿਕਾਰ, ਸਿਦਕ ਤੇ ਭਰੋਸਾ ਹੋਰ ਪ੍ਰਪੱਕ ਹੁੰਦਾ ਗਿਆ। ਆਪ ਨੇ ਹੱਥੀਂ ਸੇਵਾ ਕਰ ਕਈ ਗੁਰਦੁਆਰਾ ਸਾਹਿਬਾਨ ਦੀਆਂ ਨਵੀਆਂ ਇਮਾਰਤਾਂ ਉਸਾਰੀਆਂ ਤੇ ਸ਼ਹੀਦਾਂ ਦੀਆਂ ਯਾਦਗਾਰਾਂ ਸਥਾਪਿਤ ਕੀਤੀਆਂ। ਪੰਥਕ ਤੇ ਧਾਰਮਿਕ ਕੰਮਾਂ ਲਈ ਆਪ ਹਮੇਸ਼ਾਂ ਮਾਇਆ ਦੇ ਖੁੱਲੇ ਗੱਫੇ ਦਿਆ ਕਰਦੇ ਸਨ। ਆਪ ਤਾਂ ਆਖਿਆ ਕਰਦੇ ਸਨ ਕਿ, "ਖ਼ਜ਼ਾਨਾ ਗੁਰੂ ਨਾਨਕ ਪਾਤਸ਼ਾਹ ਦਾ ਹੈ ਅਤੇ ਕੁੰਜੀ ਹਰੀ ਸਿੰਘ ਦੇ ਹੱਥ ਹੈ, ਮੇਰਾ ਇਸ ਵਿਚ ਕੁਝ ਵੀ ਨਹੀਂ ਲੱਗਦਾ, ਮੈਂ ਕੇਵਲ ਇਕ ਖ਼ਜ਼ਾਨਚੀ ਦੀ ਸੇਵਾ ਨਿਭਾ ਰਿਹਾ ਹਾਂ"

ਪਿਸ਼ਾਵਰ ਦਾ ਗਵਰਨਰ ਬਣ ਸਰਦਾਰ ਹਰੀ ਸਿੰਘ ਨੇ ਦੱਰਾ ਖ਼ੈਬਰ ਦੇ ਬੂਹੇ ਸਾਹਮਣੇ, ਬਾਲਾ ਹਿਸਾਰ, ਜਮਰੌਦ, ਬੁਰਜ ਹਰੀ ਸਿੰਘ, ਮਿਚਨੀ, ਸੁੰਦਰਗੜ੍ਹ ਆਦਿ

ਕਿਲ੍ਹਿਆਂ ਦਾ ਜਾਲ ਵਿਛਾ ਦਿੱਤਾ। ਸਰਦਾਰ ਹਰੀ ਸਿੰਘ ਨੇ ਸਦੀਆਂ ਤੋਂ ਲੁੱਟਮਾਰ ਲਈ ਬਣੇ ਸ਼ਾਹ-ਮਾਰਗ ਨੂੰ ਬੰਦ ਹੀ ਨਹੀਂ ਕੀਤਾ, ਸਗੋਂ ਪਾਣੀ ਦਾ ਵਹਾਅ ਹੀ ਬਦਲ ਦਿੱਤਾ। ਇਸ ਕਰਕੇ ਤਾਂ ਦੋਸਤ ਮੁਹੰਮਦ ਖ਼ਾਨ ਘਬਰਾ ਕੇ ਕਹਿੰਦਾ ਸੀ ਕਿ, "ਸਾਡੇ ਦੇਸ਼ ਦੇ ਕੁਝ ਗੱਭਰੂ ਚੜ੍ਹ ਕੇ ਜਾਣ ਤਾਂ ਹਿੰਦੁਸਤਾਨ ਦੇ ਮੰਦਰ ਢਾਹ ਕੇ, ਮੂਰਤੀਆਂ ਤੋੜ ਕੇ, ਦੌਲਤ ਦੀ ਲੁੱਟਮਾਰ ਕਰ, ਹੁਸਨ ਨੂੰ ਬੰਨ੍ਹ ਕੇ ਕਾਬਲ ਲੈ ਆਉਣ ਤੇ ਅੱਜ ਉਹ ਕਿਹੜੀ ਮਰਦ ਕੌਮ ਪੈਦਾ ਹੋ ਗਈ ਹੈ ਜੋ ਸਾਨੂੰ ਬੂਹੇ ਸਾਹਮਣੇ ਵੰਗਾਰ ਰਹੀ ਹੈ? ਇਹ ਕੌਮ ਹੈ ਸ਼ਹੀਦਾਂ ਦੀ ਜਿਸ ਨੂੰ ਮਾਣ ਹੈ ਆਪਣੇ ਸਰਦਾਰ ਹਰੀ ਸਿੰਘ ਵਰਗੇ ਜਰਨੈਲਾਂ 'ਤੇ।"

ਇੱਥੇ ਜਮਰੌਦ ਦੇ ਕਿਲ੍ਹੇ ਬਾਰੇ ਜ਼ਿਕਰ ਕਰਨਾ ਜ਼ਰੂਰੀ ਹੈ। ਪਿਸ਼ਾਵਰ ਤੋਂ ੧੮ ਕਿਲੋਮੀਟਰ ਦੂਰ ਦਰ੍ਹਾ ਖੈਬਰ ਵੱਲ ਹੈ ਜਮਰੌਦ। ਸਰਦਾਰ ਹਰੀ ਸਿੰਘ ਨਲਵਾ ਨੇ ੧੭ ਅਕਤੂਬਰ, ੧੮੩੬ ਈ. ਨੂੰ ਫ਼ਤਿਹਗੜ੍ਹ ਸਾਹਿਬ ਦੀ ਨੀਂਹ ਆਪਣੇ ਨਿਰਮਲ ਹੱਥਾਂ ਨਾਲ ਰੱਖੀ। ਉਸ ਦੀ ਕੰਧ ਚਾਰ ਗਜ਼ (ਮੀਟਰ) 'ਤੇ ੧੨ ਗਜ਼ (ਮੀਟਰ) ਉੱਚੀਆਂ ਉਸਾਰੀਆਂ। ਜਮਰੌਦ ਦੇ ਘੇਰੇ ਸਮੇਂ ਸਰਦਾਰ ਮਹਾਂ ਸਿੰਘ ਪਾਸ ੮੦੦ ਪੈਦਲ, ੨੦੦ ਘੋੜ-ਸਵਾਰ, ਦਸ ਵੱਡੀਆਂ ਤੋਪਾਂ ਤੇ ਬਾਰ੍ਹਾਂ ਛੋਟੀਆਂ ਤੋਪਾਂ ਸਨ। ਕਿਲ੍ਹੇ ਦੀ ਸੁਰੱਖਿਆ ਦੀ ਜ਼ਿੰਮੇਵਾਰੀ ਸਰਦਾਰ ਮਹਾਂ ਸਿੰਘ ਦੀ ਜਥੇਦਾਰੀ 'ਚ ਸੀ। ਬਹੁਤੀ ਸਿੱਖ ਫ਼ੌਜ ਤੇ ਜਰਨੈਲ ਕੰਵਰ ਨੌਨਿਹਾਲ ਸਿੰਘ ਦੇ ਵਿਆਹ 'ਤੇ ਆਏ ਸਨ, ਪਿਸ਼ਾਵਰ ਦਾ ਗਵਰਨਰ ਸਰਦਾਰ ਹਰੀ ਸਿੰਘ ਨਲਵਾ ਕਾਫ਼ੀ ਸਮੇਂ ਤੋਂ ਬਿਮਾਰ ਸੀ, ਪਰ ਜਦ ਉਸ ਨੂੰ ਪਤਾ ਚੱਲਿਆ ਕਿ ਜਮਰੌਦ ਦਾ ਕਿਲ੍ਹਾ ਦੁਸ਼ਮਣਾਂ ਦੇ ਘੇਰੇ ਵਿਚ ਹੈ ਤਾਂ ਸਰਦਾਰ ਹਰੀ ਸਿੰਘ ਬਿਮਾਰੀ ਦੀ ਪਰਵਾਹ ਨਾ ਕਰਦਾ ਹੋਇਆ ਰਾਤੋ-ਰਾਤ ਪਿਸ਼ਾਵਰ ਤੋਂ ਜਮਰੌਦ ਪਹੁੰਚ ਗਿਆ। ਸਰਦਾਰ ਹਰੀ ਸਿੰਘ ਨਲਵਾ ਦੀ ਫ਼ੌਜ ਦਾ ਦੁਸ਼ਮਣ 'ਤੇ ਕਿਤਨਾ ਭੈ ਸੀ ਇਸ ਦੀ ਇਕ ਉਦਾਹਰਨ ਉਦੋਂ ਮਿਲਦੀ ਹੈ ਜਦੋਂ ਜਮਰੌਦ ਦੇ ਕਿਲ੍ਹੇ ਦੀ ਇਕ ਬਾਹੀ 'ਚ ਪਾੜ ਪੈ ਜਾਂਦਾ ਹੈ, ਗਨੀ ਖਾਂ ਹਮਲਾਵਰ ਹੈ। ਦੋਸਤ ਮੁਹੰਮਦ ਖਾਂ ਦਾ ਵੱਡਾ ਪੁੱਤਰ ਮੁਹੰਮਦ ਖਾਨ ਕਿਲ੍ਹੇ ਦੇ ਪਾੜ ਵੱਲ ਵਧਿਆ। ਪਿੱਛੋਂ ਸੰਮੀ ਖਾਂ ਨੇ ਅਵਾਜ਼ ਮਾਰੀ! ਸ਼ੇਰ ਦੇ ਘੁਰਨੇ 'ਚ ਸ਼ਿਕਾਰ ਕਰਨ ਵਾਲਾ ਕਦੇ ਨਹੀਂ ਬਚਿਆ, ਹਨੇਰੇ ਸਮੇਂ ਸਿੱਖਾਂ ਨਾਲ ਕਿਲ੍ਹੇ ਵਿਚ ਜਾ ਕੇ ਲੜਨਾ ਆਪਣੇ ਆਪ ਨਾਲ ਵੈਰ ਕਮਾਉਣਾ ਹੈ। ਉਹ ਜੀਉਂਦੇ ਜੀਅ ਕਿਲ੍ਹਾ ਨਹੀਂ ਦੇਣਗੇ। ਸਿੰਘ ਤਾਂ ਭਾਵੇਂ ਹਫ਼ਤੇ ਦਾ ਮੋਇਆ ਹੋਵੇ ਜੇ ਉਸਦੇ ਸਿਰਹਾਣੇ ਖਲੋ ਕੇ ਵੰਗਾਰੇਂਗਾ ਤਾਂ ਉਹ ਵੀ ਲੜਨ ਲਈ ਤਿਆਰ ਹੋ ਜਾਵੇਗਾ। ਏਥੇ ਤਾਂ ੭੦੦-੮੦੦ ਤਿਆਰ-ਬਰ-ਤਿਆਰ ਸਿੰਘ ਹਨ। ਦੁਸ਼ਮਣ ਇਹ ਗੱਲ ਕਹਿ ਰਿਹਾ ਹੈ। ਸਿੱਖਾ! ਤੇਰੇ ਕਿਰਦਾਰ, ਵਿਸ਼ਵਾਸ, ਦ੍ਰਿੜ੍ਹਤਾ, ਭਰੋਸੇ ਦੀ ਇਸ ਤੋਂ ਵੱਡੀ ਕੀ ਮਿਸਾਲ ਹੋ ਸਕਦੀ ਹੈ? ਫਤਿਹ ਤਾਂ ਗੁਰੂ ਨੇ ਬਖ਼ਸ਼ਿਸ਼ ਕਰਨੀ ਹੈ, ਤੇਰਾ ਕੰਮ ਤਾਂ ਹੁਕਮੀ ਬੰਦਾ ਬਣਨਾ ਹੈ। ਅੱਜ ਜੇਕਰ ਇਸ ਨਿਸ਼ਚੇ ਵਿਚ ਕਿਤੇ ਕਮਜ਼ੋਰੀ ਦਿਸਦੀ ਹੈ

ਤਾਂ ਇਸ ਦੀ ਪੜਚੋਲ ਕਰਨ ਦੀ ਡਾਹਢੀ ਲੋੜ ਹੈ।

ਸਰਦਾਰ ਹਰੀ ਸਿੰਘ ਸਿੱਖ ਰਾਜ ਦੇ ਮਹੱਲ ਦਾ ਇਕ ਮਹੱਤਵਪੂਰਨ ਬੁਰਜ ਸੀ, ਜਿਸ ਦੇ ਆਸਰੇ 'ਸਰਕਾਰ ਖ਼ਾਲਸਾ' ਕਾਇਮ ਸੀ। ਜਦ ਮਹਾਰਾਜਾ ਰਣਜੀਤ ਸਿੰਘ ਨੂੰ ਹਰੀ ਸਿੰਘ ਦੇ 'ਜ਼ਾਮ-ਏ-ਸ਼ਹਾਦਤ' ਪੀ ਜਾਣ ਦੀ ਦੁਖਦਾਈ ਖ਼ਬਰ ਪ੍ਰਾਪਤ ਹੋਈ ਤਾਂ 'ਸਰਕਾਰ ਖ਼ਾਲਸਾ' ਨੇ ਕਿਹਾ ਸੀ, "ਅੱਜ ਖਾਲਸਾ ਰਾਜ ਦੇ ਕਿਲ੍ਹੇ ਦਾ ਭਾਰੀ ਬੁਰਜ ਢਹਿ ਗਿਆ ਹੈ। ਮੇਰੇ ਬਹਾਦਰ ਤੇ ਸੁਘੜ ਸਿਆਣੇ ਸਰਦਾਰ ਹਰੀ ਸਿੰਘ ਦਾ ਸਦੀਵੀਂ ਵਿਛੋੜਾ ਮੇਰੇ ਲਈ ਅਸਹਿ ਹੈ।" ਕਿਤਨੀ ਸੱਚਾਈ ਸੀ ਇਸ ਕਥਨ ਵਿਚ ਜਿਸ ਦੇ ਅਮਲ ਨੂੰ ਅਸੀਂ 'ਸਰਕਾਰ ਖ਼ਾਲਸਾ' ਦੇ ਖੇਰੂੰ-ਖੇਰੂੰ ਹੋ ਜਾਣ ਸਮੇਂ ਪ੍ਰਤੱਖ ਦੇਖਦੇ ਹਾਂ। ਸਰਦਾਰ ਹਰੀ ਸਿੰਘ ਦਾ ਵੈਦ-ਉਨ੍ਹਾਂ ਨੂੰ ਰੋਕਦਾ ਹੈ, ਕਿ ਤੁਸੀਂ ਪਹਿਲਾ ਤੰਦਰੁਸਤ ਹੋਵੋ ਫਿਰ ਜੰਗ 'ਚ ਜਾਣਾ, ਤੁਹਾਡਾ ਸਲਾਮਤ ਰਹਿਣਾ ਜ਼ਰੂਰੀ ਹੈ। ਸਰਦਾਰ ਹਰੀ ਸਿੰਘ ਦਾ ਜੁਆਬ ਅੱਜ ਸਾਡੇ ਆਗੂਆਂ ਲਈ ਪ੍ਰੇਰਨਾ-ਸ੍ਰੋਤ ਹੋਣਾ ਚਾਹੀਦਾ ਹੈ ਉਨ੍ਹਾਂ ਅੱਗੋਂ ਆਖਿਆ, "ਵੈਦ ਜੀ! ਪੰਥ ਦੀ ਸ਼ਾਨ ਬਚੀ ਰਹੀ ਤਾਂ ਹਜ਼ਾਰਾਂ ਹਰੀ ਸਿੰਘ ਨਲਵੇ ਹੋਰ ਪੈਦਾ ਹੋ ਜਾਣਗੇ। ਜੇ ਪੰਥ ਦੀ ਸ਼ਾਨ ਹੀ ਨਾ ਰਹੀ- ਜੇ ਕੇਸਰੀ ਪਰਚਮ ਹੀ ਝੁਕ ਗਿਆ ਤਾਂ ਲੱਖਾਂ ਹਰੀ ਸਿੰਘ ਨਲਵੇ ਯੋਧੇ ਵੀ ਗ਼ੈਰਾਂ ਦੀਆਂ ਕਠਪੁਤਲੀਆਂ ਬਣ ਕੇ ਰਹਿ ਜਾਣਗੇ। ਮੈਂ ਜਾਨ ਨਾਲੋਂ ਸਿੱਖੀ ਸ਼ਾਨ ਨੂੰ ਪਿਆਰਾ ਜਾਣਦਾ ਹਾਂ।" ਪੰਜਾਬ ਦੇ ਵਿਚ ਕਹਾਵਤ ਸੀ— 'ਖਾਧਾ ਪੀਤਾ ਲਾਹੇ ਦਾ ਬਾਕੀ ਅਹਿਮਦ ਸ਼ਾਹੇ ਦਾ।' ਜਿਸ ਦੇ ਅਰਥ ਭਾਵ ਤੇ ਅਮਲ ਸਰਦਾਰ ਹਰੀ ਸਿੰਘ ਨਲਵਾ ਨੇ ਬਦਲ ਕੇ ਰੱਖ ਦਿੱਤਾ। ਅਫ਼ਗਾਨੀ ਲੋਕ ਅੱਜ ਵੀ ਦੇਸ਼ ਵਿਚ ਆਉਂਦੇ ਹਨ, ਪਰ ਹੁਣ ਸਵਾਲੀ ਬਣ ਕੇ, ਮਜ਼ਦੂਰੀ ਹੀ ਕਰਨ ਵਾਸਤੇ!

ਭਾਈ ਕਾਨ੍ਹ ਸਿੰਘ ਜੀ ਨਾਭਾ ਅਨੁਸਾਰ ੧੯ ਵੈਸਾਖ, ਸੰਮਤ ੧੮੯੪ (੩੦ ਅਪ੍ਰੈਲ, ੧੮੩੭ ਈ.) ਨੂੰ ਸਰਦਾਰ ਹਰੀ ਸਿੰਘ ਨਲਵਾ ਨੇ ਸ਼ਹਾਦਤ ਪ੍ਰਾਪਤ ਕੀਤੀ। ਸਰਦਾਰ ਹਰੀ ਸਿੰਘ ਨਲਵਾ ਦੀ ਸਮਾਧ ਜਮਰੌਦ ਦੇ ਕਿਲ੍ਹੇ ਵਿਚ ਵਿਦਯਮਾਨ ਹੈ। ■

## ਸਿੱਖ ਮਿਸ਼ਨ ਹਰਿਆਣਾ ਵੱਲੋਂ ਅੰਮ੍ਰਿਤ-ਸੰਚਾਰ

ਇੰਚਾਰਜ, ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ, ਵਾਰਡ ਨੰਬਰ ੧੧, ਗੁਹਲਾ, ਜ਼ਿਲ੍ਹਾ ਕੈਥਲ ਵਿਖੇ ਮਿਸ਼ਨ ਵੱਲੋਂ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੩੯ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

# ੧੯੧੯ ਦੀ ਵੈਸਾਖੀ

*-ਸ. ਸਿਮਰਜੀਤ ਸਿੰਘ**

ਪੰਜਾਬ ਦੀ ਧਰਤੀ ਮੁੱਢ-ਕਦੀਮ ਤੋਂ ਰੂਹਾਨੀ ਅਨੁਭਵੀਆਂ, ਯੋਧਿਆਂ ਤੇ ਸੂਰਬੀਰਾਂ ਦੀ ਧਰਤੀ ਰਹੀ ਹੈ। ਪੱਛਮ ਵੱਲੋਂ ਹਿੰਦੋਸਤਾਨ ਉੱਪਰ ਚੜ੍ਹ ਕੇ ਆਉਣ ਵਾਲੇ ਹਮਲਾਵਰਾਂ ਦਾ ਟਾਕਰਾ ਪੰਜਾਬ ਦੇ ਸੂਰਬੀਰ ਯੋਧੇ ਹੀ ਸਭ ਤੋਂ ਪਹਿਲਾਂ ਕਰਦੇ ਆਏ ਹਨ। ਜਦੋਂ ਸਮੁੱਚੇ ਭਾਰਤ ਨੇ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਲੱਗਭਗ ਪ੍ਰਵਾਨ ਹੀ ਕਰ ਲਿਆ ਸੀ ਅਤੇ ਸਦੀਆਂ ਤਕ ਸਮੁੱਚੇ ਦੇਸ਼ਵਾਸੀ ਪਰਾਧੀਨਤਾ ਨੂੰ ਆਪਣੀ ਹੋਣੀ ਅਤੇ ਤਕਦੀਰ ਸਮਝ ਕੇ ਸਿਰ ਸੁੱਟ ਕੇ ਦਿਨ-ਕਟੀ ਕਰ ਰਹੇ ਸਨ, ਉਸ ਸਮੇਂ ਵਿਚ ਅਣਖ ਅਤੇ ਸਵੈਮਾਣ ਦੀ ਪੁਕਾਰ ਇਸੇ ਧਰਤੀ ਤੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਲਗਾਈ ਅਤੇ ਸਮੂਹ ਦੇਸ਼-ਵਾਸੀਆਂ ਨੂੰ ਗ਼ੁਲਾਮੀ ਦੀ ਨੀਂਦਰ 'ਚੋਂ ਹਲੂਣ ਕੇ ਜਗਾਇਆ ਸੀ। ਸ਼ਾਇਰ ਇਕਬਾਲ ਨੇ ਇਸ ਸਬੰਧ ਵਿਚ ਲਿਖਿਆ ਹੈ:

*ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ।*
*ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਯਾ ਖਵਾਬ ਸੇ।*

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸ਼-ਵਾਸੀਆਂ ਦੀ ਗ਼ੁਲਾਮ ਮਾਨਸਿਕਤਾ ਨੂੰ ਬਦਲਣ ਵਾਸਤੇ ਮੱਧ ਯੁੱਗ 'ਚ ਪਹਿਲੀ ਵਾਰ ਮਹਾਨ ਉੱਦਮ-ਉਪਰਾਲੇ ਕੀਤੇ। ਗੁਰੂ ਜੀ ਨੇ ਲੋਧੀ ਸ਼ਾਸਕਾਂ ਦੀਆਂ ਜ਼ਾਬਰ ਤੇ ਅਨਿਆਂ ਆਧਾਰਿਤ ਨੀਤੀਆਂ ਦਾ ਖੰਡਨ ਕੀਤਾ, ਹਮਲਾਵਰ ਬਾਬਰ ਤੇ ਉਹਦੀ ਬੇਮੁਹਾਰੀ ਫੌਜ ਦੁਆਰਾ ਆਮ ਲੋਕਾਈ 'ਤੇ ਜ਼ੁਲਮ ਢਾਹੁਣ ਕਰਕੇ ਬੇਬਾਕੀ ਨਾਲ ਉਸ ਦੇ ਮੂੰਹ 'ਤੇ ਸੱਚ ਸੁਣਾਇਆ। ਗ਼ੁਲਾਮੀ ਦੀਆਂ ਜ਼ੰਜੀਰਾਂ ਕੱਟਣ ਲਈ ਸਿੱਖ ਲਹਿਰ ਨੂੰ ਸੰਸਥਾਗਤ ਅਤੇ ਸੰਗਠਨਾਤਮਿਕ ਆਧਾਰ ਪ੍ਰਦਾਨ ਕੀਤਾ, ਜਿਸ ਉੱਪਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਸੰਮਤ ਨਾਨਕਸ਼ਾਹੀ ੨੩੧ ਦੀ ਵੈਸਾਖੀ ਨੂੰ ਖੰਡੇ-ਬਾਟੇ ਦਾ ਅੰਮ੍ਰਿਤ-ਪਾਨ ਕਰਵਾ ਕੇ ਖਾਲਸਾ ਸਿਰਜਣਾ ਦਾ ਕਾਰਨਾਮਾ ਕਰ ਦਿਖਲਾਇਆ। ਇਸ ਗੁਰੂ ਸਾਜੇ ਖਾਲਸੇ ਨੇ ਦੇਸ਼ ਕੌਮ ਦੀ ਗ਼ੁਲਾਮੀ ਦੇ ਬੰਧਨ ਤਾਰ-ਤਾਰ ਕਰ ਸੁੱਟੇ। ਗੁਰੂ ਜੀ ਦਾ ਥਾਪੜਾ ਲੈ ਕੇ ਬਾਬਾ ਬੰਦਾ ਸਿੰਘ ਬਹਾਦਰ ਨੇ ਜ਼ਾਲਮ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹਿਲਾ ਕੇ ਖਾਲਸਈ ਝੰਡੇ ਝੁਲਾ ਦਿੱਤੇ ਅਤੇ ਸਿੱਖ ਰਾਜ ਦੀ ਨੀਂਹ ਰੱਖੀ। ਸਿੱਖ ਮਿਸਲਾਂ ਅਤੇ ਮਹਾਰਾਜਾ ਰਣਜੀਤ ਸਿੰਘ ਦੁਆਰਾ ਸਥਾਪਿਤ ਨਿਆਂ ਆਧਾਰਿਤ ਖਾਲਸਾ ਰਾਜ ਨੇ ਦੁਨੀਆ ਵਿਚ ਮਿਸਾਲ ਪੈਦਾ ਕੀਤੀ। ਜਦੋਂ ਬਾਕੀ ਸਾਰੇ ਭਾਰਤ ਉੱਪਰ ਅੰਗਰੇਜ਼ੀ ਸਾਮਰਾਜ ਕਾਬਜ਼ ਹੋ ਚੁੱਕਾ ਸੀ, ਤਦ ਵੀ ਪੰਜਾਬ ਦੇ ਵਾਸੀ ਮਹਾਰਾਜਾ ਰਣਜੀਤ ਸਿੰਘ

*ਮੀਤ ਸਕੱਤਰ ਅਤੇ ਮੁੱਖ ਸੰਪਾਦਕ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਦੇ ਰਾਜ ਵਿਚ ਅਜ਼ਾਦੀ ਦਾ ਨਿੱਘ ਮਾਣ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਦੇ ਜੀਉਂਦੇ-ਜੀਅ ਅੰਗਰੇਜ਼ ਦੀ ਪੰਜਾਬ ਵੱਲ ਅੱਖ ਕਰਨ ਦੀ ਹਿੰਮਤ ਨਹੀਂ ਪਈ। ਪਰੰਤੂ ਮਹਾਰਾਜੇ ਦੇ ਅੱਖਾਂ ਮੀਟਣ ਦੀ ਦੇਰ ਸੀ ਕਿ ਉਹ ਪੰਜਾਬ ਰੂਪੀ ਗੁਲਾਬ ਦੇ ਆਲੇ-ਦੁਆਲੇ ਮੰਡਰਾਉਣ ਲੱਗੇ ਅਤੇ ਆਪਣੀਆਂ ਕਰੂਰ ਚਾਲਾਂ ਚੱਲ ਕੇ ਕੁਝ ਸਾਲਾਂ ਵਿਚ ਹੀ ਪੰਜਾਬ ਉੱਪਰ ਕਬਜ਼ਾ ਕਰ ਲਿਆ। ਪੰਜਾਬੀਆਂ ਖਾਸ ਕਰਕੇ ਸਿੱਖਾਂ ਨੇ ਅੰਗਰੇਜ਼ੀ ਸਾਮਰਾਜ ਦੀ ਗ਼ੁਲਾਮੀ ਨੂੰ ਬੜੇ ਦੁਖੀ ਦਿਲ ਨਾਲ ਸਵਿਕਾਰਿਆ। ਗੁਰੂ ਸਾਹਿਬਾਨ ਦੁਆਰਾ ਸੰਚਾਰਿਤ ਰਾਜਨੀਤਕ, ਧਾਰਮਿਕ, ਸਮਾਜਿਕ, ਸੱਭਿਆਚਾਰਕ, ਮਾਨਸਿਕ ਅਤੇ ਆਤਮਿਕ ਅਜ਼ਾਦੀ ਦਾ ਸੁਆਦ ਚੱਖ ਚੁੱਕੇ ਸਿੱਖ ਚੁੱਪ ਕਿੱਦਾਂ ਬੈਠ ਸਕਦੇ ਸਨ, ਇਸ ਲਈ ਗ਼ਦਰ ਲਹਿਰ ਵਰਗੀਆਂ ਅਜ਼ਾਦੀ ਦੀਆਂ ਲਹਿਰਾਂ ਵਿਚ ਪੰਜਾਬੀਆਂ ਨੇ ਵਧ-ਚੜ੍ਹ ਕੇ ਕੁਰਬਾਨੀਆਂ ਦਿੱਤੀਆਂ। ਇਸ ਤੋਂ ਪਹਿਲਾਂ ਨਾਮਧਾਰੀ ਸਿੱਖ ਲਹਿਰ ਨੇ ਅੰਗਰੇਜ਼ੀ ਸਾਮਰਾਜ ਵਿਰੁੱਧ ਇਕ ਧਾਰਮਿਕ ਤੇ ਸੱਭਿਆਚਾਰਕ ਸਿਸਟਮ ਵਿਕਸਿਤ ਕਰਕੇ ਅਜ਼ਾਦੀ ਪ੍ਰਤੀ ਸਮੂਹ ਪੰਜਾਬੀਆਂ ਅਤੇ ਸਿੱਖ ਕੌਮ ਦੇ ਭਾਵਾਂ ਦੀ ਤਰਜਮਾਨੀ ਕੀਤੀ। ੧੯੧੯ ਈ. ਸੰਮਤ ਨਾਨਕਸ਼ਾਹੀ ੪੫੧ ਦੀ ਵੈਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਹੋਏ ਖ਼ੂਨੀ ਸਾਕੇ ਦਾ ਸਹੀ-ਸਹੀ ਅਧਿਐਨ ਤੇ ਵਿਸ਼ਲੇਸ਼ਣ ਕਰਨ ਵਾਸਤੇ ਗੁਰੂ ਸਾਹਿਬਾਨ ਦੀ ਅਗਵਾਈ 'ਚ ਪੰਜਾਬ ਦੀ ਧਰਤੀ 'ਤੇ ਸੋਲ੍ਹਵੀਂ ਸਦੀ ਦੇ ਅਰੰਭ ਵਿਚ ਚੱਲੀ ਮਨੁੱਖੀ ਅਜ਼ਾਦੀ ਲਈ ਲਹਿਰ ਦਾ ਇਹ ਸੰਖੇਪ ਪਿਛੋਕੜ ਕਾਫੀ ਹੱਦ ਤਕ ਸਹਾਈ ਸਿੱਧ ਹੁੰਦਾ ਹੈ।

੧੭ਵੀਂ ਸਦੀ ਦੇ ਅਰੰਭ ਵਿਚ ਵਿਉਪਾਰ ਕਰਨ ਦੇ ਲਹਿਜ਼ੇ ਨਾਲ ਆਏ ਅੰਗਰੇਜ਼, ਫਰਾਂਸੀਸੀ ਤੇ ਪੁਰਤਗਾਲੀਆਂ ਨੇ ਥੋੜ੍ਹੇ ਸਮੇਂ ਬਾਅਦ ਭਾਰਤ 'ਤੇ ਕਬਜ਼ਾ ਹੀ ਕਰ ਲਿਆ। ਅੰਗਰੇਜ਼ਾਂ ਨੇ ਪੁਰਤਗਾਲੀਆਂ ਨੂੰ ਭਾਰਤ ਵਿੱਚੋਂ ਕੱਢ ਦਿੱਤਾ ਅਤੇ ਭਾਰਤ 'ਤੇ ਆਪਣਾ ਕਬਜ਼ਾ ਕਰ ਲਿਆ ਅਤੇ ਭੋਲੇ-ਭਾਲੇ ਭਾਰਤੀਆਂ ਦੀ ਲੁੱਟ-ਖਸੁੱਟ ਕਰਨ ਲੱਗੇ। ਸੰਸਾਰ ਦੀ ਪਹਿਲੀ ਲੜਾਈ ਸਮੇਂ ਭਾਰਤੀਆਂ ਨੇ ਅੰਗਰੇਜ਼ਾਂ ਦੀ ਸਹਾਇਤਾ ਇਹ ਸੋਚ ਕੇ ਕੀਤੀ ਕਿ ਸ਼ਾਇਦ ਇਸ ਤੋਂ ਬਾਅਦ ਉਹ ਭਾਰਤ ਨੂੰ ਅਜ਼ਾਦ ਕਰ ਦੇਣਗੇ। ਦੂਜਾ ਕਾਰਨ ਆਰਥਿਕ ਸਥਿਤੀ ਵਿਚ ਖੁਸ਼ਗਵਾਰ ਤਬਦੀਲੀ ਦੀ ਕਾਮਨਾ ਵੀ ਸੀ। ਜੰਗ ਤੋਂ ਪਹਿਲਾਂ ਪੰਜਾਬ ਬਹੁਤ ਵੱਡੇ ਆਰਥਿਕ ਸੰਕਟ ਵਿੱਚੋਂ ਗੁਜ਼ਰ ਰਿਹਾ ਸੀ। ਪੰਜਾਬ ਦੇ ੯੩% ਕਿਸਾਨ ਕਰਜ਼ੇ ਹੇਠ ਬੁਰੀ ਤਰ੍ਹਾਂ ਦੱਬੇ ਹੋਏ ਸਨ ਅਤੇ ੪੫% ਜ਼ਮੀਨ ਗਹਿਣੇ ਸੀ। ਆਉਣ ਵਾਲੇ ਖੁਸ਼ਗਵਾਰ ਜੀਵਨ ਦੀ ਆਸ ਵਿਚ ਪੰਜਾਬੀਆਂ ਨੂੰ ਬਹੁਤ ਵੱਡੀ ਕੀਮਤ ਅਦਾ ਕਰਨੀ ਪਈ, ਇਕੱਲੇ ਪੰਜਾਬ ਵਿੱਚੋਂ ਜੰਗ ਵਿਚ ੧੨,੭੯੪ ਫੌਜੀ ਸ਼ਹੀਦ ਹੋਏ ੨੪,੭੩੨ ਤੋਂ ਵੱਧ ਗੁਆਚੇ, ਜ਼ਖਮੀ, ਕੈਦੀ ਜਾਂ ਲਾਪਤਾ ਹੋਏ ਕਰਾਰ ਦਿੱਤੇ ਗਏ। ਪਰ ਜਦੋਂ ਜੰਗ ਖਤਮ ਹੋਈ ਤਾਂ ਭਾਰਤ ਨੂੰ ਅਜ਼ਾਦ ਕਰਨ ਦੀ ਥਾਂ ਉਸ ਨੂੰ ਗ਼ੁਲਾਮ ਰੱਖਣ ਦੇ ਨਵੇਂ ਢੰਗ ਲੱਭਣ ਲੱਗੇ। ਪੰਜਾਬ ਦੀ ਜ਼ਿਆਦਾ

ਵਸੋਂ ਸਿੱਖਾਂ ਦੀ ਹੈ, ਜਿਨ੍ਹਾਂ ਨੂੰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ੧੬੯੯ ਈ. ਦੀ ਵੈਸਾਖੀ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਸਦਾ-ਸਦਾ ਲਈ ਉਸ ਅਕਾਲ ਪੁਰਖ ਦੇ ਅਧੀਨ ਕਰ ਦਿੱਤਾ ਸੀ, ਇਸ ਲਈ ਉਨ੍ਹਾਂ ਨੂੰ ਕਿਸੇ ਵਿਅਕਤੀ ਵਿਸ਼ੇਸ਼ ਦੇ ਗ਼ੁਲਾਮ ਰਹਿਣਾ ਮਨਜ਼ੂਰ ਨਹੀਂ ਸੀ। ਦੇਸ਼ ਦੀ ਅਜ਼ਾਦੀ ਵਿਚ ੮੦% ਤੋਂ ਵੱਧ ਸ਼ਹੀਦੀਆਂ ਦੇਣ ਵਾਲੇ ਸਿੱਖਾਂ ਨੇ ਅਜ਼ਾਦੀ ਦੇ ਨਾਹਰੇ ਲਾਏ ਅਤੇ ਅਜ਼ਾਦੀ ਦੇ ਘੋਲ ਦਾ ਮੁੱਢ ਬੰਨ੍ਹਿਆ। ਅੰਗਰੇਜ਼ਾਂ ਵੱਲੋਂ ਉਨ੍ਹਾਂ ਨੂੰ ਦਬਾਉਣ ਲਈ ਨਵੇਂ-ਨਵੇਂ ਕਾਨੂੰਨ ਅਤੇ ਰੋਲਟ ਐਕਟ ਨਾਂ ਦਾ ਕਾਲਾ ਕਾਨੂੰਨ ਬਣਾਇਆ ਗਿਆ। ਭਾਰਤੀਆਂ ਨੇ ਇਸ ਕਾਲੇ ਕਾਨੂੰਨ ਦਾ ਵੱਧ-ਚੜ੍ਹ ਕੇ ਵਿਰੋਧ ਕੀਤਾ, ਇਸ ਸਬੰਧ ਵਿਚ ੬ ਅਪ੍ਰੈਲ ਨੂੰ ਹੜਤਾਲ ਕਰਨ ਦਾ ਫੈਸਲਾ ਕੀਤਾ ਗਿਆ ਪਰ ਸਰਕਾਰ ਨੇ ਸ੍ਰੀ ਅੰਮ੍ਰਿਤਸਰ ਦੇ ਲੀਡਰ ਡਾ. ਸਤਿਆ ਪਾਲ ਨੂੰ ੨੯ ਮਾਰਚ ਵਾਲੇ ਦਿਨ ਘਰ ਵਿਚ ਕੈਦ ਕਰ ਦਿੱਤਾ। ੩੦ ਮਾਰਚ ਨੂੰ ਇਕ ਪਬਲਿਕ ਜਲਸਾ ਹੋਇਆ ਡਾ. ਸੈਫੋਦੀਨ ਕਿਚਲੂ ਨੇ ਰੋਲਟ ਐਕਟ ਬਾਰੇ ਲੋਕਾਂ ਨੂੰ ਜਾਣੂ ਕਰਵਾ ਕੇ ਇਸ ਦਾ ਵਿਰੋਧ ਕਰਨ ਦੀ ਪ੍ਰੇਰਨਾ ਕੀਤੀ। ਉਸੇ ਰਾਤ ਸ੍ਰੀ ਅੰਮ੍ਰਿਤਸਰ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਨੇ ਡਾ. ਕਿਚਲੂ ਨੂੰ ਹੁਕਮ ਸੁਣਾ ਦਿੱਤਾ ਕਿ ਅਗਲੇ ਹੁਕਮ ਤਕ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਹੱਦ ਤੋਂ ਬਾਹਰ ਨਹੀਂ ਜਾ ਸਕਦੇ ਅਤੇ ਨਾ ਹੀ ਕੋਈ ਸਿਆਸੀ ਲਿਖਾ-ਪੜ੍ਹੀ ਕਰ ਸਕਦੇ ਹਨ। ਪ੍ਰੈੱਸ ਨੂੰ ਬਿਆਨ ਦੇਣ ਅਤੇ ਜਲਸੇ ਜਲੂਸ ਵਿਚ ਸ਼ਾਮਲ ਹੋਣ ਦੀ ਉਨ੍ਹਾਂ 'ਤੇ ਪਾਬੰਦੀ ਲਾ ਦਿੱਤੀ ਗਈ। ਇਹੋ ਜਿਹੇ ਨੋਟਿਸ ਹੋਰ ਵੀ ਕਈ ਆਗੂਆਂ ਨੂੰ ਭੇਜੇ ਗਏ। ੬ ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਵਿਚ ਅਜਿਹੀ ਹੜਤਾਲ ਹੋਈ ਕਿ ਸਰਕਾਰੀ ਬੰਦਿਆਂ ਤੋਂ ਬਿਨਾ ਕਿਸੇ ਨੇ ਚੁਲ੍ਹੇ ਵਿਚ ਅੱਗ ਤਕ ਨਹੀਂ ਬਾਲੀ। ੧੦ ਅਪ੍ਰੈਲ ਨੂੰ ਸਰਕਾਰ ਨੇ ਡਾ. ਕਿਚਲੂ ਅਤੇ ਡਾ. ਸਤਿਆ ਪਾਲ ਨੂੰ ਕਾਰ ਵਿਚ ਬਿਠਾ ਕੇ ਸ੍ਰੀ ਅੰਮ੍ਰਿਤਸਰ ਸ਼ਹਿਰ ਤੋਂ ਬਾਹਰ ਭੇਜ ਦਿੱਤਾ। ਲੋਕਾਂ ਨੇ ਵਿਰੋਧ ਕੀਤਾ ਅਤੇ ਉਹ ਡਿਪਟੀ ਕਮਿਸ਼ਨਰ ਦੀ ਕੋਠੀ ਅੱਗੇ ਆਪਣਾ ਰੋਸ ਜ਼ਾਹਰ ਕਰਨ ਲਈ ਇਕੱਠੇ ਹੋ ਕੇ ਜਾਣ ਲੱਗੇ ਤਾਂ ਰਸਤੇ ਵਿਚ ਉਨ੍ਹਾਂ ਨੂੰ ਫੌਜ ਨੇ ਘੇਰ ਲਿਆ ਅਤੇ ਅੰਨ੍ਹੇਵਾਹ ਗੋਲੀਆਂ ਚਲਾ ਦਿੱਤੀਆਂ, ਜਿਸ ਵਿਚ ੨੦ ਬੰਦੇ ਮੌਕੇ 'ਤੇ ਹੀ ਦਮ ਤੋੜ ਗਏ। ਜ਼ਖਮੀਆਂ ਦਾ ਇਲਾਜ ਕਰਨ ਵਾਲੇ ਡਾਕਟਰਾਂ ਨੂੰ ਡਿਪਟੀ ਕਮਿਸ਼ਨਰ ਵੱਲੋਂ ਉਨ੍ਹਾਂ ਨੂੰ ਮਰਨ ਦੇਣ ਲਈ ਕਿਹਾ ਗਿਆ ਜਾਂ ਫੇਰ ਆਪਣਾ ਇਲਾਜ ਆਪੇ ਕਰਨ ਲਈ ਕਿਹਾ ਗਿਆ। ਜਨਾਨਾ ਹਸਪਤਾਲ ਦੇ ਕੋਲ ਇਕ ਡਾਕਟਰ ਕਿਦਾਰ ਨਾਥ ਰਹਿੰਦਾ ਸੀ, ਉਹ ਕੁਝ ਕੌਮ-ਪ੍ਰਸਤੀ ਦੇ ਵਿਚਾਰ ਰੱਖਦਾ ਸੀ। ਕੁਝ ਬੰਦਿਆਂ ਦੇ ਕਹਿਣ 'ਤੇ ਲੋਕ ਜ਼ਖਮੀਆਂ ਨੂੰ ਚੁੱਕ ਕੇ ਉਸ ਦੇ ਘਰ ਵੱਲ ਨੂੰ ਤੁਰ ਪਏ। ਲੋਕਾਂ ਨੇ ਇਸ ਧੱਕੇਸ਼ਾਹੀ ਦੇ ਵਿਰੋਧ ਵਿਚ ਵੈਸਾਖੀ ਵਾਲੇ ਦਿਨ ਲਾਲਾ ਕਨ੍ਹਈਆ ਲਾਲ ਦੀ ਪ੍ਰਧਾਨਗੀ ਹੇਠ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਕਰਨ ਦਾ ਫੈਸਲਾ ਕੀਤਾ। ਲਾਲਾ ਕਨ੍ਹਈਆ ਲਾਲ ਸ਼ਹਿਰ ਦਾ ਪਤਵੰਤਾ ਵਕੀਲ ਸੀ, ਉਸ ਦੀ ਉਮਰ ੭੨ ਸਾਲ ਦੇ ਲੱਗਭਗ ਸੀ ਅਤੇ

ਉਸ ਦਾ ਸ਼ਹਿਰ ਵਿਚ ਬੜਾ ਸਤਿਕਾਰ ਸੀ। ਨੇੜੇ-ਤੇੜੇ ਦੇ ਸਾਰੇ ਇਲਾਕੇ ਵਿਚ ਪੀਪਾ ਖੜਕਾ ਕੇ ਐਲਾਨ ਕੀਤਾ ਗਿਆ ਕਿ ਵੈਸਾਖੀ ਵਾਲੇ ਦਿਨ ਜਲ੍ਹਿਆਂ ਵਾਲੇ ਬਾਗ ਵਿਚ ਜਲਸਾ ਹੋਵੇਗਾ। ਜਲ੍ਹਿਆਂ ਵਾਲਾ ਬਾਗ ਕਿਸੇ ਵੇਲੇ ਭਾਈ ਹਮੀਤ ਸਿੰਘ ਜੱਲ੍ਹਾ ਦੀ ਮਲਕੀਅਤ ਸੀ। ਉਹ ਰਾਜਾ ਜਸਵੰਤ ਸਿੰਘ ਨਾਭਾ ਦਾ ਦਰਬਾਰੀ ਅਤੇ ਮਹਾਰਾਜਾ ਰਣਜੀਤ ਸਿੰਘ ਦੀ ਸੇਵਾ ਵਿਚ ਵਕੀਲ ਰਹਿ ਚੁੱਕਿਆ ਸੀ। ਜੱਲ੍ਹਾ ਉਸ ਦਾ ਗੋਤ ਸੀ। ਸਾਕੇ ਵਾਲੇ ਦਿਨਾਂ ਵਿਚ ਇਸ ਬਾਗ ਵਾਲੀ ਥਾਂ ਨੂੰ ਲੋਕ ਕੂੜਾ-ਕਰਕਟ ਸੁੱਟਣ ਲਈ ਵਰਤਦੇ ਸਨ ਅਤੇ ਸ੍ਰੀ ਅੰਮ੍ਰਿਤਸਰ ਸ਼ਹਿਰ ਦੇ ਬੁੱਢੇ ਤੋਂ ਬੁੱਢੇ ਵਸਨੀਕ ਨੂੰ ਵੀ ਯਾਦ ਨਹੀਂ ਸੀ ਕਿ ਇਥੇ ਕੋਈ ਬਾਗ ਹੁੰਦਾ ਸੀ। ਇਹ ਥਾਂ ਸ਼ਹਿਰ ਦੀ ਪੱਧਰ ਨਾਲੋਂ ਨੀਵੇਂ ਥਾਂ ਸ਼ਹਿਰ ਦੇ ਬਿਲਕੁਲ ਵਿਚਕਾਰ ਭੀੜੀਆਂ ਅਤੇ ਵਿੰਗੀਆਂ-ਟੇਡੀਆਂ ਗਲੀਆਂ ਨਾਲ ਘਿਰਿਆ ਹੋਇਆ ਸੀ। ਇਹ ਖੁੱਲ੍ਹੀ ਉੱਚੀ-ਨੀਵੀਂ ਤੇ ਚੌਰਸ ਥਾਂ ਸੀ। ਇਸ ਦਾ ਖੇਤਰਫਲ ਕੋਈ ੧੨ ਵਿੱਘੇ ਹੋਵੇਗਾ। ਮਕਾਨਾਂ ਦੀਆਂ ਪਿੱਠਾਂ ਅਤੇ ਭੱਦੀ ਜਿਹੀ ਕੰਧ ਦੇ ਅੱਧ ਢੱਠੇ ਟੁੱਕੜਿਆਂ ਵਿਚ ਘਿਰੀ ਇਹ ਵਲਗਣ ਅਨਘੜ ਜਿਹੀ ਚੌਖੰਡੀ ਲੱਗਦੀ ਸੀ। ਕਈਆਂ ਥਾਂਵਾਂ 'ਤੇ ਆਲੇ-ਦੁਆਲੇ ਦੇ ਮਕਾਨਾਂ ਦੀਆਂ ਕੰਧਾਂ ਇਸ ਦੇ ਅੰਦਰ ਖੁੱਭ ਆਈਆਂ ਸਨ। ਇਸ ਵਲਗਣ ਤੋਂ ਬਾਹਰ ਨੂੰ ਤਿੰਨ ਜਾਂ ਚਾਰ ਲਾਂਘੇ ਸਨ, ਜਿੱਥੋਂ ਦੀ ਲੋਕ ਅਸਾਨੀ ਨਾਲ ਆ ਜਾ ਸਕਦੇ ਸਨ। ਘਰਾਂ ਦੇ ਵਿਚਕਾਰ ਕਈਆਂ ਥਾਵਾਂ 'ਤੇ ਇਸ ਦੀ ਫਸੀਲ ਏਨੀ ਨੀਵੀਂ ਸੀ ਕਿ ਆਦਮੀ ਖਲੋ ਕੇ ਉਸ ਦੇ ਉੱਪਰ ਦੀ ਝਾਤੀ ਮਾਰ ਸਕਦਾ ਸੀ। ਇਸ ਦਾ ਆਮ ਲਾਂਘਾ ਇਤਨਾ ਭੀੜਾ ਸੀ ਕਿ ਦੋ ਬੰਦੇ ਮਸਾਂ ਇਕ ਦੂਜੇ ਨਾਲ ਫਸ ਕੇ ਲੰਘ ਸਕਦੇ ਸਨ। ਇਸ ਦੇ ਐਨ ਸਾਹਮਣੇ ਸੌ ਫੁੱਟ ਦੀ ਵਿੱਥ 'ਤੇ ਪੰਜ ਫੁੱਟ ਉੱਚੀ ਇੱਟਾਂ ਤੇ ਗਾਰੇ ਦੀ ਇਕ ਕੰਧ ਖੜ੍ਹੀ ਸੀ ਅਤੇ ਸੱਜੇ ਪਾਸੇ ਵੱਲ ਇਕ ਹੋਰ ਨੀਵੀਂ ਜਿਹੀ ਕੱਚੀ ਕੰਧ ਸੀ। ਇਨ੍ਹਾਂ ਦੇ ਵਿਚਕਾਰਲੀ ਥਾਂ ਇਕ ਗੁੰਬਦ ਵਾਲੀ ਖਸਤਾ ਹਾਲਤ ਵਿਚ ਭਾਈ ਜੱਲ੍ਹੇ ਦੀ ਯਾਦਗਾਰ ਬਣੀ ਹੋਈ ਸੀ। ਖੂਹ ਦੇ ਨੇੜੇ ਰੁੱਖਾਂ ਦੇ ਹੇਠਾਂ ਭੱਜੇ ਹੋਏ ਮਿੱਟੀ ਦੇ ਭਾਂਡਿਆਂ ਦੀਆਂ ਠੀਕਰੀਆਂ ਦੇ ਢੇਰ ਲੱਗੇ ਹੋਏ ਸਨ।

ਸੰਨ ੧੯੧੯ ਈ. ਦੀ ੧੩ ਅਪ੍ਰੈਲ ਨੂੰ ਸ੍ਰੀ ਅੰਮ੍ਰਿਤਸਰ ਵਿਚ ਵੈਸਾਖੀ ਦਾ ਤਿਉਹਾਰ ਸੀ। ਲੋਕ ਦੂਰੋਂ-ਦੂਰੋਂ ਸ੍ਰੀ ਦਰਬਾਰ ਸਾਹਿਬ ਦੇ ਪਵਿੱਤਰ ਸਰੋਵਰ ਵਿਚ ਇਸ਼ਨਾਨ ਕਰਨ ਲਈ ਪਹੁੰਚ ਰਹੇ ਸਨ। ਲੋਹਗੜ੍ਹ ਅਤੇ ਹਾਥੀ ਦਰਵਾਜਿਆਂ ਦੇ ਬਾਹਰ ਮਾਲ ਮੰਡੀ ਲੱਗੀ ਹੋਈ ਸੀ। ਕਾਬਲ ਤਕ ਦੇ ਵਿਉਪਾਰੀ ਪਹੁੰਚੇ ਹੋਏ ਸਨ। ਉਸ ਸਮੇਂ ਪੰਜਾਬ ਦਾ ਗਵਰਨਰ ਸਰ ਮਾਇਕਲ ਓਡਵਾਇਰ ਸੀ ਅਤੇ ਸਾਰਾ ਸ਼ਹਿਰ ਜਰਨਲ ਡਾਇਰ ਦੇ ਹਵਾਲੇ ਕੀਤਾ ਹੋਇਆ ਸੀ। ਜਨਰਲ ਡਾਇਰ ਨੇ ਐਲਾਨ ਕਰ ਦਿੱਤਾ ਕਿ ਸ੍ਰੀ ਅੰਮ੍ਰਿਤਸਰ ਸ਼ਹਿਰ ਦੀ ਹੱਦ ਅੰਦਰ ਕੋਈ ਜਲਸਾ ਜਲੂਸ ਨਹੀਂ ਕੀਤਾ ਜਾ ਸਕਦਾ। ਜਦੋਂ ਬਾਗ ਬੰਦਿਆਂ ਨਾਲ ਭਰ ਗਿਆ ਤਾਂ ਸ਼ਾਮ ਦੇ ੪:੦੦ ਵਜੇ ਸ੍ਰੀ ਹੰਸ

ਰਾਜ ਨੇ ਪ੍ਰਧਾਨਗੀ ਲਈ ਡਾ. ਕਿਚਲੂ ਦੀ ਤਸਵੀਰ ਕੁਰਸੀ 'ਤੇ ਰੱਖੀ ਅਤੇ ਆਪਣੀ ਤਕਰੀਰ ਵਿਚ ਦੱਸਿਆ ਕਿ ਕਿਵੇਂ ਦਸ ਤਾਰੀਖ ਨੂੰ ਆਪਣੇ ਲੀਡਰਾਂ ਦੀ ਰਿਹਾਈ ਦੀ ਮੰਗ ਕਰਨ ਗਏ ਲੋਕਾਂ 'ਤੇ ਗੋਲੀ ਚਲਾਈ ਗਈ। ਇਕ ਮਤਾ ਪਾਸ ਕਰਨ ਲਈ ਵੀ ਕਿਹਾ ਗਿਆ ਜਿਸ ਵਿਚ ਰੋਲਟ ਐਕਟ ਨੂੰ ਰੱਦ ਕਰ ਦੇਣ ਦੀ ਮੰਗ ਕੀਤੀ ਗਈ ਸੀ। ਗੋਪੀ ਨਾਥ ਨੇ ਇਕ ਕਵਿਤਾ ਪੜ੍ਹੀ ਅਤੇ ਮੁੱਖ ਵਕਤਾ ਲਾਲਾ ਕਨ੍ਹਈਆ ਲਾਲ ਵਕੀਲ ਨੇ ਵੀ ਭਾਵਪੂਰਤ ਢੰਗ ਨਾਲ ਲੋਕਾਂ ਨੂੰ ਸੰਬੋਧਨ ਕੀਤਾ। ਜਨਰਲ ਡਾਇਰ ਆਪਣੇ ਫੌਜੀ ਜਵਾਨਾਂ ਨੂੰ ਲੈ ਕੇ ਸ਼ਹਿਰ ਵਿਚ ਦਾਖਲ ਹੋ ਗਿਆ, ਉਸ ਦੀ ਕਾਰ ਅੱਗੇ ਘੋੜ ਸਵਾਰ ਪੁਲਿਸ, ਇਕ ਕਾਰ ਵਿਚ ਉਹ ਆਪ ਅਤੇ ਮੇਜਰ ਬ੍ਰਿਗਜ਼, ਦੂਸਰੀ ਕਾਰ ਵਿਚ ਐੱਸ. ਪੀ. ਰੀਹਲ ਤੇ ਡੀ. ਐੱਸ. ਪੀ. ਪਲੋਮਰ ਸਨ। ਅੱਗੇ-ਪਿੱਛੇ ੯੦ ਹਥਿਆਰਬੰਦ ਫੌਜੀ ਸਿਪਾਹੀ ਅਤੇ ਮਸ਼ੀਨਗੰਨਾਂ ਵਾਲੀਆਂ ਦੋ ਹਥਿਆਰਬੰਦ ਗੱਡੀਆਂ ਉਸ ਦੇ ਨਾਲ ਸਨ। ਉਹ ਜਲ੍ਹਿਆਂ ਵਾਲੇ ਬਾਗ ਦੇ ਪੱਛਮੀ ਦਰਵਾਜ਼ੇ ਅੱਗੇ ਆ ਗਿਆ। ਫੌਜੀ ਜਵਾਨਾਂ ਕੋਲ ਤੋਪ ਵੀ ਸੀ ਪਰ ਜਲ੍ਹਿਆਂ ਵਾਲੇ ਬਾਗ ਦਾ ਦਰਵਾਜ਼ਾ ਸਿਰਫ ਸਾਢੇ ਸੱਤ ਫੁੱਟ ਚੌੜਾ ਸੀ, ਤੋਪ ਅੰਦਰ ਨਹੀਂ ਸੀ ਜਾ ਸਕਦੀ। ਉਨ੍ਹਾਂ ਨੂੰ ਆਪਣੀਆਂ ਆਰਮਡ ਕਾਰਾਂ ਵੀ ਬਾਹਰ ਹੀ ਖੜ੍ਹਾਉਣੀਆਂ ਪਈਆਂ। ਜਨਰਲ ਡਾਇਰ ਦੇ ਹੁਕਮ 'ਤੇ ੫੦ ਰਾਈਫਲਾਂ ਨਾਲ ਲੈਸ ਜਵਾਨ ਅੰਦਰ ਚਲੇ ਗਏ। ਬਾਗ ਦੇ ਦਰਵਾਜ਼ੇ ਅੱਗੇ ਇਕ ਉੱਚੀ ਥਾਂ ਸੀ ਜਿਸ ਉੱਪਰ ਡਾਇਰ ਜਾ ਖਲੋਤਾ। ਜਲਸਾ ਨੀਵੀਂ ਥਾਂ 'ਤੇ ਹੋ ਰਿਹਾ ਸੀ ਇਸ ਲਈ ਇਸ ਜਗ੍ਹਾ ਤੋਂ ਸਭ ਨਜ਼ਾਰਾ ਪੂਰੀ ਤਰ੍ਹਾਂ ਨਜ਼ਰ ਆ ਰਿਹਾ ਸੀ। ਇਕ ਆਦਮੀ ਭਾਸ਼ਣ ਕਰ ਰਿਹਾ ਸੀ, ਬਾਕੀ ਸਭ ਚੁੱਪ-ਚਾਪ ਬੈਠੇ ਸੁਣ ਰਹੇ ਸਨ। ਸਟੇਜ 'ਤੇ ਦੁਰਗਾ ਦਾਸ, ਰਾਏ ਰਾਮ ਸਿੰਘ, ਦਾਰਾ ਸਿੰਘ, ਅਬਦੁਲ ਮਜੀਦ, ਹੰਸ ਰਾਜ, ਗੋਪੀ ਨਾਥ, ਅਤੇ ਗੁਰਬਖਸ਼ ਰਾਏ ਆਦਿ ਬੈਠੇ ਸਨ। ਭਾਸ਼ਣ ਸੁਣਨ ਵਾਲਿਆਂ ਵਿਚ ਬੱਚੇ-ਬੁੱਢੇ ਅਤੇ ਇਸਤਰੀਆਂ ਸ਼ਾਮਲ ਸਨ। ਕਈ ਇਸਤਰੀਆਂ ਦੀ ਕੁੱਛੜ ਵਿਚ ਬੱਚੇ ਵੀ ਚੁੱਕੇ ਹੋਏ ਸਨ। ਜਨਰਲ ਡਾਇਰ ਨੇ ਬਿਨਾ ਕਿਸੇ ਚਿਤਾਵਨੀ ਦੇ ਆਪਣੇ ਜਵਾਨਾਂ ਨੂੰ ਗੋਲੀ ਚਲਾਉਣ ਦਾ ਹੁਕਮ ਦਿੱਤਾ। ਲੋਕ ਇਕਦਮ ਘਬਰਾ ਕੇ ਇਧਰ-ਉਧਰ ਭੱਜਣ ਲੱਗੇ ਅਤੇ ਦੇਖਦੇ ਹੀ ਦੇਖਦੇ ਸਾਰਾ ਬਾਗ ਲਾਸ਼ਾਂ ਨਾਲ ਭਰ ਗਿਆ। ਬੇਫਿਕਰ ਅੰਗਰੇਜ਼ ਫੌਜੀ ਭਾਰੀ ਬੂਟਾਂ ਨਾਲ ਲਾਸ਼ਾਂ ਨੂੰ ਲਿਤਾੜਦੇ ਹੋਏ ਗੋਲੀ ਚਲਾਈ ਜਾ ਰਹੇ ਸਨ। ਲੋਕ ਇਧਰ-ਉਧਰ ਭੱਜਦੇ ਅਤੇ ਬਿਨਾਂ ਮੌਣ ਵਾਲੇ ਚੌੜੇ ਖੂਹ ਵਿਚ ਜਾ ਡਿਗਦੇ। ਖੂਹ ਲਾਸ਼ਾਂ ਨਾਲ ਭਰ ਗਿਆ। ਬਾਗ ਦੀਆਂ ਕੰਧਾਂ 'ਤੇ ਗੋਲੀਆਂ ਦੇ ਨਿਸ਼ਾਨ ਹੀ ਨਿਸ਼ਾਨ ਨਜ਼ਰ ਆ ਰਹੇ ਸਨ। ਬਾਗ ਵਿਚ ਫੌਜੀਆਂ ਤੋਂ ਬਿਨਾ ਕੋਈ ਵੀ ਵਿਅਕਤੀ ਚਲਦਾ-ਫਿਰਦਾ ਨਜ਼ਰ ਨਹੀਂ ਸੀ ਆ ਰਿਹਾ ਜੇਕਰ ਕੋਈ ਵਿਅਕਤੀ ਮਾੜੀ-ਮੋਟੀ ਗਰਦਨ ਉੱਪਰ ਚੁੱਕ ਕੇ ਪਾਣੀ ਮੰਗਦਾ ਤਾਂ ਫੌਜੀ ਉਸ ਨੂੰ ਬੰਦੂਕ ਦੇ ਬੱਟ ਨਾਲ ਮਾਰਦੇ। ਕੋਈ ਸਵਾ ਘੰਟਾ ਇਹ ਮੌਤ ਦਾ ਖੇਡ ਚੱਲਦਾ ਰਿਹਾ। ਵੈਸਾਖੀ ਦੇ ਦਿਹਾੜੇ 'ਤੇ ਪੰਜਾਬ ਦੇ ਸ਼ਹਿਰ

ਸ੍ਰੀ ਅੰਮ੍ਰਿਤਸਰ ਵਿਖੇ ਜਨਰਲ ਡਾਇਰ ਦੇ ਹੁਕਮ ਨਾਲ ੧੩੦੦ ਤੋਂ ਵੱਧ ਪੰਜਾਬੀ ਬੱਚੇ, ਬੁੱਢੇ ਅਤੇ ਜਵਾਨ ਗੋਲੀਆਂ ਨਾਲ ਭੁੰਨ ਸੁੱਟੇ ਜਿਨ੍ਹਾਂ ਵਿਚ ੭੯੯ ਸਿੱਖ ਸਨ। ਇਨ੍ਹਾਂ ਵਿਚ ਇਕ ਸੱਤ ਹਫਤੇ ਦਾ ਬੱਚਾ ਵੀ ਸੀ। ਇਕ ਅੰਦਾਜ਼ੇ ਅਨੁਸਾਰ ਫੌਜ ਨੇ ੧੬੫੦ ਕਾਰਤੂਸ ਚਲਾਏ। ਸ਼ਹਿਰ ਵਿਚ ਮਾਰਸ਼ਲ ਲਾਅ ਲਾ ਦਿੱਤਾ ਗਿਆ।

ਸ੍ਰੀ ਅੰਮ੍ਰਿਤਸਰ ਦੀ ਇਕ ਮਾਈ ਰਤਨਾ ਦੇਵੀ ਜੋ ਜਲ੍ਹਿਆਂ ਵਾਲੇ ਬਾਗ ਦੇ ਨੇੜੇ ਹੀ ਰਹਿੰਦੀ ਸੀ। ਉਸ ਦਾ ਪਤੀ ਵੀ ਜਲਸਾ ਦੇਖਣ ਲਈ ਬਾਗ ਵਿਚ ਗਿਆ ਸੀ। ਜਦੋਂ ਸ਼ਾਮ ਤਕ ਉਸ ਦਾ ਪਤੀ ਘਰ ਨਹੀਂ ਆਇਆ ਤਾਂ ਉਹ ਦੋ ਇਸਤਰੀਆਂ ਨੂੰ ਨਾਲ ਲੈ ਕੇ ਬਾਗ ਵਿਚ ਗਈ ਅਤੇ ਉਥੇ ਦਾ ਦ੍ਰਿਸ਼ ਦੇਖ ਦੰਗ ਰਹਿ ਗਈ। ਲਾਸ਼ਾਂ ਦੇ ਢੇਰ ਵਿੱਚੋਂ ਉਸ ਨੇ ਆਪਣੇ ਪਤੀ ਦੀ ਲਾਸ਼ ਤਲਾਸ਼ ਕੀਤੀ, ਜਿਸ ਲਈ ਉਸ ਨੂੰ ਲਹੂ ਭਰਿਆ ਰਸਤਾ ਤੈਅ ਕਰਨਾ ਪਿਆ। ਕੁਝ ਦੇਰ ਬਾਅਦ ਲਾਲਾ ਸੁੰਦਰ ਦਾਸ ਦੇ ਦੋ ਪੁੱਤਰ ਵੀ ਉੱਥੇ ਆ ਗਏ। ਮਾਈ ਰਤਨਾ ਦੇਵੀ ਨੇ ਉਨ੍ਹਾਂ ਇਸਤਰੀਆਂ ਅਤੇ ਸੁੰਦਰ ਦਾਸ ਦੇ ਪੁੱਤਰਾਂ ਨੂੰ ਆਪਣੇ ਪਤੀ ਦੀ ਲਾਸ਼ ਲੈ ਕੇ ਜਾਣ ਲਈ ਇਕ ਮੰਜੀ ਲੈ ਕੇ ਆਉਣ ਲਈ ਕਿਹਾ। ਉਸ ਵੇਲੇ ਤਕ ਅੱਠ ਵੱਜ ਚੁੱਕੇ ਸਨ ਅਤੇ ਅੱਠ ਵਜੇ ਤੋਂ ਬਾਅਦ ਕਰਫਿਊ ਲੱਗ ਗਿਆ ਸੀ। ਸਾਢੇ ਅੱਠ ਵੱਜੇ ਦੇ ਲੱਗਭਗ ਇਕ ਸਿੱਖ ਲੜਕਾ ਉੱਥੇ ਆਇਆ ਜੋ ਸ. ਊਧਮ ਸਿੰਘ ਸੀ। ਉਹ ਵੀ ਲਾਸ਼ਾਂ ਵਿੱਚੋਂ ਕੁਝ ਬੰਦਿਆਂ ਦੀ ਪਛਾਣ ਕਰ ਰਿਹਾ ਸੀ। ਉਸ ਨੇ ਮਾਈ ਦੇ ਪਤੀ ਨੂੰ ਮਾਈ ਨਾਲ ਲੱਗ ਕੇ ਸੁੱਕੀ ਥਾਂ 'ਤੇ ਪਹੁੰਚਾਇਆ। ਮਾਈ ਨੇ ਦਸ ਵਜੇ ਤਕ ਮੰਜੀ ਆਉਣ ਦੀ ਉਡੀਕ ਕੀਤੀ ਪਰ ਕੋਈ ਨਹੀਂ ਆਇਆ। ਉਹ ਮਾਈ ਕੋਸ਼ਿਸ਼ ਕਰਦੀ ਰਹੀ ਕਿ ਕਿਸੇ ਤਰ੍ਹਾਂ ਉਸ ਦੇ ਪਤੀ ਦੀ ਲਾਸ਼ ਘਰ ਪਹੁੰਚ ਜਾਵੇ ਪਰ ਕੁਝ ਨਾ ਬਣਿਆ ਅਤੇ ਉਸ ਨੇ ਸਾਰੀ ਰਾਤ ਲਾਸ਼ਾਂ ਦੇ ਢੇਰ ਵਿਚ ਆਪਣੇ ਪਤੀ ਦੀ ਲਾਸ਼ ਕੋਲ ਬੈਠ ਕੇ ਕੱਟੀ ਅਤੇ ਇਕ ਸੋਟੀ ਨਾਲ ਕੁੱਤਿਆਂ ਨੂੰ ਲਾਸ਼ਾਂ ਨੂੰ ਮੂੰਹ ਮਾਰਨ ਤੋਂ ਹਟਾਉਂਦੀ ਰਹੀ। ਉਸ ਨੇ ਦੇਖਿਆ ਕਿ ਤਿੰਨ ਆਦਮੀ ਦਰਦ ਨਾਲ ਕਰਹਾ ਰਹੇ ਸਨ। ਇਕ ਮੱਝ ਦਰਦ ਨਾਲ ਤਰਲੋਮੱਛੀ ਹੋ ਰਹੀ ਸੀ। ਇਕ ੧੨ ਕੁ ਸਾਲ ਦੀ ਉਮਰ ਦਾ ਲੜਕਾ ਦਰਦ ਨਾਲ ਵਿਆਕੁਲ ਹੋ ਰਿਹਾ ਸੀ ਅਤੇ ਮਾਈ ਨੂੰ ਕਹਿ ਰਿਹਾ ਸੀ ਕਿ ਉਸ ਨੂੰ ਇਕੱਲੇ ਨੂੰ ਛੱਡ ਕੇ ਨਾ ਜਾਵੇ ਅਤੇ ਉਹ ਬਾਰ-ਬਾਰ ਪਾਣੀ ਮੰਗ ਰਿਹਾ ਸੀ ਪਰ ਪਾਣੀ ਦਾ ਇਕ ਘੁੱਟ ਵੀ ਨੇੜੇ-ਤੇੜੇ ਨਹੀਂ ਸੀ। ਰਾਤ ਦੇ ਦੋ ਕੁ ਵਜੇ ਸੁਲਤਾਨਵਿੰਡ ਪਿੰਡ ਦਾ ਇਕ ਕਿਸਾਨ ਜੋ ਕੰਧ ਤੇ ਨੇੜੇ ਜ਼ਖਮੀ ਪਿਆ ਸੀ, ਉਸ ਨੇ ਮਾਈ ਨੂੰ ਆਪਣੀ ਫਸੀ ਲੱਤ ਕੱਢਣ ਲਈ ਕਿਹਾ। ਮਾਈ ਨੇ ਉਸ ਦੀ ਲੱਤ ਕੱਢ ਦਿੱਤੀ ਅਤੇ ਉਸ ਨੂੰ ਅਰਾਮ ਨਾਲ ਲਿਟਾ ਦਿੱਤਾ। ਸਵੇਰ ਦੇ ੬:੦੦ ਵਜੇ ਲਾਲਾ ਸੁੰਦਰ ਦਾਸ, ਉਸ ਦੇ ਪੁੱਤਰ ਅਤੇ ਗਲੀ ਦੇ ਕੁਝ ਹੋਰ ਬੰਦੇ ਆਏ ਅਤੇ ਮਾਈ ਦੇ ਪਤੀ ਦੀ ਲਾਸ਼ ਨੂੰ ਘਰ ਲੈ ਕੇ ਗਏ। ਉਹ ਸਾਰੀ ਰਾਤ ਉਸ ਮਾਈ ਨੇ ਕਿੰਞ ਗੁਜਾਰੀ ਹੋਵੇਗੀ, ਇਸ ਬਾਰੇ ਉਹ ਸ਼ਬਦਾਂ ਵਿਚ ਬਿਆਨ ਕਰਨ ਤੋਂ ਅਸਮਰੱਥ ਸੀ।

੧੪ ਅਪ੍ਰੈਲ ਦੇ ਦਿਨ ਉੱਚੀ ਅਵਾਜ਼ ਨਾਲ ਸ਼ਹਿਰ ਵਿਚ ਢੰਡੋਰਾ ਫੇਰਿਆ ਗਿਆ ਕਿ ਜਨਰਲ ਡਾਇਰ ਸਾਹਿਬ ਦਾ ਹੁਕਮ ਹੈ ਕਿ ਜਿਨ੍ਹਾਂ ਲੋਕਾਂ ਦੇ ਸਾਕ-ਸੰਬੰਧੀ ਜਲ੍ਹਿਆਂ ਵਾਲੇ ਬਾਗ ਵਿਚ ਮਾਰੇ ਗਏ ਹਨ, ਉਨ੍ਹਾਂ ਦਾ ਅੰਤਿਮ ਸਸਕਾਰ ਕਰਨ ਲਈ ਜਾ ਸਕਦੇ ਹਨ ਪਰ ਉਹ ਕਿਸੇ ਪ੍ਰਕਾਰ ਦਾ ਰੋਣਾ-ਪਿੱਟਣਾ ਨਹੀਂ ਕਰ ਸਕਦੇ ਤੇ ਨਾ ਹੀ ਰੌਲਾ ਪਾ ਸਕਦੇ ਹਨ ਤੇ ਨਾ ਹੀ ਕੋਈ ਸਰਕਾਰ ਵਿਰੁੱਧ ਅਵਾਜ਼ ਉਠਾਉਣ ਦੀ ਕੋਸ਼ਿਸ਼ ਕਰੇ ਜੇਕਰ ਕੋਈ ਅਜਿਹਾ ਕਰੇਗਾ ਤਾਂ ਉਸ ਨੂੰ ਗੋਲੀ ਮਾਰ ਦਿੱਤੀ ਜਾਵੇਗੀ। ਜਿਹੜੇ ਜ਼ਖਮੀ ਹਨ, ਉਹ ਇਲਾਜ ਕਰਵਾ ਸਕਦੇ ਹਨ ਪਰ ਕੋਈ ਵੀ ਡਾਕਟਰ ਮੁਕੱਦਮੇ ਲਈ ਕਿਸੇ ਜ਼ਖਮੀ ਨੂੰ ਸਰਟੀਫਿਕੇਟ ਨਹੀਂ ਦੇ ਸਕਦਾ। ਜੋ ਡਾਕਟਰ ਇਸ ਤਰ੍ਹਾਂ ਕਰੇਗਾ, ਉਸ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ। ਸਰਕਾਰ ਦਾ ਇਹ ਐਲਾਨ ਹੈ ਕਿ ਮਰਨ ਵਾਲੇ ਆਪ ਮਰੇ ਹਨ, ਉਨ੍ਹਾਂ ਨੂੰ ਜਲਸਾ ਸੁਣਨ ਲਈ ਨਹੀਂ ਸੀ ਜਾਣਾ ਚਾਹੀਦਾ।

ਕੂਚਾ ਕੌੜਿਆਂ ਵਾਲਾ, ਸ੍ਰੀ ਅੰਮ੍ਰਿਤਸਰ ਵਿਚ ਇਕ ਤੰਗ ਅਤੇ ੧੫੦ ਗਜ਼ ਲੰਬੀ ਗਲੀ ਹੈ। ਇਸ ਦੇ ਦੋਹੀਂ ਪਾਸੀਂ ਕਈ ਮੰਜ਼ਲੇ ਮਕਾਨ ਹਨ ਅਤੇ ਭੀੜੀਆਂ ਹਨ੍ਹੇਰੀਆਂ ਗਲੀਆਂ ਹਨ। ਜੇਕਰ ਇਸ ਗਲੀ ਦੇ ਵਸਨੀਕਾਂ ਨੇ ਕੁਝ ਖਰੀਦਣਾ ਹੋਵੇ ਜਾਂ ਸ਼ਹਿਰ ਜਾਣਾ ਹੋਵੇ ਤਾਂ ਇਸ ਗਲੀ ਵਿੱਚੋਂ ਦੀ ਹੀ ਲੰਘ ਕੇ ਜਾਣਾ ਪੈਂਦਾ ਹੈ। ਇਸ ਤੋਂ ਸਿਵਾ ਹੋਰ ਕੋਈ ਰਸਤਾ ਨਹੀਂ। ਘਟਨਾ ਤੋਂ ਦਸ ਦਿਨ ਬਾਅਦ ਡਾਇਰ ਨੇ ਹੁਕਮ ਜਾਰੀ ਕੀਤਾ ਕਿ ਇਸ ਗਲੀ 'ਚੋਂ ਲੰਘਣ ਵਾਲਾ ਹਰ ਹਿੰਦੋਸਤਾਨੀ ਗੋਡਿਆਂ ਅਤੇ ਕੂਹਣੀਆਂ ਭਾਰ ਰਿੜ੍ਹ ਕੇ ਲੰਘੇਗਾ। ਗਲੀ ਵਿਚ ਥਾਂ-ਥਾਂ ਫੌਜੀ ਪਿਕਟਾਂ ਲਾ ਦਿੱਤੀਆਂ ਗਈਆਂ। ਇਹ ਹੁਕਮ ਡਾਕਟਰ ਅਤੇ ਸਫਾਈ ਕਰਨ ਵਾਲਿਆਂ 'ਤੇ ਵੀ ਲਾਗੂ ਸੀ। ੧੫ ਦਿਨਾਂ ਤਕ ਸ੍ਰੀ ਅੰਮ੍ਰਿਤਸਰ ਸ਼ਹਿਰ ਨਰਕ ਬਣਿਆ ਰਿਹਾ। ਲੋਕਾਂ ਨੂੰ ਢਿੱਡ ਭਾਰ ਤੋਰਿਆ ਗਿਆ। ਲੋਕਾਂ ਨੂੰ ਪ੍ਰੇਸ਼ਾਨ ਕਰਨ ਲਈ ਪਾਣੀ ਦੇ ਨਲਕੇ ਬੰਦ ਕਰ ਦਿੱਤੇ ਗਏ। ਖੂਹਾਂ ਵਿਚ ਗੰਦ ਭਰ ਦਿੱਤਾ ਗਿਆ ਤਾਂ ਕਿ ਇਸ ਅੱਤਿਆਚਾਰ ਵਿਰੁੱਧ ਕੋਈ ਅਵਾਜ਼ ਨਾ ਉਠਾਏ। ਇਸ ਲਈ ਲੱਗਭਗ ਦੋ ਮਹੀਨੇ ਸ੍ਰੀ ਅੰਮ੍ਰਿਤਸਰ, ਲਾਇਲਪੁਰ, ਗੁਜਰਾਂਵਾਲਾ, ਕਸੂਰ ਤੇ ਲਾਹੌਰ ਆਦਿ ਸਿੱਖਾਂ ਦੇ ਗੜ੍ਹ ਮੰਨੇ ਜਾਂਦੇ ਸ਼ਹਿਰਾਂ ਵਿਚ ਲੋਕਾਂ ਦੀ ਅਵਾਜ਼ ਨੂੰ ਦਬਾਉਣ ਲਈ ਲੱਗਭਗ ੧੨੦੦ ਬੰਦੇ ਸ਼ਹੀਦ ਕੀਤੇ ਗਏ ਅਤੇ ੩੬੦੦ ਦੇ ਲੱਗਭਗ ਜ਼ਖਮੀ, ਇਨ੍ਹਾਂ ਵਿਚੋਂ ਕਈ ਤਾਂ ਸਦਾ ਲਈ ਲੰਗੜੇ-ਲੂਲ੍ਹੇ ਹੋ ਗਏ।

ਜਨਰਲ ਡਾਇਰ ਨੇ ਜੋ ਪਾਪ ਕੀਤਾ ਸੀ, ਸ਼ਾਇਦ ਧਰਤੀ ਵੀ ਉਸ ਦੇ ਭਾਰ ਨੂੰ ਝੱਲਣ ਲਈ ਤਿਆਰ ਨਹੀਂ ਸੀ। ਉਸ ਨੂੰ ੧੯੨੧ ਈ. ਵਿਚ ਅਧਰੰਗ ਦਾ ਦੌਰਾ ਪਿਆ ਜਿਸ ਨਾਲ ਉਹ ਕਾਫੀ ਕਮਜ਼ੋਰ ਹੋ ਗਿਆ ਅਤੇ ੧੯੨੬ ਈ. ਵਿਚ ਆਪਣੇ ਪੁਰਾਣੇ ਘਰ, ਬਰਿਸਟਲ ਦੇ ਨੇੜੇ ਲਾਂਸ ਆਸ਼ਟਨ ਵਿਚ ਸੇਂਟ ਮਾਰਟਨ ਵਿਖੇ ਆ ਗਿਆ ਅਤੇ ਮੌਤ ਨਾਲੋਂ ਬਦਤਰ ਜ਼ਿੰਦਗੀ ਜਿਉਂਦਾ ਰਿਹਾ। ੧੧ ਜੁਲਾਈ, ੧੯੨੭

ਈ. ਨੂੰ ਉਸ ਨੂੰ ਫੇਰ ਦੌਰਾ ਪਿਆ ਅਤੇ ੨੩ ਜੁਲਾਈ, ੧੯੨੭ ਈ. ਨੂੰ ਉਸ ਦੀ ਮੌਤ ਹੋ ਗਈ।

ਭਾਰਤ ਤੋਂ ੬੦੦੦ ਮੀਲ ਦੂਰ ਥੇਮਸ ਦਰਿਆ ਦੇ ਕੰਢਿਆਂ 'ਤੇ ਦੋਹੀਂ ਪਾਸੀਂ ਵੱਸੇ ਸੰਸਾਰ ਦੇ ਸਭ ਤੋਂ ਵੱਡੇ ਸ਼ਹਿਰ ਲੰਦਨ ਵਿਚ ੧੬ ਮਾਰਚ, ੧੯੪੦ ਈ. ਨੂੰ ਇੰਡੀਆ ਹਾਊਸ ਵਿਚ ਜਲਸਾ ਹੋ ਰਿਹਾ ਸੀ। ਜਰਮਨੀ ਦੇ ਵਿਰੁੱਧ ਤਕਰੀਰਾਂ ਹੋ ਰਹੀਆਂ ਸਨ ਕਿਉਂਕਿ ਹਿਟਲਰ ਨੇ ਲੰਦਨ 'ਤੇ ਹਮਲਾ ਕਰ ਕੇ ਬੰਬ-ਬਾਰੀ ਕੀਤੀ ਸੀ। ਇਸ ਵਿਚ ਸਰ ਮਾਇਕਲ ਓਡਵਾਇਰ ਵੀ ਆਪਣੇ ਵਿਚਾਰ ਪੇਸ਼ ਕਰਨ ਆਇਆ। ਜਦੋਂ ਉਹ ਸਟੇਜ 'ਤੇ ਆ ਕੇ ਬੋਲਣ ਲੱਗਾ ਤਾਂ ਪੰਜਾਬ ਦੀ ਧਰਤੀ ਦੇ ਵੀਰ ਸਪੂਤ ਸ. ਊਧਮ ਸਿੰਘ ਨੇ ਠਾਹ-ਠਾਹ ਕਰਦੀਆਂ ਤਿੰਨ ਗੋਲੀਆਂ ਉਸ ਦੀ ਛਾਤੀ ਵਿਚ ਦਾਗ ਦਿੱਤੀਆਂ ਅਤੇ ਉਸ ਨੇ ੨੧ ਸਾਲ ਬਾਅਦ ਬੇਕਸੂਰੇ ਪੰਜਾਬੀਆਂ ਦੇ ਖੂਨ ਅਤੇ ਬੇਇੱਜ਼ਤੀ ਦਾ ਬਦਲਾ ਲੈ ਕੇ ਉਨ੍ਹਾਂ ਦੀ ਆਤਮਾ ਨੂੰ ਸ਼ਾਂਤੀ ਦਿੱਤੀ। ਮਜ਼ਦੂਰਾਂ ਦੇ ਅਖ਼ਬਾਰ 'ਡੇਲੀ ਵਰਕਰਜ਼' ਨੇ ਸ. ਊਧਮ ਸਿੰਘ ਦੀ ਤਸਵੀਰ ਆਪਣੇ ਅਖ਼ਬਾਰ ਵਿਚ ਛਾਪੀ 'ਤੇ ਲਿਖਿਆ ਕਿ ਨਿਡਰ ਇਨਕਲਾਬੀ ਹਿੰਦੋਸਤਾਨੀਆਂ ਜਲ੍ਹਿਆਂ ਵਾਲੇ ਬਾਗ ਦੇ ਸ਼ਹੀਦਾਂ ਦੇ ਖੂਨ ਦਾ ਬਦਲਾ ੨੧ ਸਾਲ ਪਿੱਛੋਂ ਲਿਆ ਗਿਆ। ਮੁਲਜ਼ਮ ਨੇ ਕਿਸੇ ਕਿਸਮ ਦਾ ਬਿਆਨ ਦੇਣੋਂ ਨਾਂਹ ਕਰ ਦਿੱਤੀ, ਉਹ ਅਦਾਲਤ ਵਿਚ ਪੂਰਾ ਬਿਆਨ ਦੇਵੇਗਾ, ਪੁਲਿਸ ਹੋਰ ਪੁੱਛ-ਪੜਤਾਲ ਕਰ ਰਹੀ ਹੈ।

ਜਦੋਂ ੧੯੧੯ ਵਿਚ ਜਲ੍ਹਿਆਂ ਵਾਲੇ ਬਾਗ ਦਾ ਖੂਨੀ ਸਾਕਾ ਵਰਤਿਆ ਸੀ, ਉਸ ਸਮੇਂ ਸ. ਊਧਮ ਸਿੰਘ ਸੈਂਟਰਲ ਖਾਲਸਾ ਯਤੀਮਖਾਨਾ, ਸ੍ਰੀ ਅੰਮ੍ਰਿਤਸਰ ਵਿਚ ਪੜ੍ਹਦਾ ਸੀ। ਉਸ ਨੇ ਖੂਨੀ ਸਾਕੇ ਦਾ ਸਾਰਾ ਦ੍ਰਿਸ਼ ਆਪਣੀਆਂ ਅੱਖਾਂ ਨਾਲ ਦੇਖਿਆ ਸੀ ਅਤੇ ਉਸ ਸਮੇਂ ਹੀ ਇਸ ਦਾ ਬਦਲਾ ਲੈਣ ਦੀ ਸਹੁੰ ਖਾਧੀ ਸੀ। ੨੧ ਸਾਲ ਉਹ ਬਦਲਾ ਲੈਣ ਦਾ ਮੁਨਾਸਿਬ ਮੌਕਾ ਭਾਲਦਾ ਰਿਹਾ। ਇਸ ਅਰਸੇ ਦੌਰਾਨ ਹੀ ਜਨਰਲ ਡਾਇਰ ੧੯੨੭ ਈ. ਵਿਚ ਮੌਤ ਦੇ ਮੂੰਹ ਵਿਚ ਜਾ ਚੁੱਕਾ ਸੀ ਪਰ ਇਸ ਘਟਨਾ ਦਾ ਖਲਨਾਇਕ ਸਰ ਮਾਇਕਲ ਓਡਵਾਇਰ ਅਜੇ ਜਿਉਂਦਾ ਸੀ। ਸ. ਊਧਮ ਸਿੰਘ ਉਸ ਤੋਂ ਬਦਲਾ ਲੈਣ ਦੇ ਮਕਸਦ ਨਾਲ ਸੰਨ ੧੯੩੩ ਈ. ਵਿਚ ਲੰਡਨ ਪਹੁੰਚ ਗਿਆ ਸੀ। ਸੰਨ ੧੯੪੦ ਈ. ਵਿਚ ਸ. ਊਧਮ ਸਿੰਘ ਨੂੰ ਸਰ ਮਾਇਕਲ ਓਡਵਾਇਰ ਦੇ ਕਤਲ ਦੇ ਦੋਸ਼ ਵਿਚ ਫਾਂਸੀ ਦੇ ਕੇ ਸ਼ਹੀਦ ਕਰ ਦਿੱਤਾ ਗਿਆ।

■

# ਆਦਰਸ਼ਕ ਮਨੁੱਖ ਦੀ ਸਿਰਜਣਾ: ਖਾਲਸਾ-ਪੰਥ

*-ਸਤਵਿੰਦਰ ਸਿੰਘ ਫੂਲਪੁਰ**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਪੰਥ ਦੀ ਸਾਜਨਾ ਧਰਤੀ ਉੱਪਰ ਸੰਪੂਰਨ ਮਨੁੱਖ ਦੀ ਘਾੜਤ ਸੀ; ਇਹ 'ਨਾਨਕ ਨਿਰਮਲ ਪੰਥ' ਦੀ 'ਖਾਲਸਾ ਪੰਥ' ਦੇ ਰੂਪ ਵਿਚ ਸੰਪੂਰਨਤਾ ਸੀ। ਇਹ ਖਾਲਸਾ ਪੰਥ 'ਪ੍ਰਭੂ ਦਾ ਪੰਥ' ਸੀ ਜਿਸ ਦੇ ਪੈਰੋਕਾਰਾਂ ਨੇ ਧਾਰਮਿਕ ਜਗਤ ਵਿਚ ਹਰ ਪ੍ਰਕਾਰ ਦੀ ਵਿਚੋਲਗੀ ਤੋਂ ਮੁਕਤ ਹੋ ਕੇ ਅਕਾਲ ਪੁਰਖ ਨਾਲ ਸਿੱਧਾ ਸੰਬੰਧ ਸਥਾਪਿਤ ਕਰਨਾ ਸੀ। ਇਸ ਪੰਥ ਨੇ ਇੱਕ ਅਕਾਲ ਦਾ ਪੁਜਾਰੀ ਹੋ ਕੇ ਅੱਗੇ ਤੋਂ ਮਨੁੱਖਤਾ ਦੀ ਅਗਵਾਈ ਵੀ ਕਰਨੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ 'ਬਚਿਤ੍ਰ ਨਾਟਕ' ਵਿਚ ਪਹਿਲਾਂ ਦੇ ਹਾਲਾਤਾ ਅਤੇ ਆਪਣੇ ਮਿਸ਼ਨ ਬਾਰੇ ਲਿਖਦੇ ਹਨ:

*ਪੇਡ ਪਾਤ ਆਪਨ ਤੇ ਜਲੈ॥ ਪ੍ਰਭ ਕੈ ਪੰਥ ਨ ਕੋਊ ਚਲੈ॥*
*ਜਿਨਿ ਜਿਨਿ ਤਨਿਕ ਸਿੱਧ ਕੋ ਪਾਯੋ॥ ਤਿਨ ਤਿਨ ਅਪਨਾ ਰਾਹੁ ਚਲਾਯੋ॥ . . .*
*ਸਭ ਅਪਨੀ ਅਪਨੀ ਉਰਝਾਨਾ॥ ਪਾਰਬ੍ਰਹਮ ਕਾਹੂ ਨ ਪਛਾਨਾ॥*

ਅਖੌਤੀ ਧਾਰਮਿਕ ਆਗੂਆਂ ਦੁਆਰਾ ਮਨੁੱਖਤਾ ਨੂੰ ਸਹੀ ਮਾਰਗ 'ਤੇ ਨਹੀਂ ਸੀ ਪਾਇਆ ਜਾ ਰਿਹਾ, ਸਮਾਜ ਵਿਚ ਗਿਰਾਵਟ ਆ ਚੁੱਕੀ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਧਰਤੀ ਉੱਪਰ ਭੇਜ ਕੇ ਅਕਾਲ ਪੁਰਖ ਦੀ ਅਜਿਹਾ ਪੰਥ ਸਥਾਪਿਤ ਕਰਨ ਦੀ ਮਨਸ਼ਾ ਸੀ ਜੋ ਜਾਤ-ਪਾਤ ਦੀਆਂ ਵੰਡੀਆਂ ਤੋਂ ਉੱਪਰ ਉੱਠ ਕੇ ਮਨੁੱਖੀ ਭਾਈਚਾਰੇ ਦੀ ਸੇਵਾ ਲਈ ਤਤਪਰ ਰਹੇ। ਜੋ ਗੁਰਬਾਣੀ ਵਿਚ ਆਏ ਬੇਗਮਪੁਰੇ ਦੇ ਸੰਕਲਪ ਨੂੰ ਧਰਤੀ ਉੱਪਰ ਵਿਵਹਾਰਕ ਰੂਪ ਦੇ ਸਕੇ, ਜੋ *ਮੂਏ ਬਿਨੁ ਜੀਵਨ ਨਾਹੀ* ਨੂੰ ਸੱਚ ਕਰ ਵਿਖਾਏ, ਜੋ ਧਰਤੀ ਧਰਮਸਾਲ ਦੀ ਸਥਾਪਤੀ ਲਈ ਬੁਰਾਈਆਂ ਦਾ ਸੰਘਾਰ ਕਰ ਸਕੇ, ਦੁਰਜਨਾਂ (ਬਦੀ) ਨੂੰ ਮਾਰ ਮੁਕਾਵੇ, ਧਰਮੀਆਂ ਲਈ ਹਰ ਪ੍ਰਕਾਰ ਦੇ ਸੰਕਟ ਨਿਵਿਰਤ ਕਰ ਸਕੇ। ਇਸ ਮੰਤਵ ਦੀ ਪੂਰਤੀ ਲਈ ਗੁਰੂ ਸਾਹਿਬ ਕਹਿੰਦੇ ਹਨ ਅਕਾਲ ਪੁਰਖ ਨੇ ਮੈਨੂੰ ਧਰਤੀ ਉੱਪਰ ਜਾ ਕੇ ਪੰਥ ਸਥਾਪਿਤ ਕਰਨ ਦਾ ਹੁਕਮ ਦਿੱਤਾ ਹੈ:-

*ਤਪ ਸਾਧਤ ਹਰਿ ਮੋਹਿ ਬੁਲਾਯੋ॥ ਇਮ ਕਹਿ ਕੈ ਇਹ ਲੋਕ ਪਠਾਯੋ॥ . . .*
*ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥*
*ਜਾਹਿ ਤਹਾਂ ਤੈ ਧਰਮੁ ਚਲਾਇ॥ ਕਬੁਧਿ ਕਰਨ ਤੇ ਲੋਕ ਹਟਾਇ॥*

*(ਸ੍ਰੀ ਦਸਮ ਗ੍ਰੰਥ)*

ਅਕਾਲ ਪੁਰਖ ਦੇ ਇਸ ਮਿਸ਼ਨ ਤਹਿਤ ਕਲਗੀਧਰ ਪਿਤਾ ਜੀ ਨੇ ੧੬੯੯ ਈ. ਦੀ ਵੈਸਾਖੀ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਪੰਥ ਸਾਜਿਆ। ਭਾਰਤੀ ਸਮਾਜ ਅੰਦਰ ਸਦੀਆਂ ਤੋਂ ਲਿਤਾੜੇ, ਦੁਰਕਾਰੇ ਜਾ ਰਹੇ ਲੋਕਾਂ ਨੂੰ ਪਹਿਲੀ ਵਾਰ ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੇ ਗਲ਼ ਨਾਲ ਲਾਇਆ ਅਤੇ *ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ*

**ਸੰਪਾਦਕ, ਗੁਰਮਤਿ ਪ੍ਰਕਾਸ਼ ਅਤੇ ਗੁਰਮਤਿ ਗਿਆਨ। ਮੋ: +੯੧੯੯੧੪੪-੧੯੪੮੪*

*ਬਖਸੀਸ* ਦਾ ਆਦਰਸ਼ਕ ਵਿਚਾਰ ਪੇਸ਼ ਕੀਤਾ। ਇਸੇ ਵਿਚਾਰ ਨੂੰ ਕਲਗੀਧਰ ਪਿਤਾ ਨੇ-

*-ਨਾਮ ਗਰੀਬ ਨਿਵਾਜ਼ ਹਮਾਰਾ। ਹੈ ਜਗ ਮੇਂ ਪ੍ਰਸਿਧ ਅਪਾਰਾ।*
*ਸੋ ਸਫਲਾ ਜਗ ਮੈਂ ਤਬ ਥੈ ਹੈਂ। ਲਘੁ ਜਾਤਨ ਕੋ ਬਡਪਨ ਦੈ ਹੈਂ।*
*(ਪੰਥ ਪ੍ਰਕਾਸ਼, ਗਿ. ਗਿਆਨ ਸਿੰਘ)*

ਰਾਹੀਂ ਅਖੌਤੀ ਜਾਤ ਅਭਿਮਾਨੀ ਵਿਹਲੜ ਵਰਗ ਨੂੰ ਨਕਾਰ ਕੇ, ਕਿਰਤੀ ਲੋਕਾਂ ਨੂੰ ਪਾਤਸ਼ਾਹੀ ਸੌਂਪ ਕੇ ਕਿਰਤ ਪ੍ਰਧਾਨ ਅਤੇ ਨਰੋਏ ਪੰਥ 'ਖਾਲਸਾ ਪੰਥ' ਦੀ ਸਿਰਜਣਾ ਕੀਤੀ। ਗੁਰੂ ਜੀ ਨੇ ਖਾਲਸਾ ਪੰਥ ਦੀ ਸਾਜਨਾ ਸਮੇਂ ਇੱਕੋ ਬਾਟੇ 'ਚੋਂ ਸਾਰਿਆਂ ਨੂੰ ਖੰਡੇ ਦੀ ਪਾਹੁਲ ਛਕਾ ਕੇ ਜਾਤ-ਵਰਨ ਦੀ ਵੰਡ ਨੂੰ ਪੂਰੀ ਤਰ੍ਹਾਂ ਖਤਮ ਕਰ ਦਿੱਤਾ। ਦੂਸਰਾ ਪੰਜਾਂ ਪਿਆਰਿਆਂ ਪਾਸੋਂ ਆਪ ਖੰਡੇ-ਬਾਟੇ ਦੀ ਪਾਹੁਲ ਲੈ ਕੇ ਗੁਰੂ-ਚੇਲਾ ਦੇ ਭੇਦ ਨੂੰ ਮਿਟਾ ਕੇ 'ਗੁਰੂ ਚੇਲਾ ਚੇਲਾ ਗੁਰੂ' ਦਾ ਨਿਆਰਾ ਮਾਡਲ ਮਨੁੱਖਤਾ ਸਾਹਮਣੇ ਪੇਸ਼ ਕੀਤਾ। ਗੁਰੂ ਦਾ ਚੇਲੇ ਵਿਚ ਅਭੇਦ ਹੋਣਾ ਆਉਣ ਵਾਲੇ ਸਮੇਂ ਵਿਚ ਕਿਸੇ ਵੱਡੀ ਜ਼ਿੰਮੇਵਾਰੀ ਦਾ ਪ੍ਰਤੀਕ ਸੀ। ਕਲਗੀਧਰ ਪਿਤਾ ਜੀ ਨੇ *ਧਰਮ ਪਰਚੁਰ ਕਰਬੇ ਕਹੁ ਸਾਜਾ* ਵਾਲਾ ਮਿਸ਼ਨ ਹੁਣ ਸੁੱਚੇ ਤੇ ਉੱਚੇ ਜੀਵਨ ਵਾਲੇ ਧਰਮ-ਪਰਾਇਣ, ਨਿਰਮਲ-ਚਿੱਤ, ਕਥਨੀ ਦੇ ਪੂਰੇ, ਕਰਨੀ ਦੇ ਸੂਰੇ, ਸਿਰਲੱਥ ਸੰਤ-ਸਿਪਾਹੀਆਂ ਦੀ ਜਥੇਬੰਦੀ ਦੇ ਹਵਾਲੇ ਕਰਨ ਦਾ ਫ਼ੈਸਲਾ ਕਰ ਲਿਆ ਸੀ। ਖਾਲਸਾ ਸਾਜਣ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਐਸੇ ਮਨੁੱਖਾਂ ਦੀ ਜਥੇਬੰਦੀ ਕਾਇਮ ਕਰਨਾ ਸੀ ਜੋ ਸਿੱਖੀ ਦੇ ਆਦਰਸ਼ ਅਨੁਸਾਰ ਰੂਹਾਨੀ ਜ਼ਿੰਦਗੀ ਵਿਚ ਸੰਤ ਹੋਣ ਅਤੇ ਸੰਸਾਰਕ ਜੀਵਨ ਵਿਚ ਨਿਸ਼ਕਾਮ ਸੇਵਕ। ਜੋ ਭਲੇ ਲੋਕਾਂ ਦੇ ਰੱਖਿਅਕ, ਸਹਾਇਕ ਹੋਣ ਅਤੇ ਉਨ੍ਹਾਂ ਦੇ ਦੁਖ ਨਿਵਾਰਨ ਕਰਨ ਲਈ ਦੋਖੀਆਂ ਨੂੰ ਵਿਦਾਰਨ (ਮਾਰਨ) ਦਾ ਯਤਨ ਕਰਨ ਤਾਂਕਿ ਆਮ ਜਨਤਾ ਅਮਨ-ਅਮਾਨ ਦਾ ਜੀਵਨ ਬਿਤਾ ਸਕੇ।

*ਤਿਨ ਤਿਨ ਅਪਨਾ ਰਾਹੁ ਚਲਾਯੋ* ਵਾਲੀ ਸਮਾਜਿਕ ਗਿਟਾਵਟ ਨੂੰ ਸਦਾ ਲਈ ਦੂਰ ਕਰ ਕੇ ਹੁਣ ਖਾਲਸੇ ਨੇ ਆਪਣੀ ਅਗਵਾਈ ਆਪ ਕਰਨੀ ਸੀ ਅਤੇ ਸਾਰੀ ਮਨੁੱਖਤਾ ਦੀ ਅਗਵਾਈ ਕਰਨ ਦੇ ਯੋਗ ਹੋਣਾ ਸੀ। ਖਾਲਸੇ ਨੇ ਪੂਰੀ ਖਲਕਤ ਨੂੰ ਆਪਣਾ ਸਮਝਣਾ ਸੀ। ਆਪ ਹਰ ਪ੍ਰਕਾਰ ਦੀ ਪ੍ਰਾਧੀਨਤਾ ਤੋਂ ਮੁਕਤ ਹੋ ਕੇ ਖਲਕਤ ਦੀ ਰਾਖੀ ਦੇ ਜਾਮਨ ਬਣਨਾ ਸੀ:

*ਖਲਕ ਖਾਲਸੇ ਕੀ ਸਗਲ ਭਵਨ ਚਤੁਰ ਦਸ ਮਾਂਹਿ।*
*ਖਲਕ ਦੁਖਾਵੈ ਜੋ ਕੋਈ ਹਨੈ ਖਾਲਸਾ ਤਾਂਹਿ।* *(ਗੁਰਕੀਰਤ ਪ੍ਰਕਾਸ਼)*

ਇਸ ਲਈ ਖਾਲਸੇ ਦੀ ਉੱਚੇ ਇਖ਼ਲਾਕ ਵਾਲੀ ਰਹਿਤ ਮਰਯਾਦਾ ਨਿਰਧਾਰਿਤ ਕਰ ਕੇ ਖਾਲਸੇ ਨੂੰ ਧਰਤੀ ਦਾ ਸੰਪੂਰਨ ਮਨੁੱਖ ਸਾਜਿਆ ਗਿਆ। ਇਸ ਮੰਤਵ ਲਈ ਸਦੀਆਂ-ਬੱਧੀ ਗ਼ੁਲਾਮੀ ਦੇ ਜੂਲੇ ਹੇਠ ਰਹਿ ਕੇ ਬੁਜ਼ਦਿਲ ਹੋ ਚੁੱਕੀ ਲੋਕਾਈ ਦੇ ਮਨ ਅੰਦਰ ਸ੍ਵੈ-ਮਾਣ ਜਗਾਉਣ ਵਾਸਤੇ ਉਨ੍ਹਾਂ ਅੰਦਰ ਨਵੇਂ ਜਨਮ ਦਾ ਅਹਿਸਾਸ ਕਰਾਉਣ ਲਈ ਪਿਛਲੀ ਕੁਲ ਨਾਸ਼, ਕਿਰਤ ਨਾਸ਼, ਕਰਮ ਨਾਸ਼, ਧਰਮ ਨਾਸ਼ ਦਾ ਸਿਧਾਂਤ ਪੇਸ਼ ਕੀਤਾ ਗਿਆ। ਇਸ ਤੋਂ ਬਾਅਦ ਗੁਰੂ ਜੀ ਨੇ ਖਾਲਸੇ ਦੀ ਨਵੀਂ ਮਰਯਾਦਾ ਕਾਇਮ ਕੀਤੀ। ਪੰਜ ਕੱਕਾਰਾਂ: ਕੇਸ, ਕੰਘਾ, ਕੜਾ, ਕਿਰਪਾਨ, ਕਛਹਿਰਾ ਨੂੰ ਹਰ ਵੇਲੇ ਅੰਗ-ਸੰਗ ਰੱਖਣ ਦੀ ਤਾਕੀਦ ਕੀਤੀ। ਇਸ ਨੇ ਹੁਣ ਤਕ ਦੀਆਂ ਧਾਰਮਿਕ ਭਰਾਂਤੀਆਂ ਵਹਿਮਾਂ-ਭਰਮਾਂ,

ਬਿਪਰਵਾਦੀ ਰੀਤੀਆਂ ਤੋਂ ਆਪ ਮੁਕਤ ਹੋ ਕੇ ਲੋਕਾਈ ਨੂੰ ਮੁਕਤ ਕਰਨਾ ਸੀ ਤਾਂ ਹੀ ਖਾਲਸਾ ਅਖਵਾਉਣਾ ਸੀ:

*ਖਾਲਸ ਖਾਸ ਕਹਾਵੈ ਸੋਈ। ਜਾ ਕੇ ਹਿਰਦੇ ਭਰਮ ਨਾ ਹੋਈ।*
*ਭਰਮ ਭੇਖ ਤੇ ਰਹੈ ਨਿਆਰਾ। ਸੋ ਖਾਲਸ ਸਤਿਗੁਰੂ ਹਮਾਰਾ॥ (ਸ੍ਰੀ ਗੁਰ ਸੋਭਾ)*

ਮਨੁੱਖੀ ਹੱਕਾਂ ਦੀ ਰਾਖੀ ਲਈ ਗੁਰੂ ਸਾਹਿਬਾਨ ਦੁਆਰਾ ਪਾਈ ਗਈ ਸ਼ਹਾਦਤ ਦੀ ਪਿਰਤ ਨੂੰ ਵੀ ਹੁਣ ਖਾਲਸੇ ਨੇ ਅਗਾਂਹ ਤੋਰਨਾ ਸੀ, ਕਿਉਂਕਿ ਗੁਰੂ ਚੇਲੇ ਵਿਚ ਅਭੇਦ ਹੋਇਆ ਸੀ। ਖਾਲਸੇ ਨੇ ਇਹ ਜ਼ਿੰਮੇਵਾਰੀ ਵੀ ਬਾਖੂਬੀ ਨਿਭਾਈ। ਸਿੱਖ ਪੰਥ ਦਾ ਕੁਰਬਾਨੀਆਂ ਭਰਿਆ ਇਤਿਹਾਸ ਇਸ ਗੱਲ ਦਾ ਜਾਮਨ ਹੈ ਕਿ ਖਾਲਸਾ ਪੰਥ ਨੇ ਧਰਮ, ਦੇਸ਼, ਕੌਮ ਦੀ ਰਾਖੀ ਲਈ ਵੱਡੀ ਤੋਂ ਵੱਡੀ ਕੁਰਬਾਨੀ ਦੇਣ ਤੋਂ ਸੰਕੋਚ ਨਹੀਂ ਕੀਤਾ।

ਸਦੀਆਂ ਬੱਧੀ ਭਾਰਤ ਦੀਆਂ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਖਾਲਸਾ ਪੰਥ ਨੇ ਹੀ ਤੋੜਿਆ। 'ਖਾਲਸਾ ਪੰਥ' ਨੇ ਵਿਸ਼ਵ ਭਰ ਵਿਚ ਬਹਾਦਰੀ ਦੀਆਂ ਬਹੁਤ ਸਾਰੀਆਂ ਮਿਸਾਲਾਂ ਕਾਇਮ ਕੀਤੀਆਂ ਹਨ। ੧੮੯੭ ਈ. ਵਿਚ ਸਾਰਾਗੜ੍ਹੀ ਦੀ ਜੰਗ ਜਿੱਤਣ ਵਾਲਾ, ੧੯੪੮ ਈ. ਵਿਚ ਕਸ਼ਮੀਰ ਦੀਆਂ ਪਹਾੜੀਆਂ ਉੱਪਰ ਡਟਣ ਵਾਲਾ, ੧੯੬੨, ੧੯੬੫ ਅਤੇ ੧੯੭੧ ਈ. ਦੀਆਂ ਜੰਗਾਂ ਵਿਚ ਦੇਸ਼ ਦੀ ਆਬਰੂ ਬਚਾਉਣ ਵਾਲਾ ਕਲਗੀਧਰ ਪਿਤਾ ਦਾ ਖਾਲਸਾ ਪੰਥ ਹੀ ਸੀ ਜਿਸ ਨੇ ਅੰਮ੍ਰਿਤ ਦੀ ਸ਼ਕਤੀ ਪ੍ਰਤੱਖ ਰੂਪ ਵਿਚ ਸਾਬਤ ਕਰ ਦਿੱਤੀ।

ਪਿਛਲੇ ਦਿਨੀਂ ਬ੍ਰਿਟਿਸ਼ ਬਰਾਡਕਾਸਟਿੰਗ ਕਾਰਪੋਰੇਸ਼ਨ ਵੱਲੋਂ ਦੁਨੀਆ ਦੀਆਂ ਤਿੰਨ ਬਹੁਤ ਹੀ ਖਾਸ ਅਤੇ ਮਹਾਨ ਇਸਤਰੀਆਂ ਦੇ ਜਾਰੀ ਕੀਤੇ ਨਾਵਾਂ ਵਿਚ ਮਾਤਾ ਭਾਗ ਕੌਰ ਜੀ ਦਾ ਵਿਸ਼ੇਸ਼ ਤੌਰ 'ਤੇ ਨਾਮ ਦਰਜ ਕੀਤਾ ਜਾਣਾ ਸਮੁੱਚੇ ਸਿੱਖ ਪੰਥ ਲਈ ਬਹੁਤ ਮਾਣ ਵਾਲੀ ਗੱਲ ਹੈ। ਇਹ ਵੀ ਕਲਗੀਧਰ ਪਿਤਾ ਜੀ ਦੀ ਬਖ਼ਸ਼ਿਸ਼ ਹੈ ਜਿਨ੍ਹਾਂ ਖਾਲਸਾ ਪੰਥ ਸਾਜ ਕੇ ਸਦੀਆਂ ਤੋਂ ਭਾਰਤ ਅੰਦਰ ਅਬਲਾ ਸਮਝੀ ਜਾਂਦੀ ਰਹੀ ਇਸਤਰੀ ਜਮਾਤ ਅੰਦਰ ਸ੍ਵੈਮਾਣ ਪੈਦਾ ਕਰ ਕੇ ਉਸ ਨੂੰ ਜ਼ੁਲਮ ਵਿਰੁੱਧ ਸੰਘਰਸ਼ਸ਼ੀਲ ਹੋਣ ਲਈ ਤਿਆਰ ਕੀਤਾ। ਇਸ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਜਿਆ ਖਾਲਸਾ ਪੰਥ ਧਰਤੀ ਉੱਪਰ ਇਕ ਤਰ੍ਹਾਂ ਦਾ ਇਨਕਲਾਬ ਸੀ ਜਿਸ ਨੇ ਸਦੀਆਂ ਦੀ ਕਾਇਰਤਾ ਨੂੰ ਖਤਮ ਕਰ ਕੇ ਅਣਖ ਵਾਲਾ ਜੀਵਨ ਜੀਉਣ ਦੀ ਜਾਚ ਸਿਖਾਈ।

ਸੋ ਲੋੜ ਹੈ, ਖਾਲਸਾ ਪੰਥ ਦਾ ਸਾਜਨਾ ਦਿਵਸ ਮਨਾਉਂਦਿਆਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਨਿਰਧਾਰਤ ਖਾਲਸਈ ਆਦਰਸ਼ ਨੂੰ ਸਮਝ ਕੇ ਖੰਡੇ-ਬਾਟੇ ਦੀ ਪਾਹੁਲ ਛਕ ਕੇ ਕਰਨੀ ਪਰਧਾਨ ਜੀਵਨ ਜੀਉਂਦਿਆਂ ਵਿਸ਼ਵ ਸਾਹਮਣੇ ਆਦਰਸ਼ਕ ਮਿਸਾਲ ਪੈਦਾ ਕਰਨ ਦੀ। ਤਾਂਕਿ ਵਰਤਮਾਨ ਵਿਚ ਸਮੁੱਚੇ ਵਿਸ਼ਵ ਨੂੰ ਉਸ ਰੂਹਾਨੀਅਤ ਅਤੇ ਸ਼ਾਂਤੀ ਵੱਲ ਲਿਜਾਇਆ ਜਾ ਸਕੇ ਜਿਸ ਤੋਂ *ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ* ਵਾਲੀ ਭਰਾਤਰੀਅਤਾ ਦੀ ਭਾਵਨਾ ਪੈਦਾ ਹੋ ਸਕੇ, ਸਭ ਤਰ੍ਹਾਂ ਦੇ ਦ੍ਵੈਸ਼ ਦੀ ਭਾਵਨਾ ਖਤਮ ਹੋਵੇ। ਵਿਸ਼ਵ-ਵਿਆਪੀ ਪੱਧਰ 'ਤੇ ਪੈਦਾ ਹੋ ਰਹੀਆਂ ਚੁਣੌਤੀਆਂ ਦਾ ਸਾਹਮਣਾ ਕੀਤਾ ਜਾ ਸਕੇ।

■

# ਨਿਸ਼ਾਨ-ਏ-ਸਿਖੀ ਈਂ ਪੰਜ ਹਰਫ਼ ਕਾਫ਼

*-ਸ. ਰਣਜੀਤ ਸਿੰਘ**

ਕੁਦਰਤ ਨੇ ਹਰ ਚੀਜ਼ ਦੀ ਪਛਾਣ ਵਾਸਤੇ ਕੁਝ ਚਿੰਨ੍ਹ ਬਣਾ ਰੱਖੇ ਹਨ। ਅਸੀਂ ਉਨ੍ਹਾਂ ਦੇ ਰੰਗ, ਰੂਪ ਜਾਂ ਦਿੱਖ ਤੋਂ ਉਨ੍ਹਾਂ ਦੀ ਪਹਿਚਾਣ ਕਰ ਸਕਦੇ ਹਾਂ। ਵੱਖ-ਵੱਖ ਜੀਵਾਂ ਦੀ ਜਾਂ ਬਨਸਪਤੀ ਦੀ ਪਛਾਣ ਉਨ੍ਹਾਂ ਦੀ ਬਾਹਰੀ ਦਿੱਖ ਤੋਂ ਹੀ ਹੁੰਦੀ ਹੈ। ਮਨੁੱਖ ਦੁਆਰਾ ਉਸਾਰੇ ਹੋਏ ਧਰਮ ਅਸਥਾਨਾਂ ਦਾ ਅੰਦਾਜ਼ਾ ਵੀ ਉਨ੍ਹਾਂ ਦੀ ਬਾਹਰੀ ਦਿੱਖ ਤੋਂ ਹੀ ਲਗਾਇਆ ਜਾਂਦਾ ਹੈ। ਜਿਸ ਇਮਾਰਤ 'ਤੇ ਕਰਾਸ ਬਣਿਆ ਹੋਵੇ ਉਸ ਤੋਂ ਸਹਿਜੇ ਹੀ ਪਤਾ ਲੱਗ ਜਾਂਦਾ ਹੈ ਕਿ ਇਹ ਗਿਰਜਾ ਘਰ ਹੈ। ਮਸਜਿਦ ਦੀ ਆਪਣੀ ਹੀ ਵਿਸ਼ੇਸ਼ ਬਣਤਰ ਹੈ। ਕੇਸਰੀ ਨਿਸ਼ਾਨ ਝੂਲਦਾ ਵੇਖ ਕੇ ਗੁਰਦੁਆਰਾ ਸਾਹਿਬ ਦਾ ਅਹਿਸਾਸ ਹੁੰਦਾ ਹੈ, ਸੋ ਹਰ ਧਾਰਮਿਕ ਅਸਥਾਨ ਦੇ ਆਪਣੇ ਖਾਸ ਪਹਿਚਾਣ ਚਿੰਨ੍ਹ ਹਨ।

ਇਸੇ ਤਰ੍ਹਾਂ ਪੁਲਿਸ ਅਫਸਰਾਂ ਜਾਂ ਫ਼ੌਜ ਵਾਲਿਆਂ ਦੀ ਵਰਦੀ 'ਤੇ ਲੱਗੇ ਹੋਏ ਚਿੰਨ੍ਹ ਜਾਂ ਸਟਾਰ ਤੋਂ ਪਤਾ ਲੱਗ ਜਾਂਦਾ ਹੈ ਕਿ ਇਸ ਅਫਸਰ ਦਾ ਰੈਂਕ ਕੀ ਹੈ। ਧਾਰਮਿਕ ਚਿੰਨ੍ਹ ਤੋਂ ਜਾਂ ਬਾਹਰੀ ਲਿਬਾਸ ਤੋਂ ਮਨੁੱਖ ਦੇ ਧਰਮ ਦਾ ਪਤਾ ਲੱਗ ਜਾਂਦਾ ਹੈ। ਸਿੱਖ ਦੀ ਪਛਾਣ ਕੇਸ ਅਤੇ ਦਸਤਾਰ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਮਨੁੱਖਤਾ ਨੂੰ ਤਿਆਰ ਕਰਨਾ ਸ਼ੁਰੂ ਕੀਤਾ। ਜਦੋਂ ਮਨੁੱਖ ਸੰਪੂਰਨ ਰੂਪ ਵਿਚ ਤਿਆਰ ਹੋ ਗਿਆ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪੰਜ ਕਕਾਰੀ ਰਹਿਤ ਨਿਰਧਾਰਿਤ ਕਰ ਦਿੱਤੀ। ਇਹ ਕਕਾਰ ਕੇਵਲ ਬਾਹਰੀ ਦਿਖਾਵੇ ਲਈ ਨਹੀਂ, ਸਗੋਂ ਇਨ੍ਹਾਂ ਦੇ ਪਿੱਛੇ ਬੜੀ ਡੂੰਘੀ ਫ਼ਿਲਾਸਫ਼ੀ ਹੈ।

ਸੰਨ ੧੬੯੯ ਦੀ ਵੈਸਾਖੀ ਨੂੰ ਸ੍ਰੀ ਗੁਰੂ ਨਾਨਕ ਸਾਹਿਬ ਜੀ ਵੱਲੋਂ ਚਲਾਈ ਹੋਈ ਸਿੱਖੀ ਦੀ ਲਹਿਰ ਨੂੰ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸੰਪੂਰਨਤਾ ਬਖ਼ਸ਼ਿਸ਼ ਕੀਤੀ। ਜੋ ਕ੍ਰਾਂਤੀ ਗੁਰੂ ਸਾਹਿਬ ਨੇ ਇਸ ਦਿਨ ਲਿਆਂਦੀ ਉਹ ਸਮੁੱਚੇ ਮਨੁੱਖਾ ਜੀਵਨ ਦੀ ਕ੍ਰਾਂਤੀ ਸੀ। ਗੁਰੂ ਸਾਹਿਬ ਨੇ ਖਾਲਸੇ ਨੂੰ ਵੀ ਖੰਡੇ ਦੀ ਪਾਹੁਲ ਵਿਚ ਬਦਲ ਕੇ ਸਿੱਖਾਂ ਨੂੰ ਹਰ ਸਮੇਂ ਪੰਜ ਕਕਾਰ ਧਾਰਨ ਕਰਨ ਦਾ ਵੀ ਉਪਦੇਸ਼ ਦਿੱਤਾ। ਭਾਈ ਨੰਦ ਲਾਲ ਸਿੰਘ ਜੀ ਨੇ ਪੂਰਨ ਸਿੱਖ ਦਾ ਨਕਸ਼ਾ ਪੇਸ਼ ਕਰਦੇ ਹੋਏ ਲਿਖਿਆ ਹੈ:

*ਨਿਸ਼ਾਨ-ਏ-ਸਿਖੀ ਈਂ ਪੰਜ ਹਰਫ਼ ਕਾਫ਼।*
*ਹਰਗਿਜ਼ ਨਾ ਬਾਸ਼ਿਦ ਈਂ ਪੰਜ ਮੁਆਫ*

ਇਹ ਪੰਜ ਕਾਫ਼ (ਕੱਕੇ) ਕਿਹੜੇ ਹਨ? ਇਸ ਦਾ ਜੁਆਬ ਦਿੰਦੇ ਹੋਏ ਉਹ ਲਿਖਦੇ ਹਨ:

*ਕੜਾ ਕਾਰਦੋ ਕੱਛ ਕੰਘਾ ਬਿਦਾਂ।*

---

*੧੦੦ ਮਾਇਆ ਨਗਰ, ਲੁਧਿਆਣਾ। ਮੋ: +੯੧੯੯੧੫੫-੧੫੪੩੬

*ਬਿਨਾ ਕੇਸ ਹੇਚ ਅਸਤ ਜੁਮਲਾ ਨਿਸ਼ਾਂ।*

ਕੜਾ, ਕਿਰਪਾਨ, ਕਛਹਿਰਾ, ਕੰਘਾ ਤੇ ਕੇਸ ਇਹ ਸਿੱਖੀ ਦੀਆਂ ਨਿਸ਼ਾਨੀਆਂ ਹਨ। ਇਨ੍ਹਾਂ ਨਿਸ਼ਾਨੀਆਂ ਤੋਂ ਸਿੱਖੀ ਦੀ ਪਹਿਚਾਣ ਹੁੰਦੀ ਹੈ, ਪਰ ਨਾਲ ਹੀ ਹਰ ਨਿਸ਼ਾਨੀ ਵਿਚ ਬੜੀ ਡੂੰਘੀ ਵਿਚਾਰਧਾਰਾ ਰਹੱਸ ਤੇ ਰਮਜ਼ ਹੈ।

ਕੇਸ: ਪਰਮਾਤਮਾ ਵੱਲੋਂ ਸੰਸਾਰ ਦੇ ਹਰ ਮਨੁੱਖ ਨੂੰ ਬਖ਼ਸ਼ਿਆ ਹੋਇਆ ਇਹ ਕੁਦਰਤੀ ਤੋਹਫ਼ਾ ਹੈ। ਸਮੇਂ ਦੇ ਨਾਲ-ਨਾਲ ਜਿਵੇਂ ਸਰੀਰ ਵਿਕਾਸ ਕਰਦਾ ਹੈ ਤਿਵੇਂ-ਤਿਵੇਂ ਕੇਸਾਂ ਦੀ ਲੰਬਾਈ ਵੀ ਵਧਦੀ ਜਾਂਦੀ ਹੈ। ਅੱਜ ਕੁਝ ਭੁੱਲੜ ਵੀਰ ਜਿਨ੍ਹਾਂ ਨੂੰ ਬਜ਼ੁਰਗਾਂ ਨੇ ਸਿੱਖ ਇਤਿਹਾਸ ਬਾਰੇ ਜਾਣਕਾਰੀ ਨਹੀਂ ਦਿੱਤੀ, ਉਹ ਦਾੜ੍ਹੀ ਤੇ ਕੇਸਾਂ ਬਾਰੇ ਕਈ ਤਰ੍ਹਾਂ ਦੇ ਅਜੀਬ-ਓ-ਗਰੀਬ ਪ੍ਰਸ਼ਨ ਕਰਦੇ ਹਨ। ਕਈ ਨੌਜਵਾਨ ਕਹਿੰਦੇ ਸੁਣੇ ਜਾਂਦੇ ਹਨ ਕਿ ਦਾੜ੍ਹੀ ਕੇਸ ਰੱਖਣ ਦਾ ਕੀ ਫ਼ਾਇਦਾ ਹੈ, ਸਿੱਖੀ ਤਾਂ ਮਨ ਦੀ ਚਾਹੀਦੀ ਹੈ। ਅਜਿਹੇ ਨੌਜਵਾਨਾਂ ਨੂੰ ਇਹ ਗੱਲ ਚੰਗੀ ਤਰ੍ਹਾਂ ਸਮਝ ਲੈਣੀ ਚਾਹੀਦੀ ਹੈ ਕਿ ਮਨ ਦੀ ਸਿੱਖੀ ਨਿਭਾਉਣੀ, ਤਨ ਦੀ ਸਿੱਖੀ ਨਿਭਾਉਣ ਨਾਲੋਂ ਕਿਤੇ ਔਖੀ ਹੈ। ਜੇ ਅਸੀਂ ਗੁਰੂ ਦਾ ਹੁਕਮ ਮੰਨ ਕੇ ਪੰਜ ਕਕਾਰ ਨਹੀਂ ਧਾਰਨ ਕਰ ਸਕਦੇ ਤਾਂ ਮਨ ਦੀ ਸਿੱਖੀ ਜਿਸ ਵਿਚ ਅੰਮ੍ਰਿਤ ਵੇਲੇ ਉੱਠਣਾ, ਇਸ਼ਨਾਨ ਕਰਨਾ, ਬਾਣੀ ਪੜ੍ਹਨੀ, ਗੁਰਦੁਆਰਾ ਸਾਹਿਬ ਜਾਣਾ, ਸਦਾ ਸੱਚ ਬੋਲਣਾ, ਸੱਚ ਸੁਣਨਾ ਤੇ ਸੱਚ ਵੇਖਣਾ, ਧਰਮ ਦੀ ਕਿਰਤ ਕਰਨੀ ਤੇ ਸਭ ਦੇ ਅੰਦਰ ਇਕ ਅਕਾਲ ਪੁਰਖ ਦੀ ਜੋਤ ਨੂੰ ਵੇਖਣ ਵਿੱਚ ਕਿਵੇਂ ਪ੍ਰਪੱਕ ਰਹਿ ਸਕਦੇ ਹਾਂ?

ਜਿਵੇਂ ਕਿਸੇ ਖੇਤ ਵਿਚ ਫ਼ਸਲ ਦੀ ਪੈਦਾਵਰ ਲਈ ਬੀਜ ਪਾਉਣਾ ਨਿਹਾਇਤ ਜ਼ਰੂਰੀ ਹੈ, ਉੱਥੇ ਫ਼ਸਲ ਦੀ ਰਾਖੀ ਲਈ ਵਾੜ ਲਾਉਣੀ ਵੀ ਕੋਈ ਘੱਟ ਜ਼ਰੂਰੀ ਨਹੀਂ। ਆਪਣੇ ਅੰਦਰ ਖਾਲਸੇ ਵਾਲੇ ਗੁਣ ਪੈਦਾ ਕਰਨੇ ਜਿੱਥੇ ਅਤੀ ਜ਼ਰੂਰੀ ਹਨ, ਉੱਥੇ ਪੰਜ ਕਕਾਰਾਂ ਰੂਪੀ ਜੋ ਸਿੱਖੀ ਦੀ ਵਾੜ ਹੈ, ਲਗਾਉਣੀ ਵੀ ਅਤਿਅੰਤ ਜ਼ਰੂਰੀ ਹੈ। ਜੇ ਕਿਤੇ ਕਲਗੀਧਰ ਪਾਤਸ਼ਾਹ ਸਾਨੂੰ ਇਹ ਨਿਆਰਾ ਸਰੂਪ ਨਾ ਬਖ਼ਸ਼ਦੇ ਤਾਂ ਸਿੱਖ ਮਤ ਵੀ ਹੋਰਨਾਂ ਮਤਾਂ ਦੀ ਤਰ੍ਹਾਂ ਮਿਲਗੋਭਾ ਹੋ ਜਾਂਦਾ ਤੇ ਅਸਲੀ ਮਤ ਦਾ ਥਾਂ ਟਿਕਾਣਾ ਨਹੀਂ ਸੀ ਲੱਭਣਾ। ਜੇ ਅੱਜ ਸਿੱਖ ਧਰਮ ਹੋਰਨਾਂ ਮਤਾਂ ਵਾਂਗ ਬ੍ਰਾਹਮਣੀ ਮਤ ਦੇ ਅੰਦਰ ਗਰਕ ਨਹੀਂ ਹੋਇਆ ਤਾਂ ਇਸ ਦਾ ਕਾਰਨ ਸਾਡਾ ਨਿਆਰਾ ਸਰੂਪ ਹੈ। ਦੁਨੀਆ ਦੇ ਕਿਸੇ ਵੀ ਕੋਨੇ ਵਿਚ ਜਿੱਥੇ ਸਿੱਖਾਂ ਨੇ ਆਪਣੇ ਨਿਆਰੇ ਸਰੂਪ ਨੂੰ ਸੰਭਾਲ ਕੇ ਰੱਖਿਆ ਹੈ, ਉੱਥੇ ਉਨ੍ਹਾਂ ਦੀ ਹੋਂਦ ਇੱਕ ਵੱਖਰੀ ਕੌਮ ਦੇ ਸਥਾਈ ਰੂਪ ਵਿਚ ਪ੍ਰਗਟ ਹੋਈ ਹੈ।

ਮੇਰੇ ਕੇਸ, ਮੇਰੀ ਦਾੜ੍ਹੀ ਤੇ ਸੀਸ 'ਤੇ ਸਜਾਈ ਹੋਈ ਦਸਤਾਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੋਹਰ ਹੈ। ਇਹ ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਕੀਤਾ ਹੋਇਆ ਵਿਸ਼ੇਸ਼ ਪਛਾਣ-ਪੱਤਰ ਹੈ। ਇਹ ਪ੍ਰਗਟ ਕਰਦਾ ਹੈ ਕਿ ਖਾਲਸੇ ਦੀ ਵਿਚਾਰਧਾਰਾ ਬਿਲਕੁਲ ਨਿਆਰੀ ਤੇ ਨਵੀਨ ਹੈ। ਜੇਕਰ ਅਸੀਂ ਗੁਰੂ ਸਾਹਿਬ ਦੇ ਬਖ਼ਸ਼ੇ ਹੋਏ ਇਸ ਸਰੂਪ ਦਾ ਤ੍ਰਿਸਕਾਰ ਕਰਦੇ ਹਾਂ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਅਸੀਂ ਦਾੜ੍ਹੀ, ਕੇਸਾਂ ਦੀ ਹੀ ਬੇਅਦਬੀ ਨਹੀਂ

ਕਰ ਰਹੇ, ਸਗੋਂ ਗੁਰੂ ਸਾਹਿਬ ਦਾ ਵੀ ਤ੍ਰਿਸਕਾਰ ਕਰ ਰਹੇ ਹਾਂ। ਜਿਵੇਂ ਕਿਸੇ ਫੌਜ ਜਾਂ ਪੁਲਿਸ ਦੇ ਅਫ਼ਸਰ ਦਾ ਸਤਿਕਾਰ ਉਸ ਦੀ ਵਰਦੀ ਕਰਕੇ ਹੈ ਇਸੇ ਤਰ੍ਹਾਂ ਸਿੱਖ ਦਾ ਮਾਣ ਸਤਿਕਾਰ ਕੇਸ, ਦਾੜ੍ਹੀ ਤੇ ਦਸਤਾਰ ਕਰਕੇ ਹੈ।

ਕਈ ਭੁੱਲੜ ਵੀਰ ਇਹ ਕਹਿ ਦਿੰਦੇ ਹਨ ਕਿ ਜੇ ਸਿੱਖੀ ਵਾਸਤੇ ਕੇਸ, ਦਾੜ੍ਹੀ ਸਾਬਤ-ਸੂਰਤ ਰੱਖਣ ਦੀ ਬੰਦਿਸ਼ ਨਾ ਹੋਵੇ ਤਾਂ ਸਾਰੇ ਹੀ ਸਿੱਖ ਬਣ ਜਾਣ। ਅਜਿਹੀ ਸੋਚਣੀ ਹੀ ਬੜੀ ਬੇਸਮਝੀ ਤੇ ਹਾਸੋਹੀਣੀ ਹੈ। ਜੇਕਰ ਅਸੀਂ ਕੇਸ ਦਾੜ੍ਹੀ ਵਾਲਾ ਆਪਣਾ ਸਰੂਪ ਹੀ ਖ਼ਤਮ ਕਰ ਲਿਆ ਤਾਂ ਸਿੱਖੀ ਕਿਸ ਨੂੰ ਸਮਝਿਆ ਜਾਵੇਗਾ? ਬਾਕੀ ਲੋਕਾਂ ਨਾਲੋਂ ਸਾਡੀ ਅੱਡਰੀ ਪਛਾਣ ਕਿਵੇਂ ਹੋ ਸਕੇਗੀ। ਜਿਸ ਦਿਨ ਸਾਡਾ ਸਿੱਖੀ ਸਰੂਪ ਹੀ ਖ਼ਤਮ ਹੋ ਗਿਆ ਤਾਂ ਸਾਡੀ ਸਰਦਾਰੀ ਹੀ ਖ਼ਤਮ ਹੋ ਜਾਵੇਗੀ। ਜੇਕਰ ਖਾਲਸਾ ਪੰਥ ਦੀ ਜਥੇਬੰਦੀ ਹੁਣ ਤਕ ਬਚੀ ਹੋਈ ਹੈ ਤਾਂ ਉਹ ਸਾਡੇ ਨਿਆਰੇ ਸਰੂਪ ਕੇਸ, ਦਾੜ੍ਹੀ ਕਰਕੇ ਹੀ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕੇਸ ਇੱਕ ਐਸੀ ਕਸਵੱਟੀ ਬਣਾ ਦਿੱਤੀ ਜਿਸ ਤੋਂ ਪਤਾ ਲੱਗ ਜਾਂਦਾ ਹੈ ਕਿ ਕੌਮ ਵਿਚ ਕਿੱਥੇ ਤੇ ਕਿੰਨੀ ਗਿਰਾਵਟ ਆ ਰਹੀ ਹੈ। ਕੇਸਾਂ ਨਾਲ ਹੀ ਸਾਡੀ ਜਥੇਬੰਦੀ ਕਾਇਮ ਹੈ। ਅੱਜ ਜੇ ਇਸ ਪਾਸੇ ਸਾਡੀ ਕੌਮ ਵਿਚ ਕੋਈ ਢਿੱਲ ਆਈ ਹੈ ਤਾਂ ਦਾੜ੍ਹੀ ਕੇਸਾਂ ਨੇ ਹੀ ਸਾਨੂੰ ਸੁਚੇਤ ਕੀਤਾ ਹੈ।

'ਗਿਆਨ ਰਤਨਵਾਲੀ' ਵਿਚ ਅੰਕਿਤ ਹੈ ਕਿ ਇਕ ਦਿਨ ਭਾਈ ਮਰਦਾਨਾ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੇਨਤੀ ਕੀਤੀ ਕਿ, ਸੱਚੇ ਪਾਤਸ਼ਾਹ! ਤੁਸੀਂ ਸਾਰੀ ਦੁਨੀਆ ਨੂੰ ਉਪਦੇਸ਼ ਦਿੱਤਾ ਹੈ ਤੇ ਇਸ ਤਰ੍ਹਾਂ ਦਾ ਕੋਈ ਉਪਦੇਸ਼ ਮੈਨੂੰ ਵੀ ਦਿਓ। ਗੁਰੂ ਸਾਹਿਬ ਨੇ ਫੁਰਮਾਇਆ ਕਿ, ਮਰਦਾਨਿਆ! ਤੂੰ ਤਾਂ ਪਹਿਲਾਂ ਹੀ ਉਪਦੇਸ਼ ਕਮਾ ਰਿਹਾ ਹੈਂ। ਫਿਰ ਵੀ ਜੇ ਤੂੰ ਮੰਗਿਆ ਹੈ ਤਾਂ ਸੁਣ ਪਹਿਲਾ ਉਪਦੇਸ਼ ਤਾਂ ਇਹ ਹੈ ਕਿ ਕੇਸਾਂ ਨੂੰ ਨਹੀਂ ਕਟਵਾਉਣਾ। ਦੂਜਾ, ਆਏ ਗਏ ਲੋੜਵੰਦ ਅਤਿਥੀ ਦੀ ਸੇਵਾ ਕਰਨੀ ਤੇ ਤੀਜਾ, ਅੰਮ੍ਰਿਤ ਵੇਲੇ ਦੀ ਸੰਭਾਲ ਕਰਨੀ। ਭਾਈ ਮਰਦਾਨਾ ਜੀ ਨੇ ਸਾਰੀ ਜ਼ਿੰਦਗੀ ਇਨ੍ਹਾਂ ਅਸੂਲਾਂ 'ਤੇ ਪਹਿਰਾ ਦਿੱਤਾ।

੨੬ ਦਸੰਬਰ, ੧੯੬੩ ਈ. ਦੀ ਘਟਨਾ ਹੈ ਕਿ ਸ੍ਰੀ ਨਗਰ ਵਿਖੇ ਹਜ਼ਰਤ ਮੁਹੰਮਦ ਸਾਹਿਬ ਦਾ ਇੱਕ ਪਵਿੱਤਰ ਕੇਸ (ਮੂਏ ਮੁਬਾਰਕ) ਜੋ ਲੰਬੇ ਸਮੇਂ ਤੋਂ ਸੰਭਾਲਿਆ ਹੋਇਆ ਸੀ, ਗਾਇਬ ਹੋ ਗਿਆ। ਸਮੁੱਚੀ ਭਾਰਤ ਸਰਕਾਰ ਹਿੱਲ ਗਈ। ਉਸ ਸਮੇਂ ਦੇ ਪ੍ਰਧਾਨ ਮੰਤਰੀ ਨੂੰ ਵੀ ਇਹ ਕੇਸ ਲੱਭਣ ਲਈ ਅਪੀਲ ਕਰਨੀ ਪਈ। ਅਖੀਰ ਕੁਝ ਦਿਨਾਂ ਦੀ ਭੱਜ-ਨੱਠ ਤੋਂ ਬਾਅਦ ਫੌਜ ਤੇ ਪੁਲਿਸ ਨੂੰ ਸਫ਼ਲਤਾ ਪ੍ਰਾਪਤ ਹੋਈ ਤੇ ਮਹੌਲ ਸ਼ਾਂਤ ਹੋਇਆ। ਸਿੱਖਾਂ ਲਈ ਕੇਸ ਸਭ ਤੋਂ ਪਵਿੱਤਰ ਹਨ ਤੇ ਗੁਰੂ ਸਾਹਿਬ ਦੀ ਨਿਸ਼ਾਨੀ ਹਨ। ਭਾਈ ਤਾਰੂ ਸਿੰਘ ਜੀ ਨੇ ਆਪਣਾ ਖੋਪਰ ਲਹਾਉਣਾ ਤਾਂ ਪ੍ਰਵਾਨ ਕਰ ਲਿਆ, ਪਰ ਗੁਰੂ ਸਾਹਿਬ ਵੱਲੋਂ ਬਖ਼ਸ਼ਿਸ਼ ਹੋਏ ਕੇਸਾਂ ਨੂੰ ਆਂਚ ਤਕ ਨਾ ਆਉਣ ਦਿੱਤੀ।

ਭੰਗਾਣੀ ਦੇ ਯੁੱਧ ਵਿਚ ਪੀਰ ਬੁੱਧੂ ਸ਼ਾਹ ਦੇ ਅਨੇਕਾਂ ਮੁਰੀਦ ਤੇ ਦੋ ਪੁੱਤਰ ਸ਼ਹੀਦ ਹੋ ਗਏ ਸਨ। ਜੰਗ ਦੀ ਸਮਾਪਤੀ ਉਪਰੰਤ ਜਦੋਂ ਪੀਰ ਜੀ ਨੇ ਘਰ ਜਾਣ ਲਈ ਆਗਿਆ

ਮੰਗੀ ਤਾਂ ਗੁਰੂ ਸਾਹਿਬ ਨੇ ਪੀਰ ਜੀ ਨਾਲ ਹਮਦਰਦੀ ਕਰਨ ਉਪਰੰਤ ਵਿਦਾ ਕੀਤਾ ਤੇ ਇੱਕ ਕਟਾਰ, ਇੱਕ ਪੋਸ਼ਾਕ, ਇੱਕ ਹੁਕਮਨਾਮਾ ਤੇ ਦਸਤਾਰ ਬਖ਼ਸ਼ਿਸ਼ ਕੀਤੀ। ਜਦੋਂ ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਕੁਝ ਮੰਗਣ ਲਈ ਕਿਹਾ ਤਾਂ ਪੀਰ ਜੀ ਆਪਣੇ ਹੱਥ ਜੋੜ ਕੇ ਬੇਨਤੀ ਕੀਤੀ ਕਿ, ਸੱਚੇ ਪਾਤਸ਼ਾਹ! ਮੈਨੂੰ ਆਪਣਾ ਕੰਘਾ ਜੋ ਤੁਸੀਂ ਹੁਣੇ ਕੇਸਾਂ ਵਿਚ ਫੇਰ ਕੇ ਹਟੇ ਹੋ ਤੇ ਜਿਸ ਵਿਚ ਆਪ ਦੇ ਕੇਸ ਅੜੇ ਹੋਏ ਹਨ, ਮੈਨੂੰ ਬਖ਼ਸ਼ਿਸ਼ ਕਰ ਦਿਓ। ਇਸ ਤੋਂ ਸਾਨੂੰ ਕੇਸਾਂ ਦੀ ਮਹਾਨਤਾ ਦਾ ਪਤਾ ਲੱਗਦਾ ਹੈ।

ਕੰਘਾ: ਕੇਸਾਂ ਵਿਚ ਸਾਂਭਿਆ ਹੋਇਆ ਕੰਘਾ ਸਾਨੂੰ ਹਰ ਵੇਲੇ ਚਿਤਾਵਨੀ ਦਿੰਦਾ ਹੈ ਕਿ ਸਿੱਖ ਕਦੇ ਢਿੱਲੜ ਨਹੀਂ ਹੋ ਸਕਦਾ। ਸਿੱਖ ਨੂੰ ਦੋ ਵੇਲੇ ਭਾਵ ਸਵੇਰੇ ਤੇ ਸ਼ਾਮ ਕੰਘਾ ਕਰਨ ਦੀ ਹਦਾਇਤ ਹੈ। ਭਾਈ ਨੰਦ ਲਾਲ ਸਿੰਘ ਜੀ ਲਿਖਦੇ ਹਨ :

*ਕੰਘਾ ਦੋਨੋ ਵਕਤ ਕਰ ਪਾਗ ਚੁਨਹਿ ਕਰ ਬਾਂਧਈ।*

ਕੰਘਾ ਰੱਖਣ ਦੇ ਮਨੋਰਥ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬਹੁਤ ਦੂਰ-ਅੰਦੇਸ਼ੀ ਇਹ ਸੀ ਕਿ ਕਿਤੇ ਸਿੱਖ ਕੇਸ ਰੱਖ ਕੇ ਜਟਾਧਾਰੀ ਨਾ ਹੋ ਜਾਵੇ। ਕੰਘਾ ਉਸ ਨੂੰ ਚਿਤਾਵਨੀ ਦਿੰਦਾ ਰਹੇ ਕਿ ਸਿੱਖ ਨੇ ਇਸ ਦੀ ਵਰਤੋਂ ਕੇਸਾਂ ਨੂੰ ਸਿਹਤਮੰਦ ਰੱਖਣ ਲਈ ਕਰਨੀ ਹੈ।

ਕੜਾ: ਸਾਡੀ ਬਾਂਹ ਵਿਚ ਪਾਇਆ ਹੋਇਆ ਕੜਾ ਸਾਨੂੰ ਇਹ ਯਾਦ ਦਿਵਾਉਂਦਾ ਹੈ ਕਿ ਅਜਿਹਾ ਕੜਾ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਵੀਣੀ ਦੇ ਦੁਆਲੇ ਸ਼ੋਭਦਾ ਸੀ। ਜੋ ਬਾਂਹ ਦੀਨ-ਦੁਖੀਆਂ ਦੀ ਰੱਖਿਆ ਲਈ ਉੱਪਰ ਉੱਠਦੀ ਸੀ ਅਤੇ ਜਿਸ ਬਾਂਹ ਦੇ ਅੰਦਰ ਦੁਸ਼ਟਾਂ ਨੂੰ ਜੜ੍ਹੋਂ ਉਖੇੜ ਸਕਣ ਦਾ ਨਿਰਭੈ ਬਲ ਸੀ। ਪ੍ਰੋਫ਼ੈਸਰ ਪੂਰਨ ਸਿੰਘ ਜੀ ਲਿਖਦੇ ਹਨ ਕਿ ਕੜਾ ਗੁਰੂ ਵੱਲੋਂ ਬਖ਼ਸ਼ਿਆ ਹੋਇਆ ਇੱਕ ਮਹਾਨ ਤੋਹਫ਼ਾ ਹੈ। ਇਹ ਯਾਦ ਦਿਵਾਉਂਦਾ ਹੈ ਗੁਰੂ-ਇਤਿਹਾਸ ਦੇ ਉਸ ਕਾਂਡ ਦੀ ਜਦੋਂ ਸਿੱਖ ਗੁਰਮਤਿ ਅਸੂਲਾਂ ਵਿਚ ਪ੍ਰਪੱਕ ਹੋ ਕੇ ਵਹਿਮਾਂ-ਭਰਮਾਂ ਦੇ ਸ਼ੰਕਿਆਂ ਤੋਂ ਉੱਪਰ ਉੱਠ ਚੁੱਕੇ ਸਨ। ਗੁਰੂ ਸਾਹਿਬ ਨੇ ੧੬੯੯ ਈ. ਦੀ ਵੈਸਾਖੀ ਵਾਲੇ ਦਿਨ ਅੰਮ੍ਰਿਤ ਛਕਾਉਣ ਸਮੇਂ ਕੜੇ ਨੂੰ ਪੰਜ ਕਕਾਰਾਂ ਵਿਚ ਸ਼ਾਮਲ ਕਰ ਦਿੱਤਾ। ਕੜਾ ਇਸ ਗੱਲ ਦਾ ਸੂਚਕ ਹੈ ਕਿ ਸਿੱਖ ਵਹਿਮਾਂ-ਭਰਮਾਂ ਤੇ ਕਰਮ-ਕਾਂਡਾਂ ਤੋਂ ਮੁਕਤ ਹੈ। ਜੇ ਅਸੀਂ ਕੜਾ ਪਾ ਕੇ ਵੀ ਉਸੇ ਹੱਥ ਨਾਲ ਬੇਈਮਾਨੀ ਕਰੀਏ, ਉਸ ਹੱਥ ਵਿਚ ਕਲਮ ਫੜ ਕੇ ਕਿਸੇ ਦਾ ਬੁਰਾ ਕਰੀਏ ਤਾਂ ਸਾਨੂੰ ਸਮਝ ਲੈਣਾ ਚਾਹੀਦਾ ਹੈ ਕਿ ਸਾਨੂੰ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਕੜੇ ਦੀ ਅਹਿਮੀਅਤ ਦੀ ਸਮਝ ਨਹੀਂ ਆਈ।

ਕਛਹਿਰਾ: ਲੱਕ ਦੁਆਲੇ ਪਹਿਨਿਆ ਹੋਇਆ ਕਛਹਿਰਾ ਜਿੱਥੇ ਨੰਗੇਜ਼ ਨੂੰ ਪੂਰੀ ਤਰ੍ਹਾਂ ਢਕਦਾ ਹੈ, ਉੱਥੇ ਇਸ ਗੱਲ ਦਾ ਵੀ ਪ੍ਰਤੀਕ ਹੈ ਕਿ ਸਿੱਖ ਨੇ ਆਪਣਾ ਆਚਰਨ ਉੱਚਾ ਦੇ ਸੁੱਚਾ ਰੱਖਣਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੇ ਸਿੱਖ ਨੂੰ ਆਪਣਾ ਕਿਰਦਾਰ ਉੱਚਾ ਰੱਖਣ ਦਾ ਉਪਦੇਸ਼ ਦਿੰਦੇ ਹੋਏ ਫੁਰਮਾਇਆ ਸੀ:

*ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ* *(ਪੰਨਾ ੪੭੨)*

ਭਾਈ ਗੁਰਦਾਸ ਜੀ ਵੀ ਆਪਣੀਆਂ ਵਾਰਾਂ ਵਿਚ ਸਿੱਖਾਂ ਨੂੰ ਆਪਣਾ ਆਚਰਨ ਆਦਰਸ਼ਕ ਬਣਾਉਣ ਦਾ ਉਪਦੇਸ਼ ਦਿੰਦੇ ਹੋਏ ਫੁਰਮਾਉਂਦੇ ਹਨ :

*ਦੇਖਿ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ॥* *(ਵਾਰ ੨੯:੧੧)*

ਸੰਸਾਰ ਦੇ ਬਹੁਤੇ ਸਾਰੇ ਅਵਤਾਰੀ ਪੁਰਸ਼ ਯੋਧੇ ਵੀ ਆਪਣੇ ਚਰਿੱਤਰ ਤੋਂ ਡਿੱਗ ਕੇ ਵਿਕਾਰੀ ਹੋ ਗਏ ਤੇ ਆਪਣਾ ਜੀਵਨ ਮਨੋਰਥ ਹੀ ਭੁੱਲ ਗਏ। ਕੁਝ ਗ੍ਰਿਹਸਥੀ ਜੀਵਨ ਤੋਂ ਭੱਜ ਗਏ ਤੇ ਉਨ੍ਹਾਂ ਨੇ ਲੰਗੋਟੇ ਪਹਿਨ ਕੇ ਜੰਗਲਾਂ ਵਿਚ ਡੇਰੇ ਲਾ ਲਏ ਤੇ ਦੂਜੇ ਉਹ ਸਨ ਜਿਹੜੇ ਧੋਤੀਆਂ ਪਹਿਨ ਕੇ ਧੋਤੀ ਵਾਂਗੂ ਹੀ ਢਿੱਲੇ ਤੇ ਬੇਤਰਤੀਬੇ ਜੀਵਨ ਵਾਲੇ ਹੋ ਗਏ, ਪਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਸਾਜਣ ਸਮੇਂ ਸਿੱਖ ਦੀ ਜ਼ਿੰਦਗੀ ਹੀ ਕੁਝ ਵੱਖਰੀ ਕਰ ਦਿੱਤੀ। ਨਾ ਤਾਂ ਸਿੱਖ ਗ੍ਰਿਹਸਥ ਜੀਵਨ ਤੋਂ ਭੱਜਿਆ ਤੇ ਨਾ ਹੀ ਵਿਕਾਰਾਂ ਵਿਚ ਫਸਿਆ।

ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਵਾਰ ਜੰਗ ਦੇ ਦੌਰਾਨ ਸਿੱਖਾਂ ਦੇ ਹੱਥ ਮੁਸਲਮਾਨੀ ਇਸਤਰੀ ਦਾ ਡੋਲਾ ਆ ਗਿਆ। ਮਨ ਵਿਚ ਵਿਚਾਰ ਆਇਆ ਕਿ ਇਸ ਨਾਲ ਓਹੀ ਸਲੂਕ ਕੀਤਾ ਜਾਵੇ ਜੋ ਮੁਸਲਮਾਨ, ਹਿੰਦੂ ਇਸਤਰੀਆਂ ਨਾਲ ਕਰਦੇ ਹਨ, ਪਰ ਇਹ ਵਿਚਾਰ ਆਉਂਦਿਆਂ ਹੀ ਗੁਰਬਾਣੀ ਦੇ ਅਸੂਲ ਚੇਤੇ ਆ ਗਏ ਅਤੇ ਸ਼ੰਕਾ ਨਵਿਰਤ ਕਰਨ ਲਈ ਗੁਰੂ ਸਾਹਿਬ ਕੋਲ ਪਹੁੰਚੇ। ਗੁਰੂ ਸਾਹਿਬ ਨੇ ਸਖ਼ਤ ਤਾੜਨਾ ਕਰਦੇ ਹੋਏ ਸਮਝਾਇਆ ਕਿ ਅਸੀਂ ਪੰਥ ਨੂੰ ਉੱਚਾ ਸਿਖਰ 'ਤੇ ਪਹੁੰਚਾਉਣਾ ਹੈ, ਕਿਸੇ ਡੂੰਘੀ ਖੱਡ ਵਿਚ ਨਹੀਂ ਡੇਗਣਾ। ਸਭ ਤੋਂ ਪਹਿਲਾਂ ਇਸ ਇਸਤਰੀ ਨੂੰ ਸਤਿਕਾਰ ਨਾਲ ਇਸ ਦੇ ਘਰ ਪਹੁੰਚਾ ਕੇ ਆਉ ਤੇ ਫਿਰ ਆ ਕੇ ਸ਼ੰਕਾ ਨਵਿਰਤ ਕਰੋ। ਇਸ ਸਾਰੀ ਵਾਰਤਾ ਨੂੰ ਕਵੀ ਸੰਤੋਖ ਸਿੰਘ ਨੇ 'ਸੂਰਜ ਪ੍ਰਕਾਸ਼ ਗ੍ਰੰਥ' ਵਿਚ ਇਸ ਤਰ੍ਹਾਂ ਬਿਆਨ ਕੀਤਾ ਹੈ:

*ਪੁੰਨ ਸਿੰਘਨ ਬੂਝੇ ਗੁਨਖਾਨੀ। ਸਗਲ ਤੁਰਕ ਭੁਗਵਹਿਂ ਹਿੰਦਵਾਨੀ।*
*ਸਿੱਖ ਬਦਲਾ ਲੈ ਭਲਾ ਜਨਾਵੈ। ਗੁਰੂ ਸ਼ਾਸਤਰ ਕਿਉ ਵਰਜ ਹਟਾਵੈ।*
*ਸੁਣਿ ਸਤਿਗੁਰੂ ਬੋਲੇ ਤਿਸ ਬੇਰੇ। ਹਮ ਲੈ ਜਾਣਹੁ ਪੰਥ ਉਚੇਰੇ।*
*ਨਹ ਅਧੋਗਤ ਬਿਖਹਿ ਪਹੁੰਚਾਵਂਹਿ। ਤਾ ਤੇ ਕਲਮਲ ਕਰਮ ਹਟਾਵੈਂ।*

ਇਸੇ ਹੁਕਮ ਸਦਕਾ ਹੀ ਆਉਣ ਵਾਲੇ ਸਮਿਆਂ ਵਿਚ ਸਿੱਖਾਂ ਨੇ ਆਪਣੇ ਆਚਰਨ ਨੂੰ ਸਿਖਰਾਂ 'ਤੇ ਛੂਹਿਆ। ਕੱਟੜ ਤੇ ਜਨੂੰਨੀ ਮੁਸਲਮਾਨ ਇਤਿਹਾਸਕਾਰ ਕਾਜ਼ੀ ਨੂਰ ਮੁਹੰਮਦ ਜੋ ਸਿੱਖਾਂ ਦਾ ਵੈਰੀ ਸੀ, ਜੰਗ ਦੇ ਮੈਦਾਨ ਵਿਚ ਵੀ ਸਿੱਖਾਂ ਦਾ ਉੱਚਾ ਤੇ ਸੁੱਚਾ ਜੀਵਨ ਵੇਖ ਕੇ ਲਿਖਣ ਲਈ ਮਜਬੂਰ ਹੋ ਗਿਆ। ਉਹ ਲਿਖਦਾ ਹੈ:-

"ਇਹ ਕਿਸੇ ਭੱਜੇ ਜਾਂਦੇ ਉੱਤੇ ਵਾਰ ਨਹੀਂ ਕਰਦੇ। ਇਸਤਰੀ ਭਾਵੇਂ ਕਿਸੇ ਉਮਰ ਦੀ ਹੋਵੇ ਉਸ ਨੂੰ ਬੁਢੀਆ ਕਹਿ ਕੇ ਬੁਲਾਉਂਦੇ ਹਨ। ਇਸਤਰੀ ਦੇ ਗਹਿਣੇ ਗੱਟੇ ਨੂੰ ਹੱਥ ਤਕ ਨਹੀਂ ਲਾਉਂਦੇ। ਅਸਲ ਵਿਚ ਇਹ ਸ਼ੇਰ ਹਨ।"

ਇਹ ਕਛਹਿਰਾ ਜਿੱਥੇ ਸਾਡੀ ਸਰੀਰਕ ਲੋੜ ਨੂੰ ਪੂਰੀ ਕਰਦਾ ਹੈ, ਉੱਥੇ ਹਰ ਵੇਲੇ

ਆਪਣਾ ਚਰਿੱਤਰ ਉੱਚਾ ਰੱਖਣ ਦੀ ਯਾਦ ਵੀ ਦਿਵਾਉਂਦਾ ਹੈ।

ਕਿਰਪਾਨ: ਕਿਰਪਾਨ ਮਨੁੱਖ ਦੀ ਗ਼ੈਰਤ ਅਤੇ ਸੂਰਬੀਰਤਾ ਦੀ ਪ੍ਰਤੀਕ ਹੈ। ਮਨੁੱਖ ਦੇ ਅੰਦਰੋਂ ਕਿਤੇ ਸੂਰਬੀਰਤਾ ਜਾਂ ਗ਼ੈਰਤ ਮਿਟ ਨਾ ਜਾਵੇ, ਇਸ ਲਈ ਕਿਰਪਾਨ ਨੂੰ ਹਰ ਵੇਲੇ ਧਾਰਨ ਕਰਨ ਦਾ ਉਪਦੇਸ਼ ਗੁਰੂ ਸਾਹਿਬ ਨੇ ਸਾਨੂੰ ਦਿੱਤਾ ਹੈ। ਇਹ ਗੁਰੂ ਦੀ ਬਖ਼ਸ਼ੀ ਹੋਈ ਪਿਆਰ ਭਰੀ ਸੌਗਾਤ ਹੈ। ਜਿਸ ਮਨੁੱਖ ਦਾ ਗੁਰੂ ਦੀ ਬਖ਼ਸ਼ੀ ਹੋਈ ਕਿਰਪਾਨ ਨਾਲ ਪਿਆਰ ਨਹੀਂ, ਉਸ ਦਾ ਗੁਰੂ ਨਾਲ ਪਿਆਰ ਕਿਵੇਂ ਹੋਵੇਗਾ? ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਇਹ ਉਹ ਕਿਰਪਾਨ ਹੈ ਜੋ ਮੇਰੇ ਕਲਗੀਧਰ ਪਾਤਸ਼ਾਹ ਨੇ ਸਾਹਿਬਜ਼ਾਦਿਆਂ ਨੂੰ ਪਹਿਨਾਉਂਦਿਆਂ ਹੋਇਆਂ ਇਹ ਕਿਹਾ ਸੀ ਕਿ, ਬੇਟਾ! ਇਹ ਦੁਸ਼ਟ-ਦਮਨੀ ਹੈ। ਧਰਮ ਦੇ ਦੋਖੀਆਂ ਦੇ ਸੰਘਾਰ ਦੀ ਸੂਚਕ ਹੈ। ਇਸ ਨੂੰ ਪੂਰੇ ਬਲ ਨਾਲ ਵਾਹੋ ਅਤੇ ਨਿਸ਼ਚੇ ਨਾਲ ਹੀ ਅਧਰਮ ਦਾ ਨਾਸ਼ ਹੋਵੇਗਾ ਅਤੇ ਧਰਮੀਆਂ ਦੀ ਜੈ-ਜੈ-ਕਾਰ ਹੋਵੇਗੀ। ਗਾਤਰੇ ਵਿਚ ਪਾਈ ਹੋਈ ਕਿਰਪਾਨ ਉਸ ਕ੍ਰਾਂਤੀ ਦੀ ਯਾਦਗਾਰ ਹੈ ਜੋ ਕਲਗੀਧਰ ਪਾਤਸ਼ਾਹ ਨੇ ੭੦੦ ਸਾਲ ਦੇ ਮੁਰਦਾ ਹੋ ਚੁੱਕੇ ਭਾਰਤ ਅੰਦਰ ਲਿਆਂਦੀ ਸੀ। ਦੁਨੀਆ ਦੇ ਲੋਕਾਂ ਨੇ ਅਨੇਕਾਂ ਕ੍ਰਾਂਤੀਆਂ ਦੇਖੀਆਂ ਹਨ ਜੋ ਦੇਸ਼ਵਾਸੀਆਂ ਦੀਆਂ ਲੋੜਾਂ ਤੇ ਹਾਲਾਤਾਂ ਅਨੁਸਾਰ ਵੱਖ-ਵੱਖ ਰੂਪ ਲੈਂਦੀਆਂ ਰਹੀਆਂ ਹਨ। ਭਾਵੇਂ ਉਹ ਫਰਾਂਸ ਦੀ ਰਾਜਨੀਤਿਕ ਕ੍ਰਾਂਤੀ ਸੀ ਜਾਂ ਰੂਸ ਦੀ ਆਰਥਿਕ ਤੇ ਸਮਾਜਿਕ ਕ੍ਰਾਂਤੀ ਸੀ। ਹਰ ਕ੍ਰਾਂਤੀ ਦੀ ਆਪਣੀ ਆਪਣੀ ਵਿਚਾਰਧਾਰਾ ਤੇ ਰੂਪ-ਰੇਖਾ ਹੁੰਦੀ ਹੈ।

ਜੋ ਕ੍ਰਾਂਤੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸੰਸਾਰ ਅੰਦਰ ਲਿਆਂਦੀ ਸੀ, ਉਹ ਸੀ ਮਨੁੱਖਾ ਜੀਵਨ ਦੀ ਕ੍ਰਾਂਤੀ। ਆਪ ਨੇ ਸੰਸਾਰ ਨੂੰ ਐਸੀ ਜੀਵਨ-ਜਾਚ ਦਿੱਤੀ ਜੋ ਸੁਮੇਲ ਸੀ— ਨਵਿਰਤੀ ਅਤੇ ਪਰਵਿਰਤੀ ਦਾ, ਤਿਆਗ ਅਤੇ ਗ੍ਰਹਿਣ ਦਾ, ਰਾਜ ਅਤੇ ਜੋਗ ਦਾ, ਧਰਮ ਅਤੇ ਸੂਰਮਗਤੀ ਦਾ, ਅਹਿੰਸਕ ਅਤੇ ਦੁਸ਼ਟਦਮਨ ਹੋਣ ਦਾ। ਅਜਿਹੀ ਕ੍ਰਾਂਤੀ ਦਾ ਚਿੱਤਰ ਖਿੱਚਦੇ ਹੋਏ ਦਸਮੇਸ਼ ਪਿਤਾ ਨੇ ਫੁਰਮਾਇਆ ਸੀ ਕਿ ਇਸ ਕ੍ਰਾਂਤੀ ਨੂੰ ਕਬੂਲਣ ਵਾਲਾ ਸਿਪਾਹੀ ਜੰਗ ਦੇ ਮੈਦਾਨ ਵਿਚ ਤਲਵਾਰ ਵਾਹੁੰਦਾ ਹੋਇਆ ਵੀ ਵਾਹਿਗੁਰੂ ਦੇ ਭੈਅ ਵਿਚ ਰਹੇਗਾ। ਉਹ ਦੁਨੀਆ ਦੇ ਅੰਦਰ ਜਸ ਖੱਟਦਾ ਹੋਇਆ ਵੀ ਸਰੀਰ ਨੂੰ ਨਾਸ਼ਵਾਨ ਸਮਝ ਕੇ ਸੰਸਾਰਕ ਮਾਨ-ਅਪਮਾਨ ਤੋਂ ਉਤਾਂਹ ਰਹੇਗਾ। ਧੀਰਜ ਤੇ ਬਿਬੇਕ-ਬੁੱਧੀ ਵਾਲੇ ਗਿਆਨ ਦੁਆਰਾ ਉਹ ਆਪਣੀਆਂ ਅੰਦਰਲੀਆਂ ਕਮਜ਼ੋਰੀਆਂ ਤੋਂ ਬਚਿਆ ਰਹੇਗਾ।

ਇਕ ਵਾਰ ਜਦੋਂ ਬਾਦਸ਼ਾਹ ਬਹਾਦਰ ਸ਼ਾਹ ਦੇ ਇਕ ਦਰਬਾਰੀ ਨੇ ਗੁਰੂ ਸਾਹਿਬ ਨੂੰ ਬਾਰ-ਬਾਰ ਕਰਾਮਾਤ ਦਿਖਾਉਣ ਲਈ ਕਿਹਾ ਤਾਂ ਆਪ ਨੇ ਮਿਆਨ ਵਿੱਚੋਂ ਕਿਰਪਾਨ ਕੱਢ ਕੇ ਉੱਤਰ ਦਿੱਤਾ ਸੀ ਕਿ ਸਭ ਤੋਂ ਵੱਡੀ ਕਰਾਮਾਤ ਇਹ ਕਿਰਪਾਨ ਹੀ ਹੈ ਜੋ ਦੇਸ਼ਾਂ ਅਤੇ ਕੌਮਾਂ ਦੀਆਂ ਕਿਸਮਤਾਂ ਪਲਟ ਕੇ ਰੱਖ ਦਿੰਦੀ ਹੈ। ਕਿਰਪਾਨਧਾਰੀ ਹੋਣਾ ਸੁਤੰਤਰਤਾ ਦਾ ਚਿੰਨ੍ਹ ਹੈ। ਇਹ ਸਿੱਖ ਦੇ ਸੁਤੰਤਰ ਜੀਵਨ ਦੀ ਪ੍ਰਤੀਕ ਹੈ। ਇਹ ਸਿੱਖ ਨੂੰ ਹਮੇਸ਼ਾਂ ਉਸ ਗੁਰੂ ਦੀ ਯਾਦ ਦਿਵਾਉਂਦੀ ਹੈ ਜਿਸ ਨੇ ਅਕਾਲ ਪੁਰਖ ਤੋਂ ਛੁੱਟ ਹੋਰ ਕਿਸੇ ਦੀ ਕਦੇ ਈਨ ਨਹੀਂ

ਮੰਨੀ। ਸਿੱਖ ਦੀ ਕਿਰਪਾਨ ਇਸ ਗੱਲ ਦੀ ਨਿਸ਼ਾਨੀ ਹੈ ਕਿ ਉਹ ਗ਼ੁਲਾਮੀ ਵਾਲਾ ਜੀਵਨ ਕਬੂਲ ਨਹੀਂ ਕਰਦਾ।

ਜਦੋਂ ਦਸਮੇਸ਼ ਪਿਤਾ ਨੇ ਖਾਲਸੇ ਨੂੰ ਅੰਮ੍ਰਿਤ ਛਕਾਇਆ ਸੀ ਤਾਂ ਉਸ ਸਮੇਂ ਸ਼ਸਤਰ ਧਾਰਨ ਕਰਨ ਦੇ ਹੁਕਮ ਨੂੰ ਬਿਆਨ ਕਰਦੇ ਹੋਏ ਕਵੀ ਸੰਤੋਖ ਸਿੰਘ ਜੀ ਲਿਖਦੇ ਹਨ:

*ਜਬ ਹਮਰੇ ਦਰਸ਼ਨ ਕੋ ਆਵੋ ਬਣ ਸੁਚੇਤ ਹੁਇ ਸ਼ਸਤਰ ਸਜਾਵੋ।*
*ਕਮਰਕੱਸਾ ਕਰ ਦਿਓ ਦਿਖਾਈ ਹਮਰੀ ਖੁਸ਼ੀ ਹੋਇ ਅਧਿਕਾਈ।*

ਸੰਨ ੧੬੯੯ ਤੋਂ ਲੈ ਕੇ ਸਿੱਖ ਰਾਜ ਦੇ ਅੰਤ ਭਾਵ ੧੮੪੯ ਤਕ ਸਿੱਖਾਂ ਨੇ ਕਦੇ ਵੀ ਕਿਰਪਾਨ ਨੂੰ ਹੱਥੋਂ ਨਹੀਂ ਛੱਡਿਆ।

ਅੰਗਰੇਜ਼ ਸਰਕਾਰ ਦਾ ਦਬਦਬਾ ਹੋਇਆ ਉਨ੍ਹਾਂ ਨੇ ਦੇਸ਼ ਅੰਦਰ ਆਰਮਜ਼ ਐਕਟ ਲਾਗੂ ਕਰ ਦਿੱਤਾ, ਜਿਸ ਤਹਿਤ ਸਿੱਖਾਂ ਨੂੰ ਕਿਰਪਾਨ ਪਹਿਨਣ 'ਤੇ ਰੋਕ ਲੱਗ ਗਈ। ਪਰੰਤੂ ਕਿਰਪਾਨ ਜੋ ਸਿੱਖਾਂ ਦੇ ਅਜ਼ਾਦ ਜੀਵਨ ਦੀ ਪ੍ਰਤੀਕ ਸੀ ਅਤੇ ਗ਼ੁਲਾਮੀ ਦੀਆਂ ਜ਼ੰਜੀਰਾਂ ਨੂੰ ਕੱਟਣ ਵਾਲੀ ਕਲਗੀਧਰ ਪਾਤਸ਼ਾਹ ਦੀ ਪਿਆਰੀ ਬਖ਼ਸ਼ਿਸ਼ ਸੀ ਉਸ ਕਿਰਪਾਨ ਨੂੰ ਸਿੱਖ ਕਿਵੇਂ ਭੁੱਲ ਸਕਦੇ ਸਨ। ਸਿੱਖਾਂ ਨੇ ਅਕਾਲੀ ਲਹਿਰ ਸਮੇਂ ਕਿਰਪਾਨ ਦੀ ਅਜ਼ਾਦੀ ਹਿੱਤ ਮੋਰਚਾ ਲਾ ਦਿਤਾ। ਅਖੀਰ ਮਜਬੂਰ ਹੋ ਕੇ ਬ੍ਰਿਟਿਸ਼ ਸਰਕਾਰ ਨੇ ਸਿੱਖਾਂ ਲਈ ਕਿਰਪਾਨ ਪਹਿਨਣ ਦੀ ਖੁੱਲ੍ਹ ਦੇ ਦਿੱਤੀ। ਇਹ ਹੈ ਕਿਰਪਾਨ ਦਾ ਮਹੱਤਵਪੂਰਨ ਤੇ ਸ਼ਾਨਾਂਮੱਤਾ ਇਤਿਹਾਸ। ਜੇਕਰ ਸਾਨੂੰ ਇਸ ਦੀ ਮਹੱਤਤਾ ਦਾ ਅਹਿਸਾਸ ਹੋ ਜਾਵੇ ਫਿਰ ਅਸੀਂ ਇਸ ਨੂੰ ਪਹਿਨਣ ਤੋਂ ਕਿਵੇਂ ਇਨਕਾਰੀ ਹੋ ਸਕਦੇ ਹਾਂ?

ਗੁਰੂ ਸਾਹਿਬ ਵੱਲੋਂ ਬਖ਼ਸ਼ੇ ਹੋਏ ਇਨ੍ਹਾਂ ਕਕਾਰਾਂ ਵਿਚ ਬਹੁਤ ਰਹੱਸ ਲੁਕਿਆ ਹੋਇਆ ਹੈ। ਇਨ੍ਹਾਂ ਕਕਾਰਾਂ ਦੇ ਪਿਆਰ ਨੂੰ ਕੋਈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪਿਆਰਾ ਹੀ ਪ੍ਰਾਪਤ ਕਰ ਸਕਦਾ ਹੈ। ਸਿੱਖਾਂ ਨੂੰ ਕਲਗੀਧਰ ਪਿਤਾ ਨੇ ਪੰਜ ਕਕਾਰਾਂ ਦੀ ਸੋਹਣੀ ਵਰਦੀ ਦੇ ਕੇ ਕਿਸੇ ਅਦੁੱਤੀ ਸ਼ਿੰਗਾਰ ਵੱਲ ਬੰਨ੍ਹ ਦਿੱਤਾ ਹੈ:

*ਕੱਛ*, ਕੇਸ, ਕੰਘਾ, ਕਿਰਪਾਨ, ਕੜਾ ਔਰ ਜੋ ਕਰੋ ਬਖਾਨ।*
*ਇਹ ਕੱਕੇ ਪੰਜ ਤੁਮ ਜਾਣੋ। ਗੁਰੂ ਗ੍ਰੰਥ ਕੋ ਤੁਮ ਸਭ ਮਾਨੋਂ।*

ਮਾਸਟਰ ਤਾਰਾ ਸਿੰਘ ਜੀ ਲਿਖਦੇ ਹਨ ਕਿ ਮੈਨੂੰ ਇਨ੍ਹਾਂ ਕਕਾਰਾਂ ਵਿੱਚੋਂ ਗੁਰੂ ਦੇ ਦਰਸ਼ਨ ਹੁੰਦੇ ਹਨ।

ਸਿੱਖ ਕੌਮ ਨੂੰ ਇਹ ਗੱਲ ਵੀ ਚੰਗੀ ਤਰ੍ਹਾਂ ਯਾਦ ਰੱਖਣੀ ਚਾਹੀਦੀ ਹੈ ਕਿ ਬੜੇ-ਬੜੇ ਬਿਖੜੇ ਤੇ ਭਿਆਨਕ ਸਮਿਆਂ ਵਿੱਚ ਵੀ ਸਾਨੂੰ ਸਹੀ-ਸਲਾਮਤ ਰੱਖਣ ਵਾਲੇ ਕਾਰਨਾਂ ਵਿਚ ਇੱਕ ਵੱਡਾ ਕਾਰਨ ਸਾਡੇ ਕਕਾਰ ਵੀ ਸਨ। ਜਿੱਥੇ ਗੁਰੂ ਕੀ ਬਾਣੀ ਨੇ ਸਿੱਖਾਂ ਨੂੰ ਹਰ ਮੁਸ਼ਕਲ ਸਮੇਂ ਯੋਗ ਅਗਵਾਈ ਦੇਣੀ ਹੈ, ਉੱਥੇ ਕੌਮ ਨੂੰ ਇਕੱਠਿਆਂ ਰੱਖਣ ਵਿਚ ਇਨ੍ਹਾਂ ਕਕਾਰਾਂ ਦਾ ਹੀ ਵੱਡਾ ਯੋਗਦਾਨ ਹੈ।

*ਕਛਹਿਰਾ

# ਸਿੱਖ ਗੌਰਵਤਾ ਦੀ ਪ੍ਰਤੀਕ: ਦਸਤਾਰ

*-ਸ. ਸਤਬੀਰ ਸਿੰਘ**

ਇਤਿਹਾਸਿਕ ਤੌਰ 'ਤੇ ਦਸਤਾਰ ਦਾ ਅਤੀਤ ਬਹੁਤ ਹੀ ਗੌਰਵਸ਼ਾਲੀ ਰਿਹਾ ਹੈ। ਇਹ ਸਮਾਜ ਅੰਦਰ ਵਡੱਪਣ ਦਾ ਪ੍ਰਤੀਕ ਰਹੀ ਹੈ, ਸਮਾਜਿਕ ਤੇ ਸੱਭਿਆਚਾਰਕ ਪੱਖ ਤੋਂ ਅਦਬ-ਸਤਿਕਾਰ ਦਾ ਪ੍ਰਤੀਕ ਰਹੀ ਹੈ। ਨੰਗੇ ਸਿਰ ਫਿਰਨਾ-ਤੁਰਨਾ ਸਮਾਜ ਵਿਚ ਠੀਕ ਨਹੀਂ ਸਮਝਿਆ ਜਾਂਦਾ ਸੀ। ਸੰਸਾਰ ਭਰ ਵਿਚ ਹਮੇਸ਼ਾ ਹੀ ਦਸਤਾਰ ਦਾ ਸਤਿਕਾਰ ਰਿਹਾ ਹੈ। ਦਸਤਾਰ ਜਿੱਥੇ ਸਿਰ ਦਾ ਸ਼ਿੰਗਾਰ ਬਣ ਕੇ ਵੱਡੇਪਣ ਦੀ ਨਿਸ਼ਾਨੀ ਬਣੀ, ਉੱਥੇ ਹੀ ਉੱਚਤਾ-ਸੁੱਚਤਾ, ਇਨਸਾਫ਼-ਪਸੰਦਗੀ ਤੇ ਚੰਗਿਆਈ ਆਦਿ ਦੀ ਪ੍ਰਤੀਕ ਬਣੀ। ਮਨੁੱਖ ਦੀ ਪਹਿਚਾਣ ਦਸਤਾਰ ਤੋਂ ਕੀਤੀ ਜਾ ਸਕਦੀ ਹੈ। ਬਾਦਸ਼ਾਹਾਂ ਦੀ ਪੱਗ ਦਾ ਢੰਗ, ਧਾਰਮਿਕ ਵਿਅਕਤੀਆਂ ਦੀ ਪੱਗ ਬੰਨ੍ਹਣ ਦੇ ਢੰਗ ਹੋਰ ਤਰ੍ਹਾਂ ਦੇ ਹਨ। ਸਿੱਖ ਦੇ ਦਸਤਾਰ ਸਜਾਉਣ ਦੇ ਕਈ ਤਰੀਕੇ ਹਨ। ਸਿੱਖ ਦੇ ਦਸਤਾਰ ਸਜਾਉਣ ਤੋਂ ਉਹ ਕਿਸ ਇਲਾਕੇ ਦਾ ਰਹਿਣ ਵਾਲਾ ਹੈ, ਦਾ ਪਤਾ ਚੱਲ ਜਾਂਦਾ ਹੈ। ਸਧਾਰਨ ਸਿੱਖ, ਫੌਜੀ ਸਿੱਖ, ਨਿਹੰਗ ਸਿੰਘ ਆਦਿ ਦੇ ਦਸਤਾਰ ਸਜਾਉਣ ਦੇ ਵੱਖ-ਵੱਖ ਅੰਦਾਜ਼ ਹਨ। ਕੇਸਾਂ ਦੀ ਸੁਰੱਖਿਆ ਲਈ ਦਸਤਾਰ ਦਾ ਹੋਣਾ ਬਹੁਤ ਜ਼ਰੂਰੀ ਹੈ। ਪੁਰਾਤਨ ਸਿੱਖ ਦੋਹਰੀ ਦਸਤਾਰ ਸਜਾਉਂਦੇ ਸਨ ਤਾਂ ਜੋ ਕੇਸਾਂ ਦਾ ਸਤਿਕਾਰ ਬਰਕਰਾਰ ਰਹੇ। ਸਿੱਖਾਂ ਦੀ ਦਸਤਾਰ ਨਾਲ ਸਾਂਝ ਧਰਮ ਜਿੰਨੀ ਹੀ ਪੁਰਾਣੀ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਸਮੇਂ ਤੋਂ ਹੀ ਦਸਤਾਰ ਸਿੱਖ ਦੀ ਪਛਾਣ ਦਾ ਅਹਿਮ ਅੰਗ ਬਣ ਗਈ ਸੀ ਉਨ੍ਹਾਂ ਤੋਂ ਬਾਅਦ ਗੁਰੂ ਸਾਹਿਬਾਨ ਨੇ ਵੀ ਸਿੱਖਾਂ ਵਿਚ ਦਸਤਾਰ ਸਜਾਉਣ ਦੀ ਮਰਯਾਦਾ ਨੂੰ ਦ੍ਰਿੜ੍ਹ ਕੀਤਾ। ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਦੇ ਸਮੇਂ ਦਸਤਾਰ ਦਾ ਮਹੱਤਵ, ਮਾਣ-ਵਡਿਆਈ ਹੋਰ ਵੀ ਬੁਲੰਦ ਹੋਈ। ਛੇਵੇਂ ਪਾਤਸ਼ਾਹ ਜੀ ਦੇ ਦਰਬਾਰੀ ਢਾਡੀ ਭਾਈ ਨੱਥਾ ਜੀ ਅਤੇ ਭਾਈ ਅਬਦੁੱਲਾ ਜੀ ਨੇ ਆਪਣੀ ਇਕ 'ਵਾਰ' ਵਿਚ ਸਮਕਾਲੀ ਦੁਨਿਆਵੀ ਬਾਦਸ਼ਾਹ ਜਹਾਂਗੀਰ ਦੇ ਮੁਕਾਬਲੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਵੱਲੋਂ ਸਜਾਈ ਸੁੰਦਰ ਦਸਤਾਰ ਨੂੰ "ਪੱਗ ਤੇਰੀ, ਕੀ ਜਹਾਂਗੀਰ ਦੀ?" ਕਹਿ ਕੇ ਵਡਿਆਇਆ। ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵੱਲੋਂ ੧੬੯੯ ਦੀ ਵੈਸਾਖੀ 'ਤੇ ਖ਼ਾਲਸਾ ਪ੍ਰਗਟ ਕਰਨ ਸਮੇਂ ਕੇਸ ਅਤੇ ਦਸਤਾਰ ਸਿੱਖ ਜੀਵਨ-ਜਾਚ ਦਾ ਹਿੱਸਾ ਬਣ ਗਏ। ਹਰ ਸਮੇਂ ਸਿੱਖਾਂ ਨੇ ਆਪਣੀ ਸ਼ਾਨ ਦੀ ਪ੍ਰਤੀਕ ਦਸਤਾਰ ਨੂੰ ਉੱਚੀ ਤੇ ਸੁੱਚੀ ਰੱਖਿਆ। ਅੱਜ ਸਿੱਖਾਂ ਨੂੰ ਦਸਤਾਰ ਦੀ ਸ਼ਾਨ ਬਰਕਰਾਰ

*ਸਾਬਕਾ ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ। ਮੋ:+੯੧੯੯੧੪੩-੫੬੧੩੩

ਰੱਖਣ ਲਈ ਅੰਤਰ-ਰਾਸ਼ਟਰੀ ਪੱਧਰ 'ਤੇ ਸੰਘਰਸ਼ ਕਰਨਾ ਪੈ ਰਿਹਾ ਹੈ। ਕਈ ਬਾਹਰਲੇ ਦੇਸ਼ਾਂ ਵਿਚ ਸਕੂਲੀ ਵਿਦਿਆਰਥੀਆਂ ਤੋਂ ਲੈ ਕੇ ਕੰਮ ਕਰਨ ਵਾਲਿਆਂ ਨੂੰ ਦਸਤਾਰ ਸਜਾਉਣ ਲਈ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸਿੱਖ ਭਾਵੇਂ ਮੌਤ ਦੇ ਮੂੰਹ ਵਿਚ ਕਿਉਂ ਨਾ ਖੜਾ ਹੋਵੇ। ਉਹ ਦਸਤਾਰ ਨੂੰ ਆਪਣੇ ਨਾਲੋਂ ਵੱਖ ਨਹੀਂ ਕਰ ਸਕਦਾ। ਮੌਜੂਦਾ ਸਮੇਂ ਵਿਚ ਕੁਝ ਸਾਡੇ ਨੌਜਵਾਨ ਵੀਰਾਂ ਵੱਲੋਂ ਦਸਤਾਰ ਦੇ ਮਹੱਤਵ ਨੂੰ ਅਣਗੌਲਿਆਂ ਕੀਤਾ ਜਾ ਰਿਹਾ ਹੈ। ਆਪਣੀ ਅਮੀਰ ਵਿਰਾਸਤ ਨੂੰ ਛੱਡ ਕੇ ਦੂਸਰਿਆਂ ਦੀ ਨਕਲ ਕਰ ਕੇ ਦਸਤਾਰ ਦੀ ਥਾਂ ਟੋਪੀ ਪਾ ਕੇ ਫ਼ਖ਼ਰ ਮਹਿਸੂਸ ਕੀਤਾ ਜਾ ਰਿਹਾ ਹੈ ਜੋ ਕਿ ਸਾਡੀ ਗ਼ੁਲਾਮ ਮਾਨਸਿਕਤਾ ਦੀ ਨਿਸ਼ਾਨੀ ਹੈ।

ਦਸਤਾਰ ਸੱਭਿਆਚਾਰ ਦੀ ਬਹੁਤ ਵੱਡੀ ਨਿਸ਼ਾਨੀ ਹੈ। ਜਦੋਂ ਕੋਈ ਮੌਤ ਹੋ ਜਾਵੇ ਤਾਂ ਚਿੱਟੀ ਦਸਤਾਰ ਚਲਾਣਾ ਕਰਨ ਵਾਲੇ ਦੇ ਵਾਰਸ ਦੇ ਸਿਰ 'ਤੇ ਬੰਨ੍ਹੀ ਜਾਂਦੀ ਹੈ। ਇਸ ਤਰ੍ਹਾਂ ਉਸ ਨੂੰ ਘਰ ਦਾ ਮੁਖੀ ਬਣਾਇਆ ਜਾਂਦਾ ਹੈ। ਜੇਕਰ ਕਿਸੇ ਝਗੜੇ ਵਿਚ ਕਿਸੇ ਦੀ ਦਸਤਾਰ ਉਤਰ ਜਾਵੇ ਤਾਂ ਉਸ ਦੀ ਬੇਇੱਜ਼ਤੀ ਸਮਝਿਆ ਜਾਂਦਾ ਹੈ। ਇਕ ਪਿਤਾ ਆਪਣੇ ਧੀ-ਪੁੱਤਰ ਨੂੰ ਵੀ ਕਹਿੰਦਾ ਹੈ ਕਿ ਮੇਰੀ ਪੱਗ ਦੀ ਲਾਜ ਰੱਖਣੀ। ਜਦੋਂ ਕਿਸੇ ਨੂੰ ਮਿੱਤਰ ਬਣਾਉਣਾ ਹੋਵੇ ਤਾਂ ਉਸ ਨਾਲ ਪੱਗ ਵਟਾਉਣ ਦੀ ਰਸਮ ਵੀ ਕੀਤੀ ਜਾਂਦੀ ਹੈ।

ਮੌਜੂਦਾ ਸਮੇਂ ਕਈ ਸਭਾ-ਸੁਸਾਇਟੀਆਂ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦਸਤਾਰ ਦੀ ਮਹੱਤਤਾ ਅਤੇ ਸ਼ਾਨ ਨੂੰ ਨੌਜਵਾਨ ਪੀੜ੍ਹੀ ਤੀਕ ਪਹੁੰਚਾਣ ਲਈ ਦਸਤਾਰ-ਬੰਦੀ ਮੁਕਾਬਲੇ ਕਰਵਾ ਰਹੀਆਂ ਹਨ। ਸੋਹਣੀ ਦਸਤਾਰ ਸਜਾਉਣੀ ਸਿੱਖਣ ਲਈ ਬਹੁਤ ਸਾਰੇ ਟਰੇਨਿੰਗ ਸੈਂਟਰ ਖੁੱਲੇ ਹਨ।

ਸਿੱਖ ਪੰਥ ਦੀ ਮਹਾਨ ਸੰਸਥਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਵੀ ਬਹੁਤ ਵੱਡੇ ਪੱਧਰ 'ਤੇ ਸਕੂਲੀ ਬੱਚਿਆਂ ਦੇ ਸੁੰਦਰ ਦਸਤਾਰ ਮੁਕਾਬਲੇ ਕਰਵਾ ਕੇ ਉਨ੍ਹਾਂ ਨੂੰ ਆਕਰਸ਼ਕ ਇਨਾਮ ਤੇ ਦਸਤਾਰ ਸਬੰਧੀ ਸ਼ੌਕ ਅਤੇ ਜਾਗਰਤੀ ਪੈਦਾ ਕਰਨ ਦਾ ਹੰਭਲਾ ਮਾਰਿਆ ਗਿਆ ਹੈ। ਜਿਸ ਵਿਚ ਬਹੁਤ ਵੱਡੀ ਸਫ਼ਲਤਾ ਹਾਸਲ ਹੋਈ ਹੈ।

ਆਪਣੀ ਦਸਤਾਰ ਕਾਰਨ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਵੱਖਰਾ ਨਜ਼ਰ ਆਉਂਦਾ ਹੈ। ਇਸ ਕਾਰਨ ਸਿੱਖਾਂ ਨੂੰ ਬਹੁਤ ਹੀ ਮਾਣ-ਸਤਿਕਾਰ ਹਾਸਲ ਹੋਇਆ ਹੈ। ਦਸਤਾਰ ਨਾਲ ਜੁੜੀ ਸਾਡੀ ਮਹਾਨ ਵਿਰਾਸਤ ਸਾਡਾ ਗੌਰਵ ਹੈ। ਅੱਜ ਦਾ ਨੌਜਵਾਨ ਦਸਤਾਰ ਦੇ ਸੁਨਿਹਰੀ ਇਤਿਹਾਸ ਤੋਂ ਸੇਧ ਲੈ ਕੇ ਦਸਤਾਰਧਾਰੀ ਹੋਣ ਵਿਚ ਮਾਣ ਮਹਿਸੂਸ ਕਰੇ।

■

*ਮਾਰਚ ੨੦੧੯ ਦਾ ਬਾਕੀ . . .*

# ਨੇੜਿਓਂ ਵੇਖਿਆ : ਸਿਰਦਾਰ ਕਪੂਰ ਸਿੰਘ

*-ਸ. ਜੈਤੇਗ ਸਿੰਘ ਅਨੰਤ**

ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਸਿਰਦਾਰ ਕਪੂਰ ਸਿੰਘ ਜੀ ਨੂੰ ੧੧ ਅਕਤੂਬਰ, ੧੯੭੩ ਈ. ਨੂੰ 'ਨੈਸ਼ਨਲ ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦਾ ਸਰਵਉੱਚ ਅਵਾਰਡ ਪ੍ਰਦਾਨ ਕੀਤਾ ਗਿਆ। ਇਸ ਸਮੇਂ ਸਿਰਦਾਰ ਕਪੂਰ ਸਿੰਘ ਜੀ ਨੇ ਗੁਰੂ ਸਾਹਿਬਾਨ ਦੇ ਦਰਸਾਏ ਗਾਡੀ ਰਾਹ ਸਿੱਖ-ਮਾਰਗ ਨੂੰ ਰੁਸ਼ਨਾਉਣ ਵਾਲੀ ਇਕ ਇਤਿਹਾਸਿਕ ਤਕਰੀਰ ਮੀਰੀ-ਪੀਰੀ ਦੇ ਕੇਂਦਰ ਸ੍ਰੀ ਅਕਾਲ ਤਖਤ ਸਾਹਿਬ ਜੀ ਦੇ ਸਨਮੁਖ ਸ਼੍ਰੋਮਣੀ ਅਕਾਲੀ ਦਲ ਦੀਆਂ ਮਹਾਨ ਉੱਚ ਹਸਤੀਆਂ ਦੀ ਸਭਾ ਵਿਚ ਪੇਸ਼ ਕੀਤੀ ਜੋ ਇਕ ਇਤਿਹਾਸਿਕ ਤੇ ਯਾਦਗਾਰੀ ਪਲ਼ ਸਨ। ਇਹ ਸਾਰੇ ਕਾਰਜ ਦੀ ਵਿਉਂਤਬੰਦੀ ਤੇ ਸੋਚ ਗਿਆਨੀ ਗੁਰਦਿੱਤ ਸਿੰਘ ਦੀ ਸੀ, ਪਰ ਇਸ ਅਵਾਰਡ 'ਪ੍ਰੋਫ਼ੈਸਰ ਆਫ਼ ਸਿੱਖਇਜ਼ਮ' ਦਾ ਅਮਲੀ ਜਾਮਾ ਤੇ ਅਗਵਾਈ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਕੀਤੀ ਜੋ ਸਿਰਦਾਰ ਕਪੂਰ ਸਿੰਘ ਜੀ ਦਾ ਰੋਮ-ਰੋਮ ਸਤਿਕਾਰ ਕਰਦੇ ਸਨ।

ਸ. ਦਰਸ਼ਨ ਸਿੰਘ ਫੇਰੂਮਾਨ ਜੀ ਨੇ ਆਪਣੀ ਵਸੀਅਤ ਅਗਸਤ- ੧੯੬੯ ਨੂੰ ਲਿਖੀ। ਸਿਰਦਾਰ ਕਪੂਰ ਸਿੰਘ ਜੀ ਨੇ ਆਪਣੇ ਦਸਤਖ਼ਤਾਂ ਹੇਠ ਉਸ ਦੀ ਤਸਦੀਕ ਕੀਤੀ। ਇਸ ਦੇ ਨਾਲ ਉਨ੍ਹਾਂ ਦੀਆਂ ਅਸਥੀਆਂ (ਫੁੱਲ) ਜਲ ਪ੍ਰਵਾਹ ਕਰਨ ਹਿੱਤ ਕੀਰਤਪੁਰ ਪੁੱਜਣ ਲਈ ਦੂਰੋਂ-ਨੇੜਿਓਂ ਦਰਸ਼ਨ ਸਿੰਘ ਫੇਰੂਮਾਨ ਨੂੰ ਪਿਆਰ ਕਰਨ ਵਾਲੇ ਵੱਡੀ ਗਿਣਤੀ ਵਿਚ ਕੀਰਤਪੁਰ ਸਾਹਿਬ ਪੁੱਜੇ। ਪੰਥਕ ਸੋਚ ਦੇ ਪਹਿਰੇਦਾਰ ਸਿਰਦਾਰ ਕਪੂਰ ਸਿੰਘ ਦੀ ਅੰਤਿਮ ਛਿਣਾਂ ਤਕ ਖਾਮੋਸ਼ ਉਸ ਮਹਾਨ ਯੋਧੇ ਦੇ ਅੰਤਿਮ ਸਫ਼ਰ ਵਿਚ ਹਮਸਫ਼ਰ ਸਨ। ਇਸੇ ਤਰ੍ਹਾਂ ੨੭ ਅਕਤੂਬਰ, ੧੯੬੯ ਨੂੰ ਸ. ਦਰਸ਼ਨ ਸਿੰਘ ਫੇਰੂਮਾਨ ਦੇ ਸ਼ਹੀਦੀ ਪ੍ਰਸਤਾਵ ਉੱਤੇ ਪੰਜਾਬ ਵਿਧਾਨ ਸਭਾ ਵਿਚ ਇਕ ਯਾਦਗਾਰੀ ਅਕੀਦਤ ਭੇਂਟ ਕੀਤੀ।

ਸ੍ਰੀ ਅੰਮ੍ਰਿਤਸਰ ਸਾਹਿਬ ੧੩ ਅਪ੍ਰੈਲ, ੧੯੭੮ ਈ. ਦਾ ਸਾਕਾ ਖ਼ੂਨੀ ਵੈਸਾਖੀ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਇਸ ਦਿਨ ਨਕਲੀ ਨਿਰੰਕਾਰੀਆਂ ਵਿਚਾਲੇ ਹੋਏ ਵਿਵਾਦ 'ਤੇ ਤੇਰ੍ਹਾਂ ਸਿੰਘ ਸਤਿਗੁਰੂ ਦੀ ਆਨ ਤੇ ਸ਼ਾਨ 'ਤੇ ਪਹਿਰਾ ਦਿੰਦੇ ਹੋਏ ਸ਼ਹੀਦੀ ਪਾ ਗਏ। ਇਨ੍ਹਾਂ ਸਿੰਘਾਂ ਦੀ ਯਾਦ ਵਿਚ ੨੨ ਅਪ੍ਰੈਲ, ੧੯੭੮ ਈ. ਨੂੰ ਗੁਰਦੁਆਰਾ ਮੰਜੀ ਸਾਹਿਬ ਵਿਖੇ ਭੋਗ ਸਮਾਗਮ ਰੱਖੇ ਗਏ ਸਨ, ਜਿੱਥੇ ਬੜੇ ਵੱਡੇ ਇਤਿਹਾਸਿਕ ਦੀਵਾਨ ਸਜੇ; ਜਿਸ ਵਿਚ ਸਿੱਖਾਂ ਦੀਆਂ ਵੱਖ-ਵੱਖ ਸੰਸਥਾਵਾਂ ਦੇ ਮੁਖੀ, ਲੀਡਰ, ਵਿਦਵਾਨ, ਸੰਤ-ਮਹਾਂਪੁਰਸ਼ ਬੈਠੇ ਸਨ। ਸਿਰਦਾਰ ਕਪੂਰ ਸਿੰਘ ਜੀ ਵੀ ਸਤਿਗੁਰੂ ਦੀ ਹਜ਼ੂਰੀ ਵਿਚ ਹਾਜ਼ਰ ਸਨ। ਜਦੋਂ ਸਿਰਦਾਰ ਕਪੂਰ ਸਿੰਘ ਜੀ ਦੇ ਬੋਲਣ ਦੀ ਵਾਰੀ ਆਈ ਤਾਂ ਆਪ ਜੀ ਨੇ ਸੰਗਤ

**ਸਰੀ (ਕੈਨੇਡਾ)। ਮੋ: ੦੦੧-੭੭੮-੩੮੫-੮੧੪੧*

ਅੱਗੇ ਆਪਣਾ ਭਾਸ਼ਣ ਦੇਣਾ ਸ਼ੁਰੂ ਕੀਤਾ। ਭਾਸ਼ਣ ਵਿਚ ਉਨ੍ਹਾਂ ਬੰਗਾਲ ਦੇ ਉੱਚ ਕੋਟੀ ਦੇ ਵਿਦਵਾਨ ਸ੍ਰੀ ਅਰੋਬਿੰਦੋ ਘੋਸ਼ ਦਾ ਕਿਸੇ ਪ੍ਰਸੰਗ ਵਿਚ ਜ਼ਿਕਰ ਕੀਤਾ, ਜਿਸ ਵਿਚ ਦੱਸਿਆ ਕਿ ਸਿੱਖ ਕੌਮ ਨਾਲ ਬਹੁਤ ਧੱਕਾ ਹੋ ਰਿਹਾ ਹੈ। ਸਿਰਦਾਰ ਕਪੂਰ ਸਿੰਘ ਜੀ ਦਾ ਭਾਸ਼ਣ ਵਧੇਰੇ ਬੌਧਿਕ ਪੱਧਰ ਦਾ ਸੀ। ਸੰਗਤ ਆਪ ਦੀ ਵਿਦਵਤਾ ਨੂੰ ਸਮਝ ਨਾ ਸਕੀ। ਸੰਗਤ ਵਿੱਚੋਂ ਕੁਝ ਸੱਜਣ ਉੱਚੀ ਅਵਾਜ਼ ਵਿਚ ਖੜੇ ਹੋ ਕੇ ਕਹਿਣ ਲੱਗੇ ਕਿ ਇਨ੍ਹਾਂ ਨੂੰ ਥੱਲੇ ਉਤਾਰ ਦਿਓ। ਫਿਰ ਭਾਈ ਸਾਹਿਬ ਕਪੂਰ ਸਿੰਘ ਜੀ ਪੂਰੇ ਮਲਵਈ ਲਹਿਜ਼ੇ ਵਿਚ ਬੋਲੇ, ਬੋਲਾਂ ਕਿ ਨਾਂ ਬੋਲਾਂ? ਸੰਗਤ ਵੱਲੋਂ ਆਵਾਜ਼ਾਂ ਕੱਸੀਆਂ ਗਈਆਂ— ਨਾ, ਨਾ! ਨਾ!! ਇਹ ਗੱਲ ਵੇਖਦੇ ਸਾਰ ਹੀ ਉਸ ਸਮੇਂ ਦੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਇਕ ਦਮ ਖੜ੍ਹੇ ਹੋ ਗਏ। ਉਨ੍ਹਾਂ ਮਾਈਕ ਤੋਂ ਸਿਰਫ਼ ਇਹ ਕਿਹਾ, "ਸਾਧ ਸੰਗਤ ਜੀ! ਇਹ ਕੌਮ ਦੇ ਬੜੇ ਵਿਦਵਾਨ ਤੇ ਅਨਮੋਲ ਹੀਰੇ ਹਨ" ਤਦ ਫਿਰ ਸਿਰਦਾਰ ਕਪੂਰ ਸਿੰਘ ਜੀ ਨੇ ਆਪ ਆਪਣੇ ਭਾਸ਼ਣ ਨੂੰ ਪੂਰਾ ਕਰਦੇ ਹੋਏ ਸਿੱਖ ਕੌਮ ਨੂੰ ਦਰਪੇਸ਼ ਮੁਸ਼ਕਲਾਂ 'ਤੇ ਚਾਨਣਾ ਪਾਉਣ ਦਾ ਯਤਨ ਕੀਤਾ। ਉਨ੍ਹਾਂ ਪੰਥ ਵਿਚ ਆ ਰਹੀਆਂ ਅਜਿਹੀਆਂ ਚੁਣੌਤੀਆਂ ਨੂੰ ਕਿਵੇਂ ਠੱਲ੍ਹ ਪਾਈ ਜਾ ਸਕਦੀ ਹੈ, ਪ੍ਰਤੀ ਪੂਰੇ ਤਰਕ ਤੇ ਦਲੀਲ ਨਾਲ ਆਪਣੀ ਗੱਲ ਕਹੀ। ਸੰਗਤ ਵੱਲੋਂ ਫਿਰ ਜੈਕਾਰੇ 'ਤੇ ਜੈਕਾਰਾ ਛੱਡਿਆ ਜਾਣ ਲੱਗਾ। ਇਹ ਉਨ੍ਹਾਂ ਦੀ ਸ਼ਖ਼ਸੀਅਤ ਦੀ ਸੋਹਣੀ ਝਲਕ ਮੇਰੀਆਂ ਅੱਖਾਂ ਨੇ (ਲੇਖਕ ਨੇ) ਖ਼ੁਦ ਵੇਖੀ ਤੇ ਸੁਣੀ। ਸੱਚਮੁਚ ਉਹ ਸਿੱਖਾਂ ਦੀ ਇਕ ਧੜਕਣ ਸਨ।

ਸੰਨ ੧੯੮੨ ਈ. ਨੂੰ ਸਿਰਦਾਰ ਕਪੂਰ ਸਿੰਘ ਜੀ ਚੰਡੀਗੜ੍ਹ ਤੋਂ ਆਪਣੇ ਪਿੰਡ ਜਗਰਾਓਂ ਪੱਕੇ ਤੌਰ 'ਤੇ ਆ ਕੇ ਰਹਿਣ ਲੱਗੇ। ਇਕ ਦਿਨ ਇਸ਼ਨਾਨ ਕਰਨ ਸਮੇਂ ੧੩ ਜੂਨ, ੧੯੮੨ ਨੂੰ ਗੁਸਲਖ਼ਾਨੇ ਵਿਚ ਹੀ ਦਿਲ ਦਾ ਦੌਰਾ ਪੈ ਗਿਆ। ਇਨ੍ਹਾਂ ਨੂੰ ਚੁੱਕ ਬੈਡ 'ਤੇ ਪਾਇਆ ਗਿਆ। ਛੋਟਾ ਭਰਾ ਤੁਰੰਤ ਡਾਕਟਰ ਨੂੰ ਬੁਲਾ ਕੇ ਲੈ ਆਇਆ। ਇਨ੍ਹਾਂ ਨੂੰ ਸੁਰਤ ਨਹੀਂ ਸੀ ਤੇ ਇਹ ਬੇਹੋਸ਼ ਸਨ। ਡਾਕਟਰ ਨੇ ਦੇਖਿਆ ਕਿ ਇਨ੍ਹਾਂ ਨੂੰ ਦਿਲ ਦਾ ਦੌਰਾ ਪਿਆ ਹੈ। ਇਨ੍ਹਾਂ ਨੂੰ ਚੰਡੀਗੜ੍ਹ ਪੀ. ਜੀ. ਆਈ. ਲਿਆਂਦਾ ਗਿਆ। ਉੱਥੇ ਇਹ ਅਧਰੰਗ ਦਾ ਸ਼ਿਕਾਰ ਹੋ ਗਏ। ਮੁੜ ਇਨ੍ਹਾਂ ਦਾ ਭਤੀਜਾ ਚੰਚਲ ਸਿੰਘ ਇਨ੍ਹਾਂ ਨੂੰ ਜੱਦੀ ਘਰ ਜਗਰਾਓਂ ਲੈ ਆਇਆ। ਇਨ੍ਹਾਂ ਸਾਫ ਕਹਿ ਦਿੱਤਾ ਕਿ ਹੁਣ ਮੈਂ ਪੀ. ਜੀ. ਆਈ. ਵਿਚ ਇਲਾਜ ਨਹੀਂ ਕਰਵਾਉਣਾ।

ਕੁਝ ਦੇਰ ਬਾਅਦ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੂੰ ਇਸ ਗੱਲ ਦਾ ਅਹਿਸਾਸ ਹੋਇਆ ਕਿ ਸਿੱਖਾਂ ਦਾ ਇਕ ਮਹਾਨ ਵਿਦਵਾਨ ਤੇ ਚਿੰਤਕ ਵਧੀਆ ਇਲਾਜ ਤੋਂ ਖੁੰਜਿਆ ਬੈਠਾ ਹੈ। ਅਚਾਨਕ ਇਕ ਦਿਨ ਗੁਰਚਰਨ ਸਿੰਘ ਟੌਹੜਾ ਜਗਰਾਓਂ ਪੁੱਜੇ ਤੇ ਸਿਰਦਾਰ ਕਪੂਰ ਸਿੰਘ ਨੂੰ ਬੇਨਤੀ ਕੀਤੀ ਕਿ ਸਾਨੂੰ ਥੋੜੀ ਸੇਵਾ ਦਾ ਮੌਕਾ ਦਿਓ! ਟੌਹੜਾ ਜੀ ਦੀ ਪਹਿਲ-ਕਦਮੀ ਨੇ ਇਨ੍ਹਾਂ ਨੂੰ ਦਿਆਨੰਦ ਹਸਪਤਾਲ ਵਿਚ ਦਾਖ਼ਲ ਕਰਵਾ ਦਿੱਤਾ। ਉੱਥੇ ਇਹ ਚਾਰ ਮਹੀਨੇ ਇਲਾਜ ਖ਼ਾਤਰ ਰਹੇ। ਇਨ੍ਹਾਂ ਦੀ ਇਕ ਲੱਤ ਕਮਜ਼ੋਰ ਹੋ ਗਈ ਸੀ। ਇਕ ਬਾਂਹ ਥੋੜ੍ਹੀ ਬੇਜਾਨ ਹੋ ਗਈ। ਸਰੀਰ ਕਾਫੀ ਨਿਢਾਲ ਹੋ ਚੁੱਕਾ ਸੀ। ਮੁੜ ਪਿੰਡ

ਕੋਠੀ ਲੈ ਆਂਦਾ। ਉੱਥੇ ਅੰਦਰ ਹੀ ਥੋੜਾ-ਥੋੜਾ ਚੱਲਣ ਲੱਗ ਪਏ। ਥੋੜ੍ਹੀ-ਥੋੜ੍ਹੀ ਗੱਲ-ਬਾਤ ਕਰਨ ਜੋਗੇ ਹੋ ਚੁੱਕੇ ਸਨ।

ਬਟਾਲੇ ਵਿਚ ਡਾਕਟਰ ਸੁਰਿੰਦਰ ਸਿੰਘ ਧਾਲੀਵਾਲ ਰਹਿੰਦਾ ਸੀ। ਭਾਵੇਂ ਉਹ ਇਨ੍ਹਾਂ ਦਾ ਇਕ ਨਜ਼ਦੀਕੀ ਰਿਸ਼ਤੇਦਾਰ ਸੀ, ਪਰ ਸਿਰਦਾਰ ਸਾਹਿਬ ਨੇ ਉਸ ਨੂੰ ਆਪਣਾ ਪੁੱਤ ਬਣਾਇਆ ਹੋਇਆ ਸੀ। ਸਿਰਦਾਰ ਸਾਹਿਬ ਸਾਕਾ ਨੀਲਾ ਤਾਰਾ (Blue Star) ਤੋਂ ਪਹਿਲਾਂ ਕੁਝ ਦਿਨ ਬਟਾਲੇ ਆ ਗਏ। ਉਨ੍ਹਾਂ ਨੇ ਆਪਣੇ ਇਕ ਸ਼ਗਿਰਦ ਸ. ਹਰਦੀਪ ਸਿੰਘ (ਬਾਜਵਾ) ਨੂੰ ਸੁਨੇਹਾ ਭਿਜਵਾ ਦਿੱਤਾ ਕਿ ਮੈਂ ਅੱਜਕਲ ਇੱਥੇ ਆਇਆ ਹੋਇਆ ਹਾਂ। ਹਰਦੀਪ ਸਿੰਘ ਨੂੰ ਖੁਸ਼ੀ ਚੜ੍ਹ ਗਈ। ਉਹ ਰੋਜ਼ਾਨਾ ਸਿਰਦਾਰ ਸਾਹਿਬ ਦਾ ਹਾਲ-ਚਾਲ ਪੁੱਛਣ ਆ ਜਾਵੇ। ਇਸ ਦੇ ਨਾਲ ਉਸ ਦਾ ਯਤਨ ਹੁੰਦਾ ਕਿ ਸਿਰਦਾਰ ਸਾਹਿਬ ਨੂੰ ਥੋੜ੍ਹੀ-ਥੋੜ੍ਹੀ ਸੈਰ ਜ਼ਰੂਰ ਕਰਵਾਵਾਂ। ਸਿਰਦਾਰ ਸਾਹਿਬ ਅਜੇ ਵੀ ਥੋੜ੍ਹੇ ਅਧਰੰਗ ਨਾਲ ਪੀੜਤ ਸਨ। ਸੈਰ ਕਰਨ ਨਾਲ ਉਨ੍ਹਾਂ ਦਾ ਸਾਰਾ ਸਰੀਰ ਹਰਕਤ ਵਿਚ ਆ ਜਾਂਦਾ ਸੀ। ਉਹ ਥੋੜ੍ਹਾ-ਥੋੜਾ ਤੁਰ ਲੈਂਦੇ ਸਨ। ਹਰਦੀਪ ਸਿੰਘ ਆਪਣੇ ਨਾਲ ਹਰ ਰੋਜ਼ ਇਕ ਸਿਆਣਾ ਬੰਦਾ ਲੈ ਕੇ ਜਾਂਦਾ ਸੀ। ਇਕ ਦਿਨ ਸੇਵਾ-ਮੁਕਤ ਕਰਨਲ ਰੂਪ ਸਿੰਘ ਨੇ ਸਿਰਦਰ ਸਾਹਿਬ ਨੂੰ ਆਪਣੇ ਮੋਢਿਆਂ ਦਾ ਸਹਾਰਾ ਦੇ ਕੇ ਥੋੜ੍ਹਾ ਜਿਹਾ ਤੋਰਨ ਦਾ ਯਤਨ ਕੀਤਾ। ਥੋੜ੍ਹਾ ਜਿਹਾ ਤੁਰਨ ਮਗਰੋਂ ਸਿਰਦਾਰ ਸਾਹਿਬ ਥਕਾਵਟ ਮਹਿਸੂਸ ਕਰਦੇ ਹੋਏ ਰੁਕ ਜਾਣ। ਉਨ੍ਹਾਂ ਨੇ ਤਿੰਨ ਵਾਰ ਇੰਝ ਹੀ ਕੀਤਾ ਤਾਂ ਉਹ ਕਰਨਲ ਦੇ ਮੂੰਹ ਵੱਲ ਵੇਖਣ ਲੱਗ ਪਏ। ਉਨ੍ਹਾਂ ਨੇ ਕਿਹਾ ਕਿ ਇਹ ਮੁੰਡਾ ਮੇਰੀ ਗੱਲ ਸਮਝਦਾ ਹੈ। ਮੁੜ ਹਰਦੀਪ ਸਿੰਘ ਵੱਲ ਮੂੰਹ ਕੀਤਾ ਤੇ ਪੁੱਛਿਆ ਕਿ ਸਿੱਖਾਂ ਦਾ ਲੀਡਰ ਕੌਣ ਹੈ? ਹਰਦੀਪ ਸਿੰਘ ਚੁੱਪ! ਇੰਝ ਤਿੰਨ ਵਾਰ ਇਹੋ ਗੱਲ ਦੁਹਰਾਈ ਗਈ ਕਿ ਸਿੱਖਾਂ ਦਾ ਲੀਡਰ ਕੌਣ ਹੈ? ਅੰਤ ਉਨ੍ਹਾਂ ਉਸ ਦੀ ਗੱਲ ਦਾ ਜਵਾਬ ਵੀ ਆਪ ਹੀ ਦਿੱਤਾ। ਸਿੱਖਾਂ ਦਾ ਲੀਡਰ ਉਹ ਜੋ ਸਿੱਖੀ ਦੀ ਗੱਲ ਕਰੇ। ਇੰਜ ਉਨ੍ਹਾਂ ਇਹ ਸ਼ਬਦ ਤਿੰਨ ਵਾਰ ਦੁਹਰਾਏ, ਪਰ ਉਹ ਕਿਸੇ ਨੇਤਾ ਦਾ ਨਾਮ ਆਪਣੇ ਵਿੱਚੋਂ ਨਹੀਂ ਦੱਸ ਸਕੇ।

ਸਿਰਦਾਰ ਸਾਹਿਬ ਦੀ ਜ਼ਿੰਦਗੀ ਦਾ ਹਰ ਮੌਕਾ ਸੁਨਹਿਰਾ, ਰੌਚਕ ਤੇ ਯਾਦਾਂ ਭਰਿਆ ਸੀ। ਜਦੋਂ ਉਹ ਰੋਗ-ਮੁਕਤ ਸਨ ਤਾਂ ਉਹ ਸਵੇਰੇ ਚਾਰ ਵਜੇ ਸੈਰ ਲਈ ਜਾਂਦੇ ਸਨ। ਸੈਰ ਸਮੇਂ ਛੋਟੇ ਭਰਾ ਸ. ਗੰਗਾ ਸਿੰਘ ਦਾ ਪੋਤਾ ਸ. ਅਮਰਜੀਤ ਸਿੰਘ ਨਾਲ ਹੁੰਦਾ। ਫਿਰ ਇਸ਼ਨਾਨ ਕਰਨ ਤੋਂ ਬਾਅਦ ਇਕ ਪਰੌਂਠੀ, ਦਹੀਂ ਤੇ ਨਿੰਬੂ ਦੇ ਆਚਾਰ ਨਾਲ ਲੈਣੀ। ਫਿਰ ਕੁਝ ਅਖ਼ਬਾਰਾਂ ਤੇ ਪੁਸਤਕਾਂ ਪੜ੍ਹਦੇ। ਦੁਪਿਹਰ ਇੱਕ ਵਜੇ ਇਕ ਸਬਜ਼ੀ, ਇਕ ਦਾਲ ਤੇ ਇਕ ਮਿੱਠੀ ਚੀਜ਼ ਤੇ ਦੋ ਫੁਲਕੇ ਉਨ੍ਹਾਂ ਦੀ ਖ਼ੁਰਾਕ ਸੀ। ਫਿਰ ਦੋ-ਤਿੰਨ ਘੰਟੇ ਬਾਅਦ ਅਰਾਮ ਕਰਨਾ। ਮੁੜ ਚਾਰ ਵਜੇ ਲੰਮੀ ਸੈਰ ਨੂੰ ਨਿਕਲ ਜਾਣਾ। ਫਿਰ ਘਰ ਆ ਕੇ ਦੋਵਾਂ ਭਰਾਵਾਂ ਨੇ ਘਰ ਦੇ ਅੱਗੇ ਆਰਾਮ ਕੁਰਸੀਆਂ ਡਾਹ ਲੈਣੀਆਂ ਤੇ ਗੱਲਾਂ-ਬਾਤਾਂ ਦੇ ਦੌਰ ਚੱਲਣੇ। ਦੋਹਾਂ ਭਰਾਵਾਂ ਦਾ ਆਪਸੀ ਚੰਗਾ ਸੋਹਣਾ ਪਿਆਰ ਸੀ। ਉਹ ਖਾਣ ਵਿਚ ਵਧੇਰੇ ਮਿੱਠੀਆਂ ਚੀਜਾਂ ਦੇ ਬੜੇ ਸ਼ੌਕੀਨ ਸਨ। ਉਨ੍ਹਾਂ ਦਾ ਭਤੀਜਾ ਚੰਚਲ ਸਿੰਘ ਸ਼ਰਬਤ ਦੀਆਂ

ਪੰਦਰ੍ਹਾਂ-ਪੰਦਰ੍ਹਾਂ ਬੋਤਲਾਂ ਚੰਡੀਗੜ੍ਹ ਦੇ ਕੇ ਆਉਂਦਾ ਸੀ। ਬਰਫੀ ਦੇ ਉਹ ਬੜ੍ਹੇ ਸ਼ੌਕੀਨ ਸਨ। ਪੰਜ ਸਾਲ ਉਹ ਲੋਕ ਸਭਾ ਦੇ ਮੈਂਬਰ ਰਹੇ, ਪਰ ਦੀਵਾਲੀ ਉਨ੍ਹਾਂ ਸਦਾ ਆਪਣੇ ਪਿੰਡ ਵਿਚ ਆਪਣੇ ਪਰਵਾਰ ਨਾਲ ਬਿਤਾਉਣੀ। ਉਨ੍ਹਾਂ ਘਰ ਵਿਚ ਮਠਿਆਈਆਂ ਦੀਆਂ ਗਾਗਰਾਂ ਭਰ ਦੇਣੀਆਂ।

ਸਿਰਦਾਰ ਸਾਹਿਬ ਸੁਭਾਅ ਦੇ ਬੜੇ ਮੂੰਹ ਫੱਟ, ਬੇਬਾਕ, ਕਹਿਣੀ ਤੇ ਕਰਨੀ ਵਾਲੇ ਸਨ। ਉਨ੍ਹਾਂ ਦੀ ਜ਼ਿੰਦਗੀ ਦਾ ਹਰ ਕਿਰਦਾਰ ਤੇ ਅੰਦਾਜ਼ ਖ਼ੂਬਸੂਰਤੀ ਦਾ ਮੁਜੱਸਮਾ ਹੁੰਦਾ। ਉਹ ਆਪਣੇ ਤਰਕ ਨਾਲ ਹਰ ਇਕ ਨੂੰ ਨਿਰਉੱਤਰ ਕਰ ਦਿੰਦੇ ਸਨ।

ਸਾਕਾ ਨੀਲਾ ਤਾਰਾ ਦੇ ਸਾਕੇ ਨੇ ਸਿਰਦਾਰ ਕਪੂਰ ਸਿੰਘ 'ਤੇ ਡੂੰਘਾ ਅਸਰ ਕੀਤਾ। ਹੌਲੀ-ਹੌਲੀ ਇਨ੍ਹਾਂ ਦੇ ਸਰੀਰ ਦੀ ਹਰਕਤ ਬੰਦ ਹੋ ਗਈ। ੧੮ ਅਗਸਤ, ੧੯੮੬ ਈ. ਨੂੰ ਅੰਮ੍ਰਿਤ ਵੇਲੇ ੪ ਵਜ ਕੇ ੧੦ ਮਿੰਟ 'ਤੇ ਇਸ ਫ਼ਾਨੀ ਸੰਸਾਰ ਤੋਂ ਕੂਚ ਕਰ ਗਏ। ਮੌਤ ਸਮੇਂ ਸਿਰਫ਼ ਇਨ੍ਹਾਂ ਦਾ ਭਤੀਜਾ ਚੰਚਲ ਸਿੰਘ ਕੋਲ ਬੈਠਾ ਸੀ। ਉਨ੍ਹਾਂ ਦਾ ਇਸ ਤਰ੍ਹਾਂ ਦਾ ਵਿਛੋੜਾ ਸਾਰੇ ਦੇਸ਼-ਕੌਮ ਲਈ ਇਕ ਅਸਹਿ ਤੇ ਅਕਹਿ ਵਿਛੋੜਾ ਸੀ। ਉਹ ਆਪਣੇ ਪਿੱਛੇ ਯਾਦਾਂ ਦੇ ਅਮੁੱਕ ਭੰਡਾਰ ਛੱਡ ਗਏ। ਉਨ੍ਹਾਂ ਦੀ ਖ਼ੂਬਸੂਰਤ ਸ਼ਖ਼ਸੀਅਤ ਆਪਣੇ ਆਪ ਵਿਚ— "ਸਿਰਦਾਰ ਕਪੂਰ ਸਿੰਘ ਸਕੂਲ ਆਫ ਸਿੱਖ ਥਾਟ" ਦੀ ਜਨਮਦਾਤੀ ਹੈ। ■

# ਕਰ ਕੇ ਵੇਖ ਭਲਾ ਬੰਦਿਆ

*-ਗਿਆਨੀ ਪਿਆਰਾ ਸਿੰਘ ਜਾਚਕ**

*ਏਸ ਜਗ ਦਾ ਤੂੰ ਕਰ ਕੇ ਵੇਖ ਭਲਾ ਬੰਦਿਆ*
*ਤੈਨੂੰ ਲੱਭਦਾ ਫਿਰੇਗਾ ਆਪ ਖ਼ੁਦਾ ਬੰਦਿਆ*
*ਲੋਕਾਂ ਦੀ ਸੇਵਾ ਵਿਚ ਰੱਬ ਦੀ ਸੇਵਾ ਹੈ*
*ਕਰ ਕੇ ਸੇਵਾ ਮਿੱਠੜਾ ਮੇਵਾ ਖਾ ਬੰਦਿਆ*
*ਕੌੜਾ ਬੋਲ ਨਾ ਬੋਲੀਂ ਰੱਬ ਦੇ ਬੰਦਿਆਂ ਨੂੰ*
*ਮਿੱਠਾ ਬੋਲ ਕੇ ਸਭ ਦੀਆਂ ਅਸੀਸਾਂ ਪਾ ਬੰਦਿਆ*
*ਚੰਗਾ ਜੇਕਰ ਕਿਸੇ ਦਾ ਕਰ ਸਕਦਾ ਨਹੀਂ ਤੂੰ*
*ਮਾੜਾ ਕਾਹਤੋਂ ਕਰਦੈਂ ਹੋਸ਼ 'ਚ ਆ ਬੰਦਿਆ*
*ਜੋ ਬੀਜੇਂਗਾ ਤੈਨੂੰ ਵੱਢਣਾ ਪੈਣਾ ਏ*
*ਵੱਢ ਕੇ ਅੰਬ ਤੂੰ ਕਿੱਕਰਾਂ ਨਾ ਹੁਣ ਲਾ ਬੰਦਿਆ*
*ਮੇਰਾ ਮੇਰਾ ਕਰ ਕੇ ਖਾਲੀ ਹੱਥ ਤੁਰ ਗਏ*
*ਤੇਰਾ ਕਹਿ ਕੇ ਸਭ ਕੁਝ ਪੱਲੇ ਪਾ ਬੰਦਿਆ*
*ਜਿਹੜੇ ਕੰਮ ਨੂੰ ਆਇਆ ਉਹ ਵੀ ਕਰ ਲੈ ਤੂੰ*
*ਇਹ ਬੜਾ ਕੀਮਤੀ ਵਕਤ ਨਾ ਵਕਤ ਗਵਾ ਬੰਦਿਆ*
*ਰੱਬ ਨੇ ਜਾਤ ਬਣਾਈ ਇੱਕੋ ਬੰਦੇ ਦੀ*
*ਵਿਚ ਬੰਦਿਆਂ ਦੇ ਵੰਡੀਆਂ ਨਾ ਤੂੰ ਪਾ ਬੰਦਿਆ*
*ਤਨ ਤੇ ਧਨ ਸਭ ਕੁਟੰਬ ਕਬੀਲੇ ਛੁਟ ਜਾਣੇ*
*ਕਰ ਲੈ ਸਿਮਰਨ ਰੱਬ ਦਾ ਨਾਮ ਧਿਆ ਬੰਦਿਆ*
*ਇਕ ਦਿਨ ਰੌਣਕ ਛੱਡ ਕੇ ਹੈ ਚਲੇ ਜਾਣਾ*
*ਜਗ ਦੇ ਸੰਗ ਨਾ ਮੋਹ ਦੇ ਜਾਲ ਵਧਾ ਬੰਦਿਆ*

*ਪਿੰਡ ਤੇ ਡਾਕ: ਇੱਬਣ ਕਲਾਂ, ਝਬਾਲ ਰੋਡ, ਸ੍ਰੀ ਅੰਮ੍ਰਿਤਸਰ-੧੪੩੦੦੯। ਮੋ: +੯੧੯੯੧੪੪-੯੬੧੯੫

# ਗਿਆਨੀ ਹਰਿਬੰਸ ਸਿੰਘ : ਜੀਵਨ ਅਤੇ ਸ਼ਖ਼ਸੀਅਤ

*-ਸ. ਅਜੈਪਾਲ ਸਿੰਘ**

ਅਕਾਦਮਿਕ ਪੱਧਰ 'ਤੇ ਖੋਜ, ਅਧਿਐਨ ਅਤੇ ਅਧਿਆਪਨ ਲਈ ਆਦਰਸ਼ਕ ਸ਼ਖ਼ਸੀਅਤਾਂ ਦੇ ਜੀਵਨ ਤੇ ਕਾਰਜ ਸਦਾ ਤੋਂ ਅਹਿਮ ਰੂਪ ਵਿਚ ਵਿਚਾਰਧੀਨ ਰਹੇ ਹਨ। ਖਾਸ ਤੌਰ 'ਤੇ ਗੱਲ ਜਦੋਂ ਸਿੱਖ ਅਕਾਦਮਿਕਤਾ ਦੀ ਹੋਵੇ, ਇਸ ਵਿਚਾਰਧੀਨ ਉਕਤ ਦਲੀਲ ਜ਼ਿਆਦਾ ਅਸਰਦਾਰ ਸਾਬਿਤ ਹੁੰਦੀ ਹੈ, ਕਿਉਂਕਿ ਸਿੱਖ ਧਰਮ ਵਿਚ ਸਿਧਾਂਤ ਤੇ ਅਮਲ ਦਾ ਗੂੜ੍ਹਾ ਸੁਮੇਲ ਹੈ। ਸਿੱਖ ਧਰਮ ਕੇਵਲ ਸਿਧਾਂਤਕਾਰੀ ਫ਼ਿਲਾਸਫ਼ੀ ਦਾ ਉਲੱਥਾ ਹੀ ਨਹੀਂ, ਬਲਕਿ ਜੀਵਨ ਦੀ ਤਲਖ਼ ਸਚਾਈ ਨੂੰ ਬਿਆਨ 'ਤੇ ਪਰਿਭਾਸ਼ਿਤ ਕਰਦਾ ਹੈ। ਸਿੱਖ ਧਰਮ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਅਤੇ ਸਿੱਖ ਇਤਿਹਾਸ ਸੰਬੰਧੀ ਵੱਖ-ਵੱਖ ਪਹਿਲੂਆਂ 'ਤੇ ਮਹਾਨ ਕਾਰਜ ਕਰਨ ਵਾਲੇ ਸਮੇਂ-ਸਮੇਂ 'ਤੇ ਕਈ ਮਹਾਨ ਵਿਅਕਤੀ ਹੋਏ ਹਨ, ਜਿਨ੍ਹਾਂ ਦੁਆਰਾ ਗੁਰਬਾਣੀ ਅਤੇ ਇਸ ਦੇ ਅਧਿਐਨ ਦੁਆਰਾ ਕਈ ਵਿਲੱਖਣ ਪਹਿਲੂਆਂ ਨੂੰ ਛੋਹਿਆ ਗਿਆ ਹੈ। ਧਰਮ ਤੋਂ ਹੀਣੀ ਵਿਦਵਤਾ ਨੂੰ ਸਿੱਖ ਧਰਮ ਨੇ ਪ੍ਰਵਾਨ ਨਹੀਂ ਕੀਤਾ। ਸਿੱਖ ਧਰਮ ਵਿਚ ਵਿਦਵਤਾ ਦੇ ਨਾਲ-ਨਾਲ ਗੁਰਸਿੱਖੀ ਜੀਵਨ-ਜਾਚ ਦੇ ਧਾਰਨੀ ਵਿਦਵਾਨ ਹੋਏ ਹਨ, ਜਿਨ੍ਹਾਂ ਦਾ ਜੀਵਨ ਗੁਰਮਤਿ ਨੂੰ ਸਮਰਪਿਤ ਸੀ। ਟੀਕਾਕਾਰੀ, ਵਿਆਖਿਆਕਾਰੀ ਜਾਂ ਗੁਰਬਾਣੀ ਇਤਿਹਾਸ ਸੰਬੰਧੀ ਖੋਜ ਤਾਂ ਬਹੁਤ ਪੁਰਾਤਨ ਸਮੇਂ ਤੋਂ ਹੀ ਨਾਲ-ਨਾਲ ਚੱਲੀ ਆ ਰਹੀ ਹੈ, ਪਰੰਤੂ ਆਧੁਨਿਕ ਸਮੇਂ ਵਿਚ ਵੀ ਕਈ ਮਹਾਨ ਸ਼ਖ਼ਸੀਅਤਾਂ ਹੋਈਆਂ ਹਨ, ਜਿਨ੍ਹਾਂ ਨੇ ਇਸ ਖੋਜ ਸੰਬੰਧੀ ਮਹੱਤਵਪੂਰਨ ਕਾਰਜਾਂ ਨੂੰ ਨੇਪਰੇ ਚੜ੍ਹਾਇਆ ਹੈ। ਇਨ੍ਹਾਂ ਆਧੁਨਿਕ ਸ਼ਖ਼ਸੀਅਤਾਂ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ, ਪ੍ਰੋ. ਤੇਜਾ ਸਿੰਘ, ਭਾਈ ਜੋਧ ਸਿੰਘ, ਪ੍ਰੋ. ਸਾਹਿਬ ਸਿੰਘ ਅਤੇ ਗਿਆਨੀ ਹਰਿਬੰਸ ਸਿੰਘ ਆਦਿ ਜਾਣੇ ਜਾਂਦੇ ਹਨ, ਜਿਨ੍ਹਾਂ ਨੇ ਗੁਰਬਾਣੀ ਵਿਆਖਿਆਕਾਰੀ ਵਿਚ ਆਪਣਾ ਵਡਮੁੱਲਾ ਯੋਗਦਾਨ ਪਾਇਆ ਹੈ। ਵਿਆਖਿਆ ਦੇ ਖੇਤਰ ਵਿਚ ਆਧੁਨਿਕ ਵਿਦਵਾਨਾਂ ਵਿੱਚੋਂ ਗਿਆਨੀ ਹਰਿਬੰਸ ਸਿੰਘ ਜੀ ਦਾ ਨਾਂ ਕਿਸੇ ਜਾਣ-ਪਛਾਣ ਦਾ ਮੁਹਥਾਜ ਨਹੀਂ, ਜਿਨ੍ਹਾਂ ਨੇ ਗੁਰਮਤਿ ਜੀਵਨ ਜਿਊਣ ਦੇ ਨਾਲ-ਨਾਲ ਗੁਰਮਤਿ ਸਿਧਾਂਤਾਂ ਦੀ ਵਿਆਖਿਆ ਸਿੱਖ ਧਰਮ ਸ਼ਾਸਤਰ (Sikh Theology) ਦੇ ਪੱਖ ਤੋਂ ਕੀਤੀ। ਗਿਆਨੀ ਜੀ ਵੱਲੋਂ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ' ਜੀ ਦਾ ਤੁਲਨਾਤਮਕ ਅਧਿਐਨ ਦੁਆਰਾ ਕੀਤਾ ਟੀਕਾ ਸਮੁੱਚੇ ਜਗਤ ਲਈ ਅਤਿ ਮਹੱਤਵਪੂਰਨ ਜਾਣਕਾਰੀ ਦਾ ਸੋਮਾ ਅਤੇ ਸਿੱਖ ਕੌਮ ਲਈ ਵਡਮੁੱਲੀ ਸੌਗਾਤ ਹੈ। ਇਸ ਤੋਂ ਇਲਾਵਾ ਆਪ ਜੀ ਵੱਲੋਂ ੪੦ ਦੇ ਕਰੀਬ ਲਿਖੀਆਂ ਪੁਸਤਕਾਂ ਪਾਠਕਾਂ, ਜਗਿਆਸੂਆਂ ਅਤੇ ਸ਼ਰਧਾਲੂਆਂ ਲਈ ਅਥਾਹ ਗਿਆਨ ਦਾ ਸੋਮਾ ਹਨ। ਗਿਆਨੀ

*ਅਸਿਸਟੈਂਟ ਪ੍ਰੋਫ਼ੈਸਰ, ਸ੍ਰੀ ਗੁਰੂ ਗ੍ਰੰਥ ਸਾਹਿਬ ਅਧਿਐਨ ਵਿਭਾਗ, ਅਕਾਲ ਯੂਨੀਵਰਸਿਟੀ, ਤਲਵੰਡੀ ਸਾਬੋ, ਬਠਿੰਡਾ। ਮੋ:+੯੧੯੪੧੭੧-੬੪੦੦੫.

ਜੀ ਨੇ ਆਪਣੀਆਂ ਰਚਨਾਵਾਂ ਵਿਚ ਇਤਿਹਾਸਿਕ, ਦਾਰਸ਼ਨਿਕ, ਤੁਲਨਾਤਮਿਕ ਆਦਿ ਵੱਖ-ਵੱਖ ਪਹਿਲੂਆਂ 'ਤੇ ਕੰਮ ਕੀਤਾ ਹੈ। ਉਨ੍ਹਾਂ ਆਪਣੀ ਵਿਆਖਿਆ ਵਿਧੀ ਵਿਚ 'ਵਿਆਕਰਣ' ਨੂੰ ਮਹੱਤਵਪੂਰਨ ਸ੍ਰੋਤ ਮੰਨਿਆ ਹੈ ਅਤੇ ਗੁਰਬਾਣੀ ਦੇ ਅਰਥਾਂ ਨੂੰ ਵੱਧ ਤੋਂ ਵੱਧ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਲੇਖ ਵਿਚ ਅਸੀਂ ਗਿਆਨੀ ਜੀ ਦੇ ਜੀਵਨ ਅਤੇ ਸ਼ਖ਼ਸੀਅਤ ਨੂੰ ਵਾਚਣ ਦਾ ਯਤਨ ਕਰਾਂਗੇ।

ਗਿਆਨੀ ਹਰਿਬੰਸ ਸਿੰਘ ਜੀ ਦਾ ਜਨਮ ਸਰਦਾਰ ਅਤਰ ਸਿੰਘ ਦੇ ਘਰ ੨੫ ਅਪ੍ਰੈਲ, ੧੯੨੫ ਈ. ਨੂੰ ਮਾਤਾ ਰਾਜ ਕੌਰ ਦੀ ਕੁੱਖੋਂ ਪਿੰਡ ਹਾਸਲ (ਜਿਲ੍ਹਾ ਜੇਹਲਮ ਤਹਿਸੀਲ ਚਕਵਾਲ) ਵਿਖੇ ਹੋਇਆ।

ਗਿਆਨੀ ਹਰਿਬੰਸ ਸਿੰਘ ਜੀ ਨੂੰ ਗੁਰਮਤਿ ਦੀ ਗੁੜ੍ਹਤੀ ਤਾਂ ਆਪਣੇ ਮਾਤਾ-ਪਿਤਾ ਪਾਸੋਂ ਆਰੰਭ ਤੋਂ ਹੀ ਪ੍ਰਾਪਤ ਹੋ ਗਈ ਸੀ। ਉਨ੍ਹਾਂ ਦਾ ਸਿੱਖ ਖੋਜ ਵੱਲ ਧਿਆਨ ਮਾਤਾ-ਪਿਤਾ ਦੇ ਵਿਸ਼ੇਸ਼ ਪ੍ਰਭਾਵ ਸਦਕਾ ਗਿਆ ਅਤੇ ਸਿੱਖੀ ਪ੍ਰਤੀ ਡੂੰਘੀ ਲਗਨ ਵੀ ਮਾਤਾ-ਪਿਤਾ ਦੁਆਰਾ ਹੀ ਪ੍ਰਾਪਤ ਹੋਈ।

ਮਾਤਾ-ਪਿਤਾ ਦਾ ਗੁਰਮਤਿ ਦੇ ਧਾਰਨੀ ਹੋਣ ਸਦਕਾ ਗਿਆਨੀ ਜੀ 'ਤੇ ਨਿਰੋਲ ਗੁਰਮਤਿ ਦਾ ਪ੍ਰਭਾਵ ਪਿਆ। ਗੁਰਮੁਖੀ ਦੇ ਅੱਖਰ ਸਿੱਖਣ ਉਪਰੰਤ ਗਿਆਨੀ ਜੀ ਗੁਟਕੇ ਤੋਂ ਨਿੱਤਨੇਮ ਦੀਆਂ ਬਾਣੀਆਂ ਦਾ ਪਾਠ ਕਰਨ ਲੱਗੇ। ਥੋੜ੍ਹੇ ਸਮੇਂ ਵਿਚ ਹੀ ਨਿੱਤਨੇਮ ਦੀਆਂ ਬਾਣੀਆਂ ਆਪ ਨੂੰ ਕੰਠ (ਜ਼ੁਬਾਨੀ ਯਾਦ) ਹੋ ਗਈਆਂ। ਮਾਤਾ ਜੀ ਨੇ ਬੜੇ ਚਾਅ ਨਾਲ ਕੜਾਹ ਪ੍ਰਸ਼ਾਦ ਤਿਆਰ ਕੀਤਾ ਅਤੇ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਤੋਂ ਅਰਦਾਸ ਕਰਵਾਈ। ੫ ਸਾਲ ਦੀ ਉਮਰ ਵਿਚ ਆਪ ਜੀ ਨੇ ਪੰਜਾਬੀ ਭਾਸ਼ਾ ਆਪਣੀ ਚਾਚੀ ਸਰੂਪ ਕੌਰ ਕੋਲੋਂ ਸਿੱਖੀ। ਇਸੇ ਉਮਰ ਵਿਚ ਹੀ ਆਪ ਜੀ ਨੂੰ ਸਕੂਲ ਪੜ੍ਹਨੇ ਪਾਇਆ ਗਿਆ। ਸਕੂਲ ਵਿਚ ਉਰਦੂ, ਫ਼ਾਰਸੀ ਵੀ ਪੜ੍ਹਾਈ ਜਾਂਦੀ ਸੀ। ਇਸ ਦੇ ਨਾਲ ਹੀ ਗਿਆਨੀ ਜੀ, ਘਰ ਵਿਚ ਪਿਤਾ ਜੀ ਵੱਲੋਂ ਲਿਆਂਦੀ 'ਭਾਈ ਬਾਲੇ ਵਾਲੀ ਜਨਮ ਸਾਖੀ' ਉਸ ਸਮੇਂ ਦੇ ਗੁਰਸਿੱਖ ਪਰਿਵਾਰਾਂ ਦੇ ਮਾਹੌਲ ਅਨੁਸਾਰ ਬੜੇ ਪਿਆਰ ਨਾਲ ਵੱਡੀ ਭੈਣ ਅਮਰ ਕੌਰ ਪਾਸੋਂ ਪੜ੍ਹਦੇ ਸਨ। ਮਾਤਾ-ਪਿਤਾ ਤੋਂ ਇਲਾਵਾ ਆਪ ਜੀ ਉੱਪਰ ਸਿੰਘ ਸਭਾ ਲਹਿਰ ਦਾ ਵਿਸ਼ੇਸ਼ ਪ੍ਰਭਾਵ ਪਿਆ, ਜਿੱਥੋਂ ਇਨ੍ਹਾਂ ਨੂੰ ਗੁਰਬਾਣੀ ਅਰਥ ਪੜ੍ਹਨ-ਪੜ੍ਹਾਉਣ ਦੀ ਚੇਟਕ ਲੱਗੀ। ਬਾਅਦ ਵਿਚ ਇਸੇ ਚੇਟਕ ਨੇ ਹੀ ਇਕ ਵਿਸ਼ੇਸ਼ ਆਦਤ ਜਾਂ ਸੁਭਾਅ ਦਾ ਰੂਪ ਲਿਆ। ਗਿਆਨੀ ਜੀ ੯ ਸਾਲ ਦੀ ਉਮਰ ਵਿਚ ਹੀ ਬਹੁਤ ਚੰਗੇ ਅਖੰਡ ਪਾਠੀ ਬਣ ਗਏ ਸਨ ਅਤੇ ਆਪ ਜੀ ਨੂੰ ਅਖੰਡ ਪਾਠ ਦੀ ਰੋਲ ਖਾਸ ਤੌਰ 'ਤੇ ਉਦੋਂ ਦਿੱਤੀ ਜਾਂਦੀ ਜਦੋਂ ਸੰਗਤ ਭਰਵੀਂ ਹੁੰਦੀ। ਇਸ ਤਰ੍ਹਾਂ ਜਿਉਂ-ਜਿਉਂ ਜਾਪ ਰਸਨਾ ਦੁਆਰਾ ਹੁੰਦਾ ਗਿਆ, ਗਿਆਨੀ ਜੀ ਦੀ ਸੋਝੀ ਵਿਚ ਵਾਧਾ ਹੁੰਦਾ ਗਿਆ ਅਤੇ ਨਿਰਮਲ ਬੁੱਧੀ ਨਾਲ ਆਤਮਿਕ ਜੀਵਨ ਪੁੰਗਰਦਾ ਗਿਆ। ਇਸ ਸਮੇਂ ਦੌਰਾਨ ਹੀ ਆਪ ਜੀ ਦਾ ਧਿਆਨ ਗੁਰਬਾਣੀ ਉਚਾਰਨ ਦੇ ਨਾਲ-ਨਾਲ ਗੁਰਬਾਣੀ ਅਰਥਾਂ ਵੱਲ ਵੀ ਪ੍ਰੇਰਿਤ ਹੋ ਗਿਆ। ਸਿਰਫ ੯ ਸਾਲ ਦੀ ਉਮਰ ਵਿਚ ਹੀ ਆਪ ਜੀ ਦੀ ਪਹਿਲੀ ਰਚਨਾ 'ਵੈਰਾਗ ਲਹਿਰਾਂ' ਰੂਪਮਾਨ ਹੋਈ। ਇਹ ਗੂਹੜ ਗਿਆਨ ਨਾਲ ਭਰਪੂਰ

ਕਵਿਤਾ, ਜੋ ਕਿ ਨਿਰੋਲ ਗੁਰਮਤਿ ਆਧਾਰਿਤ ਹੈ, ਪੜ੍ਹਨ ਉਪਰੰਤ ਸਹਿਜ ਸੁਭਾਅ ਹੀ ਹੈਰਾਨੀ ਪ੍ਰਗਟ ਹੁੰਦੀ ਹੈ। 'ੳ' ਤੋਂ 'ੜ' ਅੱਖਰ ਤਕ ਪਰੋਈ ਇਸ ਗੁਰਮਤਿ ਆਧਾਰਿਤ ਕਵਿਤਾ ਦੀ ਭਾਵਨਾ ਬੜੀ ਹੀ ਵੈਰਾਗ ਅਤੇ ਰਸ ਭਰਪੂਰ ਹੈ। ਹਰੇਕ ਬੰਦ ਵਿਚ ਗੂਹੜ ਅਤੇ ਰਮਜ਼ ਦੀ ਸ਼ਬਦਾਵਲੀ ਭਰੀ ਪਈ ਹੈ, ਜੋ ਕਿ ਗਿਆਨੀ ਜੀ ਦੇ ਆਤਮਿਕ ਜੀਵਨ ਦੀਆਂ ਝਲਕਾਂ ਨੂੰ ਦਰਸਾਉਂਦੀ ਹੈ। ਛੋਟੀ ਉਮਰੇ ਹੀ ਗਿਆਨੀ ਜੀ ਦੇ ਗੁਰਮਤਿ ਧਾਰਨੀ ਹੋਣ ਕਾਰਨ ਆਪ ਜੀ ਦੀ ਸਿਮਰਤੀ ਵਿੱਚੋਂ ਕਰਮ-ਕਾਂਡ, ਵਹਿਮ-ਭਰਮ, ਜਾਦੂ-ਮੰਤਰ, ਟੂਣੇ, ਭੂਤ-ਪ੍ਰੇਤ ਦਾ ਸੰਕਲਪ ਘਰ ਨਹੀਂ ਕਰ ਸਕਿਆ, ਸਗੋਂ ਇਹ ਨਿਡਰ ਹੋ ਕੇ ਇਨ੍ਹਾਂ ਕੁਰੀਤੀਆਂ ਦੇ ਵਿਰੋਧ ਵਿਚ ਖੜ੍ਹ ਪਏ। ਅਜ਼ਾਦੀ ਤੋਂ ਬਾਅਦ ਆਪ ਪਟਿਆਲਾ ਆ ਗਏ। ਪਟਿਆਲੇ ਵਿਚ ਹੀ ਮੈਟ੍ਰਿਕ ਦਾ ਇਮਤਿਹਾਨ ਪਾਸ ਕੀਤਾ। ਇੱਥੇ ਹੀ ਗਿਆਨੀ ਜੀ ਨੇ ਪੰਜਾਬੀ ਯੂਨੀਵਰਸਿਟੀ ਤੋਂ 'ਗਿਆਨੀ' ਦੀ ਡਿਗਰੀ ਹਾਸਲ ਕੀਤੀ।

ਗਿਆਨੀ ਜੀ ਗੁਰਮਤਿ ਦੇ ਧਾਰਨੀ ਹੋਣ ਕਾਰਨ ਗ੍ਰਿਹਸਥੀ ਜੀਵਨ ਵਿਚ ਵਿਸ਼ਵਾਸ ਰੱਖਦੇ ਸਨ। ਗਿਆਨੀ ਜੀ ਦਾ ੧੯ ਸਾਲ ਦੀ ਉਮਰ ਵਿਚ ਬੀਬੀ ਆਗਿਆ ਕੌਰ ਸਪੁੱਤਰੀ ਸਰਦਾਰ ਰਵੇਲ ਸਿੰਘ ਜੀ ਨਾਲ ਵੈਸਾਖ ਦੇ ਮਹੀਨੇ ਅਨੰਦ ਕਾਰਜ ਹੋਇਆ। ਆਪ ਜੀ ਦੇ ਘਰ ੩ ਬੇਟੇ ਅਤੇ ੩ ਬੇਟੀਆਂ ਨੇ ਜਨਮ ਲਿਆ।

ਗਿਆਨੀ ਹਰਿਬੰਸ ਸਿੰਘ ਨੇ ਵਿਆਹ ਉਪਰੰਤ ਗੁਰਦੁਆਰਾ ਭਾਈ ਜੋਗਾ ਸਿੰਘ, ਪਿਸ਼ਾਵਰ ਵਿਖੇ ਮੀਤ ਮੈਨੇਜਰ ਦੀ ਸੇਵਾ ਨਿਭਾਈ। ਉੱਥੇ ਦਫ਼ਤਰ ਵਿਚ ਹੀ ਪੰਜਾਬੀ ਟਾਈਪ ਮਸ਼ੀਨ 'ਤੇ ਗਿਆਨੀ ਜੀ ਨੇ ਕੰਮ ਕੀਤਾ। ਉਪਰੰਤ ਪਟਿਆਲੇ ਆ ਕੇ ਆਪ ਜੀ ਆਈ.ਜੀ.ਪੁਲਿਸ (ਪੈਪਸੂ) ਦਫ਼ਤਰ ਵਿਚ ਪੰਜਾਬੀ ਟਾਈਪਿਸਟ ਦੇ ਤੌਰ 'ਤੇ ਨਿਯੁਕਤ ਹੋਏ, ਨਾਲ ਹੀ ਕਸਟੋਡੀਅਨ ਦੇ ਦਫ਼ਤਰ ਵੱਲ ਰਿਹਾਇਸ਼ੀ ਸਥਾਨ ਵੀ ਅਲਾਟ ਹੋ ਗਿਆ। ਪਟਿਆਲੇ ਹੀ ਆਪ ਜੀ ਨੇ ਰਾਗ ਵਿੱਦਿਆ ਵੀ ਪ੍ਰਾਪਤ ਕੀਤੀ। ਗੁਰਦੁਆਰਾ ਪਾਤਸ਼ਾਹੀ ਨੌਵੀਂ ਮੋਤੀ ਬਾਗ ਅਤੇ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਵਿਖੇ ਗੁਰ-ਸ਼ਬਦ ਦੀ ਕਥਾ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਜਦੋਂ ਪੈਪਸੂ ਟੁੱਟਿਆ ਤੇ ਯੂ.ਟੀ. ਚੰਡੀਗੜ੍ਹ ਦੀ ਸਰਕਾਰ ਹੋਂਦ ਵਿਚ ਆਈ ਤਾਂ ਗਿਆਨੀ ਜੀ ਦੀ ਪੋਸਟਿੰਗ ਜੀ.ਆਰ.ਪੀ. ਪਟਿਆਲਾ ਦੇ ਦਫ਼ਤਰ ਵਿਚ ਸਹਾਇਕ ਅਸਿਸਟੈਂਟ ਵਜੋਂ ਹੋ ਗਈ, ਇਸ ਤੋਂ ਮਗਰੋਂ ਸ਼ਿਮਲਾ ਤੇ ਜਲੰਧਰ ਵਿਖੇ ਵੀ ਛੇ-ਛੇ ਮਹੀਨਿਆਂ ਲਈ ਬਦਲੀ ਹੋਈ। ਫਿਰ ਉਨ੍ਹਾਂ ਨੂੰ ਡਾਇਰੈਕਟਰ ਜਨਰਲ ਪੁਲਿਸ, ਪੰਜਾਬ, ਚੰਡੀਗੜ੍ਹ (ਸੈਕਟਰੀਏਟ) ਵਿਖੇ ਤਾਇਨਾਤ ਕੀਤਾ ਗਿਆ। ਇੱਥੇ ਹੀ ਆਪ ਸੁਪਰਡੈਂਟ ਰਿਟਾਇਰ ਹੋਏ। ਮੌਜੂਦਾ ਸਮੇਂ ਆਪ ਜੀ ਦਾ ਪਰਵਾਰ ਪਟਿਆਲਾ ਵਿਖੇ ਹੀ ਨਜ਼ਦੀਕ ਗੁਰਦੁਆਰਾ ਹੋਤੀ ਮਰਦਾਨ, ਡੋਗਰਾ ਮਹੱਲਾ ਵਿਖੇ ਰਹਿ ਰਿਹਾ ਹੈ।

ਆਪਣੇ ਜੀਵਨ-ਕਾਲ ਦੌਰਾਨ ਗਿਆਨੀ ਜੀ ਨੇ ਗੁਰਬਾਣੀ ਖੋਜ ਨਾਲ ਸੰਬੰਧਿਤ ਅਨੇਕਾਂ ਲਿਖਤਾਂ ਦੀ ਰਚਨਾ ਕੀਤੀ। ਇਸ ਤੋਂ ਇਲਾਵਾ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਖੋਜ-ਭਰਪੂਰ ਵਿਆਖਿਆ ਨੂੰ ੧੪ ਭਾਗਾਂ ਵਿਚ ਦਰਜ ਕੀਤਾ। ਆਪਣੇ ਇਨ੍ਹਾਂ ਮਹਾਨ ਕੰਮਾਂ ਜਾਂ ਯਤਨਾਂ ਦੀ ਬਦੌਲਤ ਇਨ੍ਹਾਂ ਨੂੰ 'ਭਾਈ ਸਾਹਿਬ',

'ਭਾਈ ਗੋਪਾਲਾ' ਆਦਿ ਪਦਵੀਆਂ ਨਾਲ ਵੀ ਨਿਵਾਜਿਆ ਗਿਆ। ਆਪ ਜੀ ਨੂੰ ਧਰਮ ਪ੍ਰਚਾਰ ਕਮੇਟੀ ਦੇ ਸਲਾਹਕਾਰ ਮੈਂਬਰ ਹੋਣ ਦੇ ਨਾਲ-ਨਾਲ ਪੰਜਾਬੀ ਯੂਨੀਵਰਸਿਟੀ ਦੇ 'ਫ਼ੈਲੋ' ਹੋਣ ਦਾ ਮਾਣ ਵੀ ਪ੍ਰਾਪਤ ਹੋਇਆ।

ਡਾ. ਹਰਨਾਮ ਸਿੰਘ ਸ਼ਾਨ ਦੇ ਵਿਚਾਰ ਹਨ ਕਿ ਗਿਆਨੀ ਜੀ ਦੀ ਸ਼ਖ਼ਸੀਅਤ ਅਤੇ ਕਿਰਤ-ਵਿਰਤ ਗੁਰਮਤਿ ਦੇ ਪਾਵਨ ਸੰਚਾਲਕਾਂ ਤੇ ਗੁਰਬਾਣੀ ਦੇ ਅਮਰ ਉਚਾਰਕਾਂ ਦੀ ਅਪਾਰ ਬਖ਼ਸ਼ਿਸ਼ ਸਦਕੇ ਉਸੇ ਗੁਰਮਤਿ ਤੇ ਗੁਰਮੁਖੀ ਸਾਂਚੇ ਵਿਚ ਢਲੀ ਹੋਈ ਜਾਪਦੀ ਹੈ। ਗਿਆਨੀ ਜੀ ਲਗਾਤਾਰ ਕਈ ਦਹਾਕਿਆਂ ਤੋਂ ਗੁਰਮਤਿ ਤੇ ਗੁਰਬਾਣੀ ਨੂੰ ਕੇਵਲ ਪੜ੍ਹਦੇ, ਘੋਖਦੇ-ਜੋਖਦੇ ਹੀ ਨਹੀਂ ਰਹੇ, ਸਗੋਂ ਉਸ ਨੂੰ ਆਪਣੀ ਰਹਿਣੀ-ਬਹਿਣੀ ਤੇ ਕਥਨੀ-ਕਰਨੀ ਉੱਤੇ ਘਟਾਉਣ ਦਾ ਨਿਰੰਤਰ ਯਤਨ ਵੀ ਕਰਦੇ ਰਹੇ ਹਨ। ਆਪ ਨਾਮ ਬਾਣੀ ਦੇ ਕੇਵਲ ਰਸੀਏ ਹੀ ਨਹੀਂ, ਅਭਿਆਸੀ ਵੀ ਹਨ, ਉਸ ਦੇ ਰਸਿਕ ਕੀਰਤਨੀਏ ਤੇ ਅਨੁਭਵੀ ਕਥਾ-ਵਾਚਕ ਵੀ ਹਨ। ਇਸ ਲਈ ਉਹ ਉਮਰ ਭਰ ਕੀਤੀ ਅਜਿਹੀ ਘਾਲ-ਕਮਾਈ ਰਾਹੀਂ ਪ੍ਰਾਪਤ ਰੰਗ-ਰਸ, ਸੂਝ-ਬੂਝ ਤੇ ਨਿਰਣੈ, ਨਿਸ਼ਚੇ ਕੇਵਲ ਆਪਣੇ ਆਪ ਤਕ ਸੀਮਿਤ ਰੱਖਣ ਦੀ ਥਾਂ ਇਸ ਖੇਤਰ ਦੇ ਹੋਰ ਜਗਿਆਸੂਆਂ ਤੇ ਆਮ ਪਾਠਕਾਂ ਨਾਲ ਸਾਂਝੇ ਕਰਨ ਲਈ ਸਦਾ ਯਤਨਸ਼ੀਲ ਰਹੇ ਹਨ। ਸਟੀਕ ਬਾਰੇ ਲਿਖਦੇ ਹਨ ਕਿ ਇਹ ਉਮਰਾਂ-ਬੱਧੀ ਸ਼ਰਧਾ, ਸਿਦਕ ਤੇ ਕਮਾਈ ਦੀ ਸ਼ਾਹਕਾਰੀ ਤੇ ਯਾਦਗਾਰੀ ਉਪਜ ਹੈ। ਗਿਆਨੀ ਜੀ ਵਿਦਵਾਨ ਤੇ ਸਿਦਕਵਾਨ ਲੇਖਕ ਹਨ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਨਿੰਨ ਸ਼ਰਧਾਲੂ ਹਨ ਤੇ ਉਨ੍ਹਾਂ ਵਿਚ ਸੰਚਿਤ ਬਾਣੀ ਦੇ ਅਚੁਕ ਵਿਸ਼ਵਾਸੀ ਹਨ।

ਭਾਈ ਪਿੰਦਰਪਾਲ ਸਿੰਘ (ਕਥਾ-ਵਾਚਕ) ਗਿਆਨੀ ਜੀ ਨੂੰ ਆਤਮਿਕ ਤੌਰ 'ਤੇ ਜਾਗਿਆ ਹੋਇਆ ਇਨਸਾਨ ਦੱਸਦੇ ਹਨ ਅਤੇ ਲਿਖਦੇ ਹਨ ਕਿ "ਗਿਆਨੀ ਹਰਿਬੰਸ ਸਿੰਘ ਜੀ, ਜਿਨਾਂ ਨੂੰ ਸਤਿਗੁਰਾਂ ਨੇ ਗਿਆਨ ਬਖ਼ਸ਼ਿਆ ਹੈ ਉੱਥੇ ਹੀ ਕਰਨੀ ਪ੍ਰਧਾਨ ਜੀਵਨ ਵੀ ਬਖ਼ਸ਼ਿਆ ਹੈ . . . ਗਿਆਨੀ ਜੀ ਵਾਰ-ਵਾਰ ਇਸ ਗੱਲ 'ਤੇ ਜ਼ੋਰ ਦਿੰਦੇ ਹਨ ਕਿ ਗੁਰਮਤਿ ਦਾ ਅਮਲੀ ਜੀਵਨ ਹੀ ਕਰਨੀ ਪ੍ਰਧਾਨ ਜੀਵਨ ਹੈ, ਕਿਉਂਕਿ ਜੀਵਨ ਹੀ ਜੀਵਨ ਪਲਟ ਸਕਦਾ ਹੈ, ਕੋਈ ਜਾਗਦਾ ਹੀ ਸੁੱਤੇ ਨੂੰ ਜਗਾ ਸਕਦਾ ਹੈ। ਗਿਆਨੀ ਜੀ ਆਪ ਆਤਮਿਕ ਤੌਰ 'ਤੇ ਜਾਗੇ ਹੋਏ ਹਨ। ਗੁਰਮਤਿ ਅਨੁਸਾਰ ਜਾਗੇ ਹੋਏ ਮਨ ਦੀ ਨਿਸ਼ਾਨੀ ਇਹ ਹੈ ਕਿ ਉਸ ਨੂੰ ਸਤਿਗੁਰੂ ਜੀ ਦੀ ਬਾਣੀ ਮਿੱਠੀ ਅਤੇ ਪਿਆਰੀ ਲਗਦੀ ਹੈ।"

ਗਿਆਨੀ ਜੀ ਨਿਸਚੇ ਦੇ ਪ੍ਰਪੱਕ, ਨਿਮਰ ਸੁਭਾਅ ਦੇ ਮਾਲਕ ਅਤੇ ਹਮੇਸ਼ਾ ਹੀ ਗੁਰੂ ਨੂੰ ਅੰਗ-ਸੰਗ ਸਮਝਣ ਵਾਲੀ ਬਿਰਤੀ ਦੇ ਧਾਰਨੀ ਸਨ ਅਤੇ ਉਨ੍ਹਾਂ ਦੇ ਨਿਸਚੇ ਦੀ ਪ੍ਰਪੱਕਤਾ ਦਾ ਆਧਾਰ ਸ੍ਵੈ-ਕੇਂਦਰਿਤ ਨਹੀਂ, ਬਲਕਿ ਗੁਰੂ ਕੇਂਦਰਿਤ ਸੀ। ਬਾਣੀ ਗੁਰੂ ਪ੍ਰਤੀ ਦ੍ਰਿੜ੍ਹਤਾ ਅਤੇ ਪ੍ਰੇਮ ਦੇ ਕਾਰਨ ਹੀ ਆਪ ਜੀ ਨੇ ਇੱਕੋ ਚੌਂਕੜੇ ਦੇ ਦੋ ਅਖੰਡ ਪਾਠ ਵੀ ਕੀਤੇ। ਗਿਆਨੀ ਜੀ ਚੰਗੇ ਵਿਆਖਿਆਕਾਰ ਹੋਣ ਦੇ ਨਾਲ-ਨਾਲ ਉੱਚ ਕੋਟੀ ਦੇ ਕਥਾ-ਵਾਚਕ ਅਤੇ ਕੀਰਤਨੀਏ ਵੀ ਸਨ। ਦੇਸ਼ਾਂ-ਵਿਦੇਸ਼ਾਂ ਵਿਚ ਆਪ ਜੀ ਨੇ

ਕੀਰਤਨ ਰਾਹੀਂ ਸੇਵਾ ਅਤੇ ਪ੍ਰਚਾਰ ਵੀ ਕੀਤਾ। ਗਿਆਨੀ ਜੀ ਦਾ ਬਚਪਨ ਤੋਂ ਹੀ ਪਿੰਡ ਦੇ ਪਾਠੀ ਸਿੰਘਾਂ, ਗੁਰਮੁਖਾਂ ਨਾਲ ਖਾਸ ਮੋਹ ਸੀ। ਆਪ ਜੀ ਦਾ ਕਈ ਗੁਰਮੁਖਾਂ ਨਾਲ ਮੇਲ-ਮਿਲਾਪ ਹੋਇਆ, ਜਿਨ੍ਹਾਂ ਵਿਚ ਸੰਤ ਗੁਰਬਚਨ ਸਿੰਘ ਜੀ ਭਿੰਡਰਾਂ ਵਾਲੇ, ਸੰਤ ਜਰਨੈਲ ਸਿੰਘ ਜੀ ਭਿੰਡਰਾਂ ਵਾਲੇ, ਭਾਈ ਰਣਧੀਰ ਸਿੰਘ ਜੀ ਨਾਰੰਗਵਾਲ, ਬਾਬਾ ਅਜੀਤ ਸਿੰਘ ਜੀ ਨੱਥਲਪੁਰ ਵਾਲੇ, ਗਿਆਨੀ ਸੰਤ ਸਿੰਘ ਜੀ ਮਸਕੀਨ, ਭਾਈ ਜਸਬੀਰ ਸਿੰਘ ਖੰਨੇ ਵਾਲੇ, ਭਾਈ ਸ਼ੇਰ ਸਿੰਘ ਗੁਰੂਸਰ ਸੁਧਾਰ ਵਾਲੇ, ਸੰਤ ਬਲਵੰਤ ਸਿੰਘ ਜੀ, ਗਿਆਨੀ ਦਿਆਲ ਸਿੰਘ ਜੀ ਪਟਿਆਲਾ ਵਾਲੇ ਅਤੇ ਭਾਈ ਤੇਜਿੰਦਰ ਪਾਲ ਸਿੰਘ ਜੀ ਖਾਲਸਾ (ਪਟਿਆਲਾ) ਦਾ ਨਾਂ ਵਰਣਨਯੋਗ ਹੈ। ਗਿਆਨੀ ਜੀ ਗੁਰਬਾਣੀ ਪੜ੍ਹਨ, ਨਾਮ ਜਪਣ ਨੂੰ ਸਾਰੇ ਰੋਗਾਂ ਦੀ ਔਸ਼ਧੀ ਮੰਨਦੇ ਸਨ, ਜਿਵੇਂ ਕਿ ਗਿਆਨੀ ਜੀ ਨੇ *ਸਰਬ ਰੋਗ ਕਾ ਅਉਖਦੁ ਨਾਮੁ* ਪੰਕਤੀ ਨੂੰ ਆਪਣੀ ਜ਼ਿੰਦਗੀ ਵਿਚ ਕਮਾ ਕੇ ਵੇਖਿਆ। ਗਿਆਨੀ ਜੀ ਲਿਖਦੇ ਹਨ ਕਿ ਜਿਹੜੇ ਲੋਕ ਇਹ ਸਮਝਦੇ ਹਨ ਕਿ ਗੁਰਬਾਣੀ ਕੇਵਲ ਮਾਨਸਿਕ ਤੇ ਆਧਿਆਤਮਿਕ ਰੋਗਾਂ ਦੀ ਦਵਾਈ ਹੈ, ਸਰੀਰਕ ਰੋਗਾਂ ਦੀ ਨਹੀਂ, ਉਹ ਭੁਲੇਖੇ ਵਿਚ ਹਨ। ਇਤਿਹਾਸ ਇਸ ਗੱਲ ਦਾ ਗਵਾਹ ਹੈ। ਆਪ ਭਾਈ ਸੱਤਾ ਤੇ ਬਲਵੰਡ ਜੀ ਦੀ ਰਾਮਕਲੀ ਕੀ ਵਾਰ ਦੀ ਉਦਾਹਰਨ ਦਿੰਦੇ ਹਨ। ਅੱਜ ਵੀ ਇਸ ਵਾਰ ਦਾ ਉਤਨਾ ਹੀ ਮਹੱਤਵ ਹੈ, ਇਸ ਨੂੰ ਸਪਸ਼ਟ ਕਰਦੇ ਹੋਏ ਗਿਆਨੀ ਜੀ ਨੇ ਇਸ ਬਾਣੀ ਦੇ ਸਟੀਕ ਵਿਚ ਇਕ ਹੱਡ-ਬੀਤੀ ਦਾ ਜ਼ਿਕਰ ਵੀ ਕੀਤਾ ਹੈ। ਜਦੋਂ ਗਿਆਨੀ ਜੀ ਚੰਡੀਗੜ੍ਹ ਪੁਲਿਸ ਡਿਪਾਰਟਮੈਂਟ ਵਿਚ ਨੌਕਰੀ ਕਰਦੇ ਸਨ ਤਾਂ ਇਨ੍ਹਾਂ ਦੇ 'ਆਈ ਜੀ' ਕੰਵਰ ਸ਼ਮਸ਼ੇਰ ਸਿੰਘ ਸਨ। ਉਨ੍ਹਾਂ ਦੀ ਸੁਪਤਨੀ ਸ਼ੀਲਾ ਨੂੰ ਕੋਹੜ ਦੇ ਰੋਗ ਨੇ ਆ ਘੇਰਿਆ। ਥਾਂ-ਥਾਂ ਇਲਾਜ ਕਰਾਇਆ, ਪਰੰਤੂ ਕੋਈ ਸੁਧਾਰ ਨਾ ਆਇਆ। ਫਿਰ ਕਿਸੇ ਗੁਰਮੁਖ ਦਾ ਮੇਲ ਹੋਇਆ ਤਾਂ ਉਸ ਨੇ ਇਸ ਵਾਰ (ਰਾਮਕਲੀ ਕੀ ਵਾਰ) ਦਾ ਪਾਠ ਸੁਣਨ ਨੂੰ ਕਿਹਾ। ਜਦੋਂ 'ਆਈ ਜੀ' ਸਾਹਿਬ ਆਪਣੇ ਡਿਪਾਰਟਮੈਂਟ ਵਾਪਸ ਆਏ ਤਾਂ ਉਨ੍ਹਾਂ ਕਿਸੇ ਸ਼ੁੱਧ ਪਾਠ ਕਰਨ ਵਾਲੇ ਬਾਰੇ ਪੁੱਛਿਆ ਤਾਂ ਦਫ਼ਤਰ ਵਾਲਿਆਂ ਨੇ ਗਿਆਨੀ ਜੀ ਦਾ ਨਾਂ ਲਿਆ। ਸ਼ੀਲਾ ਜੀ ਸਿਰਫ਼ ਅੰਗਰੇਜ਼ੀ ਜਾਣਦੇ ਸਨ। ਗਿਆਨੀ ਜੀ ਨੂੰ ਇਸ ਬਾਰੇ ਪੁੱਛਿਆ ਗਿਆ ਤਾਂ ਗਿਆਨੀ ਜੀ ਨੇ ਪਾਠ ਸੁਣਾਉਣ ਲਈ ਹਾਂ ਕਰ ਦਿੱਤੀ, ਭਾਵੇਂ ਉਨੀਂ ਦਿਨੀਂ ਆਪ ਬਹੁਤ ਜ਼ਿਆਦਾ ਮਸ਼ਰੂਫ ਸਨ। ਗਿਆਨੀ ਜੀ ਨੇ ਬੜੇ ਪਿਆਰ ਨਾਲ ਅਰਥ ਵੀ ਸੁਣਾਏ, ਇਸੇ ਤਰ੍ਹਾਂ ਕਰਦੇ-ਕਰਦੇ ਥੋੜ੍ਹੇ ਦਿਨਾਂ ਵਿਚ ਕੋਹੜ ਦਾ ਰੋਗ ਬਿਲਕੁਲ ਠੀਕ ਹੋ ਗਿਆ। ਗਿਆਨੀ ਜੀ ਅਨੁਸਾਰ ਜਿਹੜੇ ਰੋਗ ਨੂੰ ਵੱਡੇ-ਵੱਡੇ ਡਾਕਟਰ ਨਹੀਂ ਸਨ ਠੀਕ ਕਰ ਸਕੇ, ਗੁਰਬਾਣੀ ਨੇ ਥੋੜ੍ਹੇ ਦਿਨਾਂ ਵਿਚ ਹੀ ਉਸ ਬੀਬੀ ਦੇ ਕੋਹੜ ਵਰਗੇ ਭਿਆਨਕ ਰੋਗ ਨੂੰ ਠੀਕ ਕਰ ਦਿੱਤਾ। ਇਸ ਘਟਨਾ ਤੋਂ ਗਿਆਨੀ ਜੀ ਦੇ ਗੁਰਬਾਣੀ ਪ੍ਰੇਮ ਪ੍ਰਤੀ ਦ੍ਰਿੜ੍ਹ ਵਿਸ਼ਵਾਸ ਦਾ ਪਤਾ ਚਲਦਾ ਹੈ। ਗਿਆਨੀ ਜੀ ਨੇ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ' ਤੋਂ ਇਲਾਵਾ ਹੋਰ ਕਈ ਗੁਰਮਤਿ ਦੇ ਸਿਧਾਂਤਾਂ ਤੇ ਆਧਾਰਿਤ ਪਹਿਲੂਆਂ ਦੀ ਵਿਆਖਿਆ ਕੀਤੀ। ਗਿਆਨੀ ਜੀ ਰਚਿਤ ਸੰਪੂਰਨ

ਰਚਨਾਵਾਂ ਦਾ ਕਾਲਕ੍ਰਮ ਅਨੁਸਾਰ ਵੇਰਵਾ ਇਸ ਪ੍ਰਕਾਰ ਹੈ:-

| ਲੜੀ ਨੰ: | ਰਚਨਾ | ਕਾਲ/ਸਮਾਂ |
|---|---|---|
| ੧ | ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ ਸਟੀਕ | ੧੯੬੨-੧੯੬੨ |
| ੨ | ਜਪੁ ਨਿਰਣੈ ਸਟੀਕ (ਤੁਲਨਾਤਮਿਕ ਅਧਿਐਨ) | ੧੯੬੩ |
| ੩ | ਚੰਡੀ ਦੀ ਵਾਰ ਨਿਰਣੈ ਸਟੀਕ | ੧੯੬੯ |
| ੪ | ਅਕਾਲ ਉਸਤਤਿ ਦਰਸ਼ਨ | ੧੯੭੧ |
| ੫ | ਆਸਾ ਕੀ ਵਾਰ (ਦਰਸ਼ਨ ਨਿਰਣੈ) | ੧੯੭੧ |
| ੬ | ਨਵੀਨ ਗੁਰਬਾਣੀ ਨਿਤਨੇਮ (ਸਟੀਕ) | ੧੯੭੨ |
| ੭ | ਜੈਤਸਰੀ ਕੀ ਵਾਰ (ਨਿਰਣੈ ਸਟੀਕ) | ੧੯੭੪ |
| ੮ | ਜੀਵਨ ਗਾਥਾ ਸੰਤ ਬਾਬਾ ਅਜੀਤ ਸਿੰਘ ਜੀ (ਨੱਥਲਪੁਰ ਵਾਲੇ) | ੧੯੭੪ |
| ੯ | ਨਿਰਬਾਣ ਕੀਰਤਨ ਅਤੇ ਗੁਰਮਤਿ ਸੰਗੀਤ | ੧੯੭੬ |
| ੧੦ | ਵੈਰਾਗ ਲਹਿਰਾਂ ਤੇ ਸਫ਼ਲ ਜੀਵਨ | ੧੯੭੭ |
| ੧੧ | ਨਵੀਨ ਗੁਰਬਾਣੀ ਵਿਆਕਰਣ | ੧੯੭੯ |
| ੧੨ | ਸ੍ਰੀ ਦਸਮ ਗ੍ਰੰਥ ਦਰਪਣ | ੧੯੮੦ |
| ੧੩ | ਗੁਰਮਤਿ ਕੜਾਹ ਪ੍ਰਸਾਦ ਮਰਯਾਦਾ | ੧੯੮੬ |
| ੧੪ | ਅਨੰਦ ਪਰਮਾਰਥ ਇਕ ਅਧਿਆਤਮਿਕ ਅਧਿਐਨ | ੧੯੮੭ |
| ੧੫ | ਅਰਦਾਸਿ ਪਰੰਪਰਾ ਅਤੇ ਸ਼ਕਤੀ | ੧੯੯੦ |
| ੧੬ | ਗੁਰਮਤਿ ਬੈਰਾਗ ਦਰਸ਼ਨ | ੧੯੯੨ |
| ੧੭ | ਰਾਮਕਲੀ ਕੀ ਵਾਰ ਮਹਲਾ ੩ ਨਿਰਣੈ ਸਟੀਕ | ੧੯੯੨ |
| ੧੮ | ਬਾਰਹ ਮਾਹਾ ਦਰਪਣ | ੧੯੯੪ |
| ੧੯ | ਮੌਤ ਕੀ ਹੈ? | ੧੯੯੪ |
| ੨੦ | ਸਿਧ ਗੋਸਟਿ ਨਿਰਣੈ (ਤੁਲਨਾਤਮਿਕ ਅਧਿਐਨ) | ੧੯੯੪ |
| ੨੧ | ਵਾਰ ਸਤਾ ਬਲਵੰਡ (ਸਟੀਕ) | ੧੯੯੪ |
| ੨੨ | ਬਾਣੀ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਸਟੀਕ | ੧੯੯੬ |
| ੨੩ | ਸਲੋਕ ਸਹਸਕ੍ਰਿਤੀ ਤੇ ਗਾਥਾ ਸਟੀਕ (ਤੁਲਨਾਤਮਿਕ ਅਧਿਐਨ) | ੧੯੯੭ |
| ੨੪ | ਬਾਣੀ ਸ਼ੇਖ ਫ਼ਰੀਦ ਜੀ ਸਟੀਕ | ੧੯੯੭ |
| ੨੫ | ਗੁਰਬਾਣੀ ਪਾਠ ਪਰੰਪਰਾ ਨਿਰਣੈ | ੧੯੯੭ |
| ੨੬ | ਸੁਖਮਨੀ ਦਰਸ਼ਨ (ਸੰਕਲਪ ਅਤੇ ਸਿਧਾਂਤ) | ੧੯੯੭ |
| ੨੭ | ਸਮਰਥ ਗੁਰੂ | ੧੯੯੮ |
| ੨੮ | ਨਾਮ ਸਿਮਰਨ | ੧੯੯੮ |
| ੨੯ | ਅੰਮ੍ਰਿਤ ਫ਼ਿਲਾਸਫ਼ੀ | ੨੦੦੨ |
| ੩੦ | ਗੁਰਮਤਿ ਜੀਵਨ ਫ਼ਿਲਾਸਫ਼ੀ ਜੀਵਨ ਕੀ ਹੈ? | ੨੦੦੩ |
| ੩੧ | ਗੁਰਬਾਣੀ ਕੀਰਤਨ (ਸ਼ਬਦ ਪ੍ਰਮਾਣ) | ੨੦੦੪ |

| | | |
|---|---|---|
| ੩੨ | ਸਲੋਕ ਭਗਤ ਕਬੀਰ ਜੀਓ ਕੇ ਸਟੀਕ | ੨੦੦੫ |
| ੩੩ | ਸਵਯੇ ਸ੍ਰੀ ਮੁਖਬਾਕ ਮਹਲਾ ੫ ਅਤੇ ਭੱਟਾਂ ਦੇ ਸਵਈਏ ਸਟੀਕ | ੨੦੦੫ |
| ੩੪ | ਗੁਰਬਾਣੀ ਸੰਖਿਆ ਬੋਧ ਕੋਸ਼ | ੨੦੦੫ |
| ੩੫ | ਜਾਪੁ ਸਾਹਿਬ ਸਟੀਕ | ੨੦੦੮ |
| ੩੬ | ਗਾਥਾ ਜੀਵਨ ਦਰਸ਼ਨ (ਦਸ ਗੁਰੂ ਸਹਿਬਾਨ) ਦੋ ਭਾਗ | ੨੦੧੦ |
| ੩੭ | ਗੁਰਮਤਿ ਗਿਆਨ ਸਰੋਵਰ | ੨੦੧੩ |
| ੩੮ | ਜੀਵਨ ਆਰਸੀ (ਗਿ. ਹਰਿਬੰਸ ਸਿੰਘ) | ੨੦੧੩ |

ਇਸ ਸਾਰਣੀ ਤੋਂ ਸਪਸ਼ਟ ਹੁੰਦਾ ਹੈ ਕਿ ਗਿਆਨੀ ਹਰਿਬੰਸ ਸਿੰਘ ਜੀ ਦੀਆਂ ਕੁੱਲ ੩੮ ਗੁਰਮਤਿ ਆਧਾਰਿਤ ਰਚਨਾਵਾਂ ਹਨ, ਜਿਨ੍ਹਾਂ ਵਿੱਚੋਂ 'ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਰਸ਼ਨ ਨਿਰਣੈ' ਸਟੀਕ ਇਕ ਵੱਡ-ਅਕਾਰੀ ਰਚਨਾ ਹੈ। ਪੁਸਤਕਾਂ ਵਿੱਚੋਂ ਸਭ ਤੋਂ ਪਹਿਲੀ ਰਚਨਾ 'ਜਪੁ ਨਿਰਣੈ' ਸਟੀਕ ਹੈ ਜਿਸ ਦਾ ਪਹਿਲਾ ਸੰਸਕਰਣ ਪ੍ਰਕਾਸ਼ਨ ਦਾ ਸਮਾਂ ੧੯੬੩ ਹੈ ਅਤੇ ਅਖੀਰਲੀ ਰਚਨਾ 'ਸ੍ਵੈ-ਜੀਵਨੀ' (ਜੀਵਨ ਆਰਸੀ) ਹੈ, ਜਿਸ ਦਾ ਪਹਿਲਾ ਸੰਸਕਰਣ ੨੦੧੩ ਵਿਚ ਛਪਿਆ। ਕੁੱਲ ਰਚਨਾ ਕਾਲ ਦਾ ਸਮਾਂ ਅੰਤਰਾਲ ੧੯੬੩ ਤੋਂ ਲੈ ਕੇ ੨੦੧੩ (੫੦ ਸਾਲ) ਤਕ ਹੈ।

ਗਿਆਨੀ ਜੀ ਆਪਣੀ ਸੰਸਾਰਕ ਅਤੇ ਅਧਿਆਤਮਿਕ ਸੇਵਾ ਨਿਭਾ ਰਹੇ ਸਨ ਤੇ *ਜੋ ਆਇਆ ਸੋ ਚਲਸੀ ਸਭੁ ਕੋਈ ਆਈ ਵਾਰੀਐ* ਦੇ ਮਹਾਂਵਾਕਾ ਅਨੁਸਾਰ ੨੨ ਦਸੰਬਰ ੨੦੧੫ ਨੂੰ ਅੰਮ੍ਰਿਤ ਵੇਲੇ ਡੇਢ ਵਜੇ ਇਸ ਫ਼ਾਨੀ ਸੰਸਾਰ ਨੂੰ ਛੱਡ ਕੇ ਪੰਜਾਂ ਤੱਤਾਂ ਵਿਚ ਵਿਲੀਨ ਹੋ ਗਏ।

ਹਵਾਲੇ

੧. ਹਰਿਬੰਸ ਸਿੰਘ (ਗਿ.), *ਜੀਵਨ ਆਰਸੀ*, ਪੰਨਾ ੧੧੨
੨. ਓਹੀ, ਪੰਨੇ ੧੧੨-੧੧੪
੩. ਹਰਿਬੰਸ ਸਿੰਘ (ਗਿ.), *ਨਵੀਨ ਗੁਰਬਾਣੀ ਵਿਆਕਰਣ*, ਪੰਨੇ ੭-੨੧
੪. ਹਰਿਬੰਸ ਸਿੰਘ (ਗਿ.), *ਗੁਰਮਤਿ ਗਿਆਨ ਸਰੋਵਰ*, ਪੰਨੇ ੫-੬
੫. ਹਰਿਬੰਸ ਸਿੰਘ (ਗਿ.), *ਵਾਰ ਸੱਤਾ ਬਲਵੰਡ (ਸਟੀਕ)*, ਪੰਨਾ ੪੭
੬. ਹਰਿਬੰਸ ਸਿੰਘ (ਗਿ.), *ਵਾਰ ਸੱਤਾ ਬਲਵੰਡ (ਸਟੀਕ)*, ਪੰਨੇ ੪੮-੫੧

## ਜ਼ਿਲ੍ਹਾ ਤਰਨ ਤਾਰਨ ਵਿਖੇ ਅੰਮ੍ਰਿਤ-ਸੰਚਾਰ

ਭਾਈ ਗੁਰਲਾਲ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਸਾਹਿਬ ਸ਼ਹੀਦਾਂ, ਪਿੰਡ ਮਾੜੀ ਗੌੜ ਸਿੰਘ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਵਿਖੇ ੧੪ ਜਨਵਰੀ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੬੧ ਪ੍ਰਾਣੀ ਖੰਡੇ-ਬਾਟੇ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

# ਅਗੈ ਭੁਖਾ ਕਿਆ ਖਾਏ

*-ਡਾ. ਪਰਮਜੀਤ ਕੌਰ**

ਮਨੁੱਖਾ ਸਰੀਰ ਨਾਸ਼ਮਾਨ ਹੈ। ਮਨੁੱਖ ਦੇ ਜਨਮ ਦੇ ਨਾਲ ਹੀ ਮੌਤ ਵੀ (ਅੰਤਲਾ ਸਮਾਂ) ਉਸ ਦੇ ਨਾਲ ਜੁੜ ਜਾਂਦੀ ਹੈ। ਜਨਮ ਤੇ ਮਰਨ ਜੀਵਨ ਦੇ ਦੋ ਪਹਿਲੂ ਹਨ। ਮੌਤ ਜੀਵਾਤਮਾ ਦਾ ਅੰਤ ਨਹੀਂ ਹੈ। ਆਤਮਾ ਅਮਰ ਹੈ, ਉਹ ਸਰੀਰ ਬਦਲਦੀ ਹੈ ਜਾਂ ਪਰਮਾਤਮਾ ਵਿਚ ਲੀਨ ਹੋ ਜਾਂਦੀ ਹੈ। ਆਵਾਗਮਨ ਦਾ ਚੱਕਰ ਉਦੋਂ ਤਕ ਚੱਲਦਾ ਰਹਿੰਦਾ ਹੈ ਜਦੋਂ ਤਕ ਨਾਮ ਦੀ ਸ਼ਕਤੀ ਦੇ ਨਾਲ ਆਤਮਿਕ ਜੀਵਨ ਦੇ ਉਸ ਸਿਖ਼ਰ ’ਤੇ ਨਹੀਂ ਪਹੁੰਚ ਜਾਈਦਾ, ਜਿੱਥੇ ਕਰਮਾਂ ਦੇ ਸੰਸਕਾਰ ਮਿਟ ਜਾਂਦੇ ਹਨ।

ਮਨੁੱਖਾ ਜਨਮ ਵਿਚ ਮਨੁੱਖ ਦਾ ਸਰੀਰ ਕਰਮ ਕਮਾਉਣ ਲਈ ਧਰਤੀ ਦੇ ਸਮਾਨ ਹੈ, ਜਿਸ ਵਿਚ ਜਿਹਾ ਕੋਈ ਬੀਜਦਾ ਹੈ, ਉਹੀ ਖਾਂਦਾ ਹੈ। ਪਰਮਾਤਮਾ ਦੀ ਭਗਤੀ ਕਰਨ ਵਾਲੇ ਸੱਚ ਦੇ ਵਪਾਰੀ ਮਨ, ਬਚਨ, ਕਰਮ ਤੋਂ ਸੱਚੇ ਬੰਦੇ ਪਰਮਾਤਮਾ ਦੇ ਦਰ ’ਤੇ ਸੋਭਾ ਪਾਉਂਦੇ ਹਨ, ਪਰ ਮਨ ਦੇ ਪਿੱਛੇ ਤੁਰਨ ਵਾਲੇ ਕੂੜ ਦੇ ਵਪਾਰੀ ਜਨਮ-ਮਰਨ ਦੇ ਗੇੜ ਵਿਚ ਪਏ ਰਹਿੰਦੇ ਹਨ:

*ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ॥*
*ਕਹੁ ਨਾਨਕ ਭਗਤ ਸੋਹਹਿ ਦਰਵਾਰੇ ਮਨਮੁਖ ਸਦਾ ਭਵਾਤਿ॥ (ਪੰਨਾ ੭੮)*

ਸ੍ਰੀ ਗੁਰੂ ਅਰਜਨ ਦੇਵ ਜੀ ਦ੍ਰਿੜ੍ਹ ਕਰਵਾ ਰਹੇ ਹਨ ਕਿ ਹੁਣ ਮਨੁੱਖਾ ਜਨਮ ਮਿਲਣ ’ਤੇ ਨਾਮ ਬੀਜਣ ਦਾ ਸਮਾਂ ਤੈਨੂੰ ਮਿਲਿਆ ਹੈ, ਤੂੰ ਆਪਣੇ ਹਿਰਦੇ ਦੀ ਪੈਲੀ ਵਿਚ ਸਿਰਫ਼ ਤੇ ਸਿਰਫ਼ ਹਰਿ ਦਾ ਨਾਮ ਬੀਜ। ਮਨੁੱਖਾ ਜਨਮ ਤੋਂ ਬਿਨਾ ਕਿਸੇ ਹੋਰ ਜਨਮ ਵਿਚ ਪਰਮਾਤਮਾ ਦਾ ਨਾਮ ਨਹੀਂ ਬੀਜਿਆ ਜਾ ਸਕੇਗਾ। ਮਾਇਆ ਦੀ ਦੌੜ-ਭੱਜ ਵਿਚ ਪੈ ਕੇ ਕਿਤੇ ਕੁਰਾਹੇ ਨਾ ਪੈ ਜਾਵੀਂ। ਇਹ ਮਨੁੱਖਾ ਜਨਮ ਹੀ ਨਾਮ ਬੀਜਣ ਦਾ ਢੁੱਕਵਾਂ ਸਮਾਂ ਹੈ:

*ਅਬ ਕਲੂ ਆਇਓ ਰੇ॥ ਇਕੁ ਨਾਮੁ ਬੋਵਹੁ ਬੋਵਹੁ॥*
*ਅਨ ਰੁਤਿ ਨਾਹੀ ਨਾਹੀ॥ ਮਤੁ ਭਰਮਿ ਭੂਲਹੁ ਭੂਲਹੁ॥*
*ਗੁਰ ਮਿਲੇ ਹਰਿ ਪਾਏ॥ ਜਿਸੁ ਮਸਤਕਿ ਹੈ ਲੇਖਾ॥*
*ਮਨ ਰੁਤਿ ਨਾਮ ਰੇ॥ ਗੁਨ ਕਹੇ ਨਾਨਕ ਹਰਿ ਹਰੇ ਹਰਿ ਹਰੇ॥ (ਪੰਨਾ ੧੧੮੫)*

ਗੁਰੂ ਸਾਹਿਬ ਸੁਚੇਤ ਕਰ ਰਹੇ ਹਨ ਕਿ ਹਰੇਕ ਜੀਵ ਨੇ ਆਪੋ-ਆਪਣੀ ਵਾਰੀ ਇਸ ਦੁਨੀਆ ਤੋਂ ਚਲੇ ਜਾਣਾ ਹੈ। ਇਸ ਸਮੇਂ ਵਿਚ ਜੇਕਰ ਲੋਕ-ਵਿਖਾਵਾ ਹੀ ਕਰਦਾ

**ਮਕਾਨ ਨੰ: ੬੨੦, ਗਲੀ ਨੰਬਰ-੧, ਛੋਟੀ ਲਾਈਨ, ਸੰਤਪੁਰਾ, ਯਮੁਨਾਨਗਰ, ਹਰਿਆਣਾ-੧੩੫੦੦੧*
*ਮੋ: +੯੧੯੮੧੨੩-੫੮੧੮੬*

ਰਿਹਾ ਤਾਂ ਪੱਲੇ ਗੁਣ ਨਹੀਂ ਹੋਣਗੇ, ਅੱਗੇ ਕੀ ਮੂੰਹ ਲੈ ਕੇ ਜਾਵੇਂਗਾ? ਫੁਰਮਾਨ ਹੈ:

*ਹੁਣਿ ਉਠਿ ਚਲਣਾ ਮੁਹਤਿ ਕਿ ਤਾਲਿ॥*
*ਕਿਆ ਮੁਹੁ ਦੇਸਾ ਗੁਣ ਨਹੀ ਨਾਲਿ॥* (ਪੰਨਾ ੬੬੧)

ਮੋਹ ਦੀ ਨੀਂਦ ਵਿਚ ਸੁੱਤੇ ਪਏ ਜੀਵ ਦੁਨੀਆ ਦੇ ਅਨੇਕ ਭੋਗ ਭੋਗਦੇ ਰਹਿੰਦੇ ਹਨ। ਸੋਹਣੇ ਕੱਪੜੇ ਪਹਿਨਣ, ਸੁਆਦਲੇ ਪਦਾਰਥਾਂ ਦੇ ਚਸਕੇ ਅਤੇ ਸੁਗੰਧੀਆਂ ਦੀ ਚਾਹ ਵਿਚ ਜੀਵਨ ਬਤੀਤ ਕਰ ਦਿੰਦੇ ਹਨ। ਇਹ ਨਹੀਂ ਸਮਝਦੇ ਕਿ ਅਕਾਲ ਪੁਰਖ ਦੇ ਨਾਮ ਤੋਂ ਬਿਨਾ ਇਹ ਸਰੀਰ ਸੁਆਹ ਦੇ ਸਮਾਨ ਹੈ। ਗੁਰੂ ਦੀ ਸੰਗਤ ਵਿਚ ਰਹਿ ਕੇ ਅੱਠੇ ਪਹਿਰ ਪਰਮਾਤਮਾ ਦੇ ਗੁਣ ਗਾਉਂਦੇ ਰਹਿਣ ਵਿਚ ਹੀ ਜੀਵ ਦਾ ਕਲਿਆਣ ਹੈ:

*ਭੋਗਹਿ ਭੋਗ ਅਨੇਕ ਵਿਣੁ ਨਾਵੈ ਸੁੰਞਿਆ॥*
*ਹਰਿ ਕੀ ਭਗਤਿ ਬਿਨਾ ਮਰਿ ਮਰਿ ਰੁੰਨਿਆ॥੨॥*
*ਕਪੜ ਭੋਗ ਸੁਗੰਧ ਤਨਿ ਮਰਦਨ ਮਾਲਣਾ॥*
*ਬਿਨੁ ਸਿਮਰਨ ਤਨੁ ਛਾਰੁ ਸਰਪਰ ਚਾਲਣਾ॥੩॥*
*ਮਹਾ ਬਿਖਮੁ ਸੰਸਾਰੁ ਵਿਰਲੈ ਪੇਖਿਆ॥*
*ਛੂਟਨੁ ਹਰਿ ਕੀ ਸਰਣਿ ਲੇਖੁ ਨਾਨਕ ਲੇਖਿਆ॥* (ਪੰਨਾ ੩੯੮)

ਜੇਕਰ ਅਕਾਲ ਪੁਰਖ ਦਾ ਨਾਮ ਵਿਸਰ ਜਾਏ ਤਾਂ ਬਾਕੀ ਸਭ ਕੂੜ ਕਮਾਈਦਾ ਹੈ। ਇਸ ਕੂੜ ਵਿਚ ਮਨ ਇੰਨਾ ਲਿਪਤ ਹੋ ਜਾਂਦਾ ਹੈ ਕਿ ਨਾਮ ਤੋਂ ਖੁੰਝੇ ਹੋਏ ਕੂੜ ਦੇ ਵਪਾਰੀ ਮਾਇਆ ਦੇ ਬੰਧਨ ਵਿਚ ਜਕੜੇ ਹੋਏ ਭਟਕਦੇ ਰਹਿੰਦੇ ਹਨ। ਸਾਰੀ ਉਮਰ ਜੋ ਕੁਝ ਵੀ ਕੀਤਾ ਜਾਂਦਾ ਹੈ ਉਹ ਪਰਮਾਤਮਾ ਦੀ ਹਜ਼ੂਰੀ ਵਿਚ ਕਬੂਲ ਨਹੀਂ ਹੁੰਦਾ। ਜੀਵਨ ਸਫ਼ਰ ਵਿਚ ਅਕਾਲ ਪੁਰਖ ਦੇ ਨਾਮ ਤੋਂ ਬਿਨਾ ਕੋਈ ਸਾਥ ਨਹੀਂ ਬਣਦਾ। ਪੁੱਤਰ, ਭਰਾ, ਪਰਵਾਰ ਆਦਿਕ ਕੋਈ ਮਦਦਗਾਰ ਨਹੀਂ ਬਣਦਾ। ਅੰਤ ਵੇਲੇ ਕੁਝ ਵੀ ਨਾਲ ਨਹੀਂ ਜਾਂਦਾ, ਸਭ ਕੁਝ ਇੱਥੇ ਹੀ ਰਹਿ ਜਾਂਦਾ ਹੈ:

*-ਬਿਨੁ ਨਾਵੈ ਕੋ ਬੇਲੀ ਨਾਹੀ ਪੁਤੁ ਕੁਟੰਬੁ ਸੁਤੁ ਭਾਈ॥*
*ਨਾਨਕ ਮਾਇਆ ਮੋਹੁ ਪਸਾਰਾ ਆਗੈ ਸਾਥਿ ਨ ਜਾਈ॥* (ਪੰਨਾ ੭੭੫)
*-ਆਗੇ ਕਉ ਕਿਛੁ ਤੁਲਹਾ ਬਾਂਧਹੁ ਕਿਆ ਭਰਵਾਸਾ ਧਨ ਕਾ॥*
*ਕਹਾ ਬਿਸਾਸਾ ਇਸ ਭਾਂਡੇ ਕਾ ਇਤਨਕੁ ਲਾਗੈ ਠਨਕਾ॥* (ਪੰਨਾ ੧੨੫੩)

ਨਾਮ-ਸਿਮਰਨ ਤੋਂ ਬਿਨਾ ਸਰੀਰ ਵਿਚ ਚਿੰਤਾ ਰੋਗ ਆਦਿਕ ਇਤਨਾ ਦੁੱਖ ਵਿਆਪਦਾ ਹੈ ਕਿ ਸਰੀਰਿਕ ਸਤਿਆ ਇਉਂ ਕਿਰਦੀ ਜਾਂਦੀ ਹੈ ਜਿਵੇਂ ਕੱਲਰ ਦੀ ਕੰਧ ਕਿਰਦੀ ਹੈ:

*ਬਿਨੁ ਨਾਵੈ ਦੁਖੁ ਦੇਹੁਰੀ ਜਿਉ ਕਲਰ ਕੀ ਭੀਤਿ॥*
*ਤਬ ਲਗੁ ਮਹਲੁ ਨ ਪਾਈਐ ਜਬ ਲਗੁ ਸਾਚੁ ਨ ਚੀਤਿ॥* (ਪੰਨਾ ੫੮)

ਜਿਹੜੇ ਜੀਵ ਪ੍ਰਭੂ ਨੂੰ ਵਿਸਾਰ ਕੇ ਹੋਰ ਹੋਰ ਕਰਮ-ਕਾਂਡਾਂ ਵਿਚ ਫਸੇ ਰਹਿੰਦੇ ਹਨ, ਦੇਵੀ-ਦੇਵਤਾ, ਦੇਹਧਾਰੀ ਗੁਰੂਆਂ, ਮੂਰਤੀਆਂ ਤੇ ਮੜ੍ਹੀਆਂ ਆਦਿਕ ਦੀ ਪੂਜਾ ਵਿਚ ਸਮਾਂ ਵਿਅਰਥ ਗਵਾ ਦਿੰਦੇ ਹਨ, ਉਹ ਖੁਆਰ ਹੁੰਦੇ ਹਨ, ਕੂੜ-ਕਿਰਿਆ ਵਿਚ ਉਲਝ ਕੇ ਰਹਿ ਜਾਂਦੇ ਹਨ। ਗੁਰੂ ਸਾਹਿਬ ਦ੍ਰਿੜ੍ਹ ਕਰਵਾ ਰਹੇ ਹਨ ਕਿ, ਹੇ ਭਾਈ! ਨਾਮ-ਸਿਮਰਨ ਤੋਂ ਬਿਨਾ ਭਾਵੇਂ ਤੀਰਥ-ਇਸ਼ਨਾਨ ਆਦਿਕ ਅਨੇਕਾਂ ਮਿੱਥੇ ਹੋਏ ਧਾਰਮਿਕ ਅਖਵਾਉਣ ਵਾਲੇ ਕਰਮ ਕੀਤੇ ਜਾਣ, ਅਜਿਹੇ ਕਰਮ ਜੀਵਨ-ਸਫ਼ਰ ਵਿਚ ਮਨੁੱਖ ਦੇ ਪੈਰਾਂ ਵਿਚ ਫਾਹੀ ਬਣਦੇ ਹਨ। ਮਨੁੱਖ ਦੇ ਆਤਮਿਕ ਜੀਵਨ ਨੂੰ ਨਾਮ-ਸਿਮਰਨ ਨਾਲ ਹੀ ਸੰਵਾਰਿਆ ਜਾ ਸਕਦਾ ਹੈ। ਹੋਰ-ਹੋਰ ਕਰਮ ਇਉਂ ਹੀ ਵਿਅਰਥ ਹਨ ਜਿਵੇਂ ਬੇਬਹਾਰਾ (ਮੌਸਮ ਤੋਂ ਬਿਨਾ) ਬੀਜਿਆ ਹੋਇਆ ਬੀਜ, ਜੋ ਉੱਗਦਾ ਨਹੀਂ। ਮਨੁੱਖ ਆਪਣੀ ਪੂੰਜੀ ਵੀ ਗਵਾ ਲੈਂਦਾ ਹੈ:

*ਅਨਿਕ ਕਰਮ ਕੀਏ ਬਹੁਤੇਰੇ॥*
*ਜੋ ਕੀਜੈ ਸੋ ਬੰਧਨੁ ਪੈਰੇ॥*
*ਕੁਰੁਤਾ ਬੀਜੁ ਬੀਜੇ ਨਹੀ ਜੰਮੈ ਸਭੁ ਲਾਹਾ ਮੂਲੁ ਗਵਾਇਦਾ॥ (ਪੰਨਾ ੧੦੭੫)*

ਮਨੁੱਖ ਦੇ ਮਨ ਲਈ ਅਕਾਲ ਪੁਰਖ ਦਾ ਨਾਮ ਹੀ ਜੀਵਨ ਸਫ਼ਰ ਦਾ ਖਰਚ ਹੈ। ਇਸ ਸਫ਼ਰ ਖਰਚ ਨੂੰ ਹਿਰਦੇ ਵਿਚ ਸੰਭਾਲ ਕੇ ਰੱਖਣਾ ਚਾਹੀਦਾ ਹੈ:

*ਮਨ ਕਾ ਤੋਸਾ ਹਰਿ ਨਾਮੁ ਹੈ ਹਿਰਦੈ ਰਖਹੁ ਸਮ੍ਹਾਲਿ॥*
*ਏਹੁ ਖਰਚੁ ਅਖੁਟੁ ਹੈ ਗੁਰਮੁਖਿ ਨਿਬਹੈ ਨਾਲਿ॥ (ਪੰਨਾ ੭੫੬)*

ਗੁਰੂ ਜੀ ਸਮਝਾਅ ਰਹੇ ਹਨ ਕਿ ਜਿੱਥੇ ਪਰਮਾਤਮਾ ਦਾ ਪਵਿੱਤਰ ਨਾਮ-ਧਨ ਇਕੱਠਾ ਕੀਤਾ ਜਾਂਦਾ ਹੈ, ਉੱਥੇ ਅਪਹੁੰਚ ਤੇ ਬੇਅੰਤ ਪ੍ਰਭੂ ਦਾ ਨਿਵਾਸ ਹੋ ਜਾਂਦਾ ਹੈ। ਹੇ ਗੁਰਸਿੱਖੋ! ਤੁਸੀਂ ਵੀ ਆਤਮਿਕ ਅਨੰਦ ਵਾਸਤੇ ਇਹ ਨਾਮ ਭੋਜਨ ਖਾ ਕੇ ਆਤਮਿਕ ਜੀਵਨ ਹਾਸਲ ਕਰੋ:

*ਸੰਚਨਿ ਕਰਉ ਨਾਮ ਧਨੁ ਨਿਰਮਲ ਥਾਤੀ ਅਗਮ ਅਪਾਰ॥*
*ਬਿਲਛਿ ਬਿਨੋਦ ਆਨੰਦ ਸੁਖ ਮਾਣਹੁ ਖਾਇ ਜੀਵਹੁ ਸਿਖ ਪਰਵਾਰ॥*
*(ਪੰਨਾ ੬੧੮)*

ਵਿਕਾਰਾਂ ਦੇ ਕਾਰਨ ਨਿਘਰੀ ਹੋਈ ਆਤਮਿਕ ਹਾਲਤ ਵਿਚ ਪਰਮਾਤਮਾ ਦਾ ਨਾਮ ਜਹਾਜ਼ ਦਾ ਕੰਮ ਕਰਦਾ ਹੈ, ਜੀਵਨ ਨੂੰ ਸੰਸਾਰ ਰੂਪੀ ਸਮੁੰਦਰ ਤੋਂ ਪਾਰ ਲੰਘਾ ਦਿੰਦਾ ਹੈ:

*ਕਲਿਜੁਗਿ ਰਾਮ ਨਾਮੁ ਬੋਹਿਥਾ ਗੁਰਮੁਖਿ ਪਾਰਿ ਲਘਾਈ॥ (ਪੰਨਾ ੪੪੩)*

ਗੁਰੂ ਸਾਹਿਬ ਸੁਚੇਤ ਕਰ ਰਹੇ ਹਨ ਕਿ ਆਤਮਿਕ ਜੀਵਨ ਦੀ ਸੂਝ ਦੇਣ ਵਾਲਾ ਅਜਿਹਾ ਕੀਮਤੀ ਨਾਮ ਜਿਨ੍ਹਾਂ ਨੇ ਨਹੀਂ ਸਿਮਰਿਆ, ਉਹ ਜਗਤ ਵਿਚ ਕਿਸ ਲਈ ਜੰਮੇ ਹਨ? ਉਨ੍ਹਾਂ ਦਾ ਮਨੁੱਖਾ ਜਨਮ ਕਿਸੇ ਕੰਮ ਨਹੀਂ ਆਉਂਦਾ, ਸਿਮਰਨ ਤੋਂ ਬਿਨਾ

ਸਾਰਾ ਵਿਅਰਥ ਚਲਾ ਜਾਂਦਾ ਹੈ। ਜਿਹੜਾ ਕਿਸਾਨ ਵਤਰ ਵੇਲੇ ਪੈਲੀ ਨਹੀਂ ਬੀਜਦਾ, ਉਹ ਵੇਲਾ ਬੀਤ ਜਾਣ 'ਤੇ ਭੁੱਖਾ ਮਰਦਾ ਹੈ, ਤਿਵੇਂ ਹੀ ਜਿਹੜਾ ਜੀਵ ਮਨੁੱਖਾ-ਜਨਮ ਪ੍ਰਾਪਤ ਕਰ ਕੇ ਢੁੱਕਵੇਂ ਸਮੇਂ ਆਪਣੇ ਹਿਰਦੇ ਦੀ ਖੇਤੀ ਵਿਚ ਪਰਮਾਤਮਾ ਦਾ ਨਾਮ ਨਹੀਂ ਬੀਜਦਾ, ਉਹ ਪਰਲੋਕ ਵਿਚ ਕਿਹੜੀ ਖ਼ੁਰਾਕ ਵਰਤੇਗਾ? ਜਦੋਂ ਆਤਮਿਕ ਜੀਵਨ ਦੇ ਪਲਰਨ ਲਈ ਨਾਮ-ਭੋਜਨ ਦੀ ਲੋੜ ਪਵੇਗੀ:

*ਜਿਨੀ ਐਸਾ ਹਰਿ ਨਾਮੁ ਨ ਚੇਤਿਓ ਸੇ ਕਾਹੇ ਜਗਿ ਆਏ ਰਾਮ ਰਾਜੇ॥*
*ਇਹੁ ਮਾਣਸ ਜਨਮੁ ਦੁਲੰਭੁ ਹੈ ਨਾਮ ਬਿਨਾ ਬਿਰਥਾ ਸਭੁ ਜਾਏ॥*
*ਹੁਣਿ ਵਤੈ ਹਰਿ ਨਾਮੁ ਨ ਬੀਜਿਓ ਅਗੈ ਭੁਖਾ ਕਿਆ ਖਾਏ॥*
*ਮਨਮੁਖਾ ਨੋ ਫਿਰਿ ਜਨਮੁ ਹੈ ਨਾਨਕ ਹਰਿ ਭਾਏ॥* *(ਪੰਨਾ ੪੫੦)*

ਇਹ ਮਨੁੱਖਾ ਜਨਮ ਸੱਚੇ ਪ੍ਰਭੂ ਦਾ ਨਾਮ ਰੂਪੀ ਬੀਜ ਬੀਜਣ ਲਈ ਫੱਬਵਾਂ ਸਮਾਂ ਮਿਲਿਆ ਹੈ। ਜੋ ਜੀਵ ਨਾਮ-ਬੀਜ ਬੀਜਦਾ ਹੈ, ਉਹ ਇਸ ਦਾ ਫ਼ਲ ਖਾਂਦਾ ਹੈ। ਇਹ ਦਾਤ ਉਸ ਨੂੰ ਹੀ ਮਿਲਦੀ ਹੈ, ਜਿਸ ਦੇ ਭਾਗਾਂ ਵਿਚ ਲਿਖੀ ਹੁੰਦੀ ਹੈ:

*ਵਤ ਲਗੀ ਸਚੇ ਨਾਮ ਕੀ ਜੋ ਬੀਜੇ ਸੋ ਖਾਇ॥*
*ਤਿਸਹਿ ਪਰਾਪਤਿ ਨਾਨਕਾ ਜਿਸ ਨੋ ਲਿਖਿਆ ਆਇ॥* *(ਪੰਨਾ ੩੨੧)*

ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਜਿਹੜੀ ਇਸਤਰੀ ਆਪਣੇ ਪੇਕੇ ਘਰ ਵਿਚ ਆਪਣੇ ਆਪ ਨੂੰ ਗੁਣਾਂ ਨਾਲ ਸੰਵਾਰਦੀ ਹੈ ਉਹ ਸਹੁਰੇ ਘਰ ਵਿਚ ਵੀ ਸੋਭਾ ਪਾਉਂਦੀ ਹੈ। ਇਸੇ ਤਰ੍ਹਾਂ ਜਿਹੜੀ ਜੀਵ-ਇਸਤਰੀ ਮਨੁੱਖਾ ਜਨਮ ਵਿਚ ਰਹਿ ਕੇ ਪਰਮਾਤਮਾ ਦਾ ਨਾਮ ਜਪ ਕੇ ਸੁਖੀ ਹੁੰਦੀ ਹੈ ਉਹ ਪਰਲੋਕ ਵਿਚ ਵੀ ਸੋਭਾ ਖੱਟਦੀ ਹੈ:

*ਸਾਹੁਰੜੈ ਵਿਚਿ ਖਰੀ ਸੋਹੰਦੀ ਜਿਨਿ ਪੇਵਕੜੈ ਨਾਮੁ ਸਮਾਲਿਆ॥* *(ਪੰਨਾ ੭੮)*

ਗੁਰੂ ਦੇ ਸਨਮੁਖ ਹੋ ਕੇ ਹਰਿ-ਨਾਮ ਦੀ ਖੇਤੀ ਬੀਜਣੀ ਚਾਹੀਦੀ ਹੈ। ਹਰਿ-ਨਾਮ ਆਪਣੇ ਹਿਰਦੇ ਵਿਚ ਉਗਾਉਣਾ ਚਾਹੀਦਾ ਹੈ। ਹਿਰਦੇ ਵਿਚ ਹਰਿ-ਨਾਮ ਦਾ ਰਸ ਲੈ ਕੇ ਹੀ ਪਰਲੋਕ ਦਾ ਲਾਹਾ ਖੱਟਿਆ ਜਾ ਸਕਦਾ ਹੈ:

*ਗੁਰਮੁਖਿ ਖੇਤੀ ਹਰਿ ਅੰਤਰਿ ਬੀਜੀਐ ਹਰਿ ਲੀਜੈ ਸਰੀਰਿ ਜਮਾਏ ਰਾਮ॥*
*ਆਪਣੇ ਘਰ ਅੰਦਰਿ ਰਸੁ ਭੁੰਚੁ ਤੂ ਲਾਹਾ ਲੈ ਪਰਥਾਏ ਰਾਮ॥* *(ਪੰਨਾ ੫੭੬)*

ਗੁਰੂ ਪਾਤਸ਼ਾਹ ਫੁਰਮਾਉਂਦੇ ਹਨ ਕਿ ਸਾਰਾ ਸੰਸਾਰ ਮਾਨੋਂ ਪ੍ਰਭੂ ਦੀ ਪੈਲੀ ਹੈ, ਜਿਸ ਪ੍ਰਭੂ ਨੇ ਜੀਵਾਂ ਨੂੰ ਵਾਹੀ ਦੇ ਕੰਮ ਵਿਚ ਜੋੜਿਆ ਹੋਇਆ ਹੈ, ਭਾਵ ਨਾਮ ਜਪਣ ਲਈ ਭੇਜਿਆ ਹੈ। ਜੋ ਮਨੁੱਖ ਸਤਿਗੁਰੂ ਦੇ ਸਨਮੁਖ ਰਹਿੰਦੇ ਹਨ, ਉਨ੍ਹਾਂ ਦੀ ਖੇਤੀ ਪ੍ਰਭੂ ਨੇ ਮਿਹਰ ਕਰ ਕੇ ਉਗਾ ਦਿੱਤੀ ਹੈ, ਪਰ ਜੋ ਮਨ ਦੇ ਪਿੱਛੇ ਤੁਰਦੇ ਹਨ, ਉਨ੍ਹਾਂ ਨੇ ਮੂਲ ਵੀ ਗਵਾ ਲਿਆ:

*ਹਰਿ ਪ੍ਰਭ ਕਾ ਸਭੁ ਖੇਤੁ ਹੈ ਹਰਿ ਆਪਿ ਕਿਰਸਾਣੀ ਲਾਇਆ॥*
*ਗੁਰਮੁਖਿ ਬਖਸਿ ਜਮਾਈਅਨੁ ਮਨਮੁਖੀ ਮੂਲੁ ਗਵਾਇਆ॥* *(ਪੰਨਾ ੩੦੪)*

ਜਿਹੜੇ ਸੇਵਾ ਤੋਂ ਸੱਖਣੇ ਰਹਿ ਕੇ ਖਾਣ-ਪੀਣ, ਪਹਿਨਣ ਆਦਿਕ ਦੇ ਰਸਾਂ ਵਿਚ ਲਿਪਤ ਰਹਿੰਦੇ ਹਨ, ਨਿੰਦਾ ਆਦਿਕ ਵਿਚ ਫਸੇ ਰਹਿੰਦੇ ਹਨ, ਐਸੇ ਬੇਮੁਖ ਲੋਕਾਂ ਦੇ ਲੋਕ ਤੇ ਪਰਲੋਕ ਦੋਵੇਂ ਅਜਾਈਂ ਚਲੇ ਜਾਂਦੇ ਹਨ, ਉਹ ਭੁੱਖੇ ਤੇ ਤਿਹਾਏ ਕੂਕਦੇ ਹਨ

*-ਹਲਤੁ ਪਲਤੁ ਦੋਵੈ ਗਏ ਨਿਤ ਭੁਖਾ ਕੂਕੇ ਤਿਹਾਇਆ॥* *(ਪੰਨਾ ੩੦੬)*

*-ਨਾਨਕ ਮਨਮੁਖੁ ਜਗਤੁ ਧਨਹੀਣੁ ਹੈ ਅਗੈ ਭੁਖਾ ਕਿ ਖਾਇ॥* *(ਪੰਨਾ ੫੪੮)*

ਸ੍ਰੀ ਗੁਰੂ ਨਾਨਕ ਸਾਹਿਬ ਜੀ ਨਾਮ ਬੀਜਣ ਦਾ ਤਰੀਕਾ ਦੱਸਦੇ ਹੋਏ ਫੁਰਮਾਉਂਦੇ ਹਨ:

*-ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥*
*ਮਨੁ ਕਿਰਸਾਣੁ ਹਰਿ ਰਿਦੈ ਜੰਮਾਇ ਲੈ ਇਉ ਪਾਵਸਿ ਪਦੁ ਨਿਰਬਾਣੀ॥*
*(ਪੰਨਾ ੨੩)*

*-ਅਮਲੁ ਕਰਿ ਧਰਤੀ ਬੀਜੁ ਸਬਦੋ ਕਰਿ ਸਚ ਕੀ ਆਬ ਨਿਤ ਦੇਹਿ ਪਾਣੀ॥*
*ਹੋਇ ਕਿਰਸਾਣੁ ਈਮਾਨੁ ਜੰਮਾਇ ਲੈ ਭਿਸਤੁ ਦੋਜਕੁ ਮੂੜੇ ਏਵ ਜਾਣੀ॥*
*(ਪੰਨਾ ੨੪)*

ਗੁਰੂ ਸਾਹਿਬ ਜੀ ਸਮਝਾਉਂਦੇ ਹਨ ਕਿ ਪਰਲੋਕ ਨੂੰ ਸੰਵਾਰਨ ਲਈ ਇਸ ਲੋਕ ਵਿਚ ਰੋਜ਼ਾਨਾ ਦੇ ਕੰਮਾਂ ਵੱਲ ਧਿਆਨ ਦੇਣਾ ਚਾਹੀਦਾ ਹੈ। ਹਿਰਦੇ ਵਿਚ ਪ੍ਰਭੂ-ਪ੍ਰੇਮ ਪੈਦਾ ਕਰਨ ਲਈ ਚੰਗੇ ਕਰਮਾਂ ਨਾਲ ਆਪਣੇ ਆਪ ਨੂੰ ਸੰਵਾਰਨਾ ਬਹੁਤ ਜ਼ਰੂਰੀ ਹੈ। ਆਪਣੇ ਅੰਦਰੋਂ ਔਗੁਣਾਂ ਨੂੰ ਕੱਢ ਕੇ ਗੁਣਾਂ ਦਾ ਧਾਰਨੀ ਹੋ ਕੇ ਹੀ ਪਰਮਾਤਮਾ ਦੀ ਨੇੜਤਾ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਸਾਹਿਬਾਨ ਨੇ ਨੈਤਿਕ ਗੁਣਾਂ ਨੂੰ ਬਹੁਤ ਮਹੱਤਵ ਦਿੱਤਾ ਹੈ। ਸੱਚ, ਸੰਤੋਖ, ਸਹਿਣਸ਼ੀਲਤਾ, ਨਿਮਰਤਾ, ਪਰ-ਉਪਕਾਰ ਦੀ ਭਾਵਨਾ, ਕਿਸੇ ਦਾ ਬੁਰਾ ਨਾ ਕਰਨਾ, ਮਿੱਠਾ ਬੋਲਣਾ, ਕਿਸੇ ਦਾ ਦਿਲ ਨਾ ਦੁਖਾਉਣਾ ਆਦਿ ਗੁਣਾਂ ਨੂੰ ਧਾਰਨ ਕਰਨ ਨਾਲ ਮਾਇਆ ਦੀਆਂ ਜ਼ੰਜੀਰਾਂ ਤੋਂ ਨਿਕਲਣ ਦਾ ਰਾਹ ਸੌਖਾ ਹੋ ਜਾਂਦਾ ਹੈ। ਸ੍ਰੀ ਗੁਰੂ ਨਾਨਕ ਸਾਹਿਬ ਜੀ ਦਾ ਫੁਰਮਾਨ ਹੈ:

*ਸਤੁ ਸੰਤੋਖੁ ਕਰਿ ਭਾਉ ਤੋਸਾ ਹਰਿ ਨਾਮੁ ਸੇਇ॥*
*ਮਨਹੁ ਛੋਡਿ ਵਿਕਾਰ ਸਚਾ ਸਚੁ ਦੇਇ॥* *(ਪੰਨਾ ੪੨੨)*

ਭਗਤ ਸ਼ੇਖ ਫਰੀਦ ਜੀ ਦਾ ਕਥਨ ਹੈ:

*ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ॥*
*ਮਤੁ ਸਰਮਿੰਦਾ ਥੀਵਹੀ ਸਾਂਈ ਦੈ ਦਰਬਾਰਿ॥* *(ਪੰਨਾ ੧੩੮੧)*

ਚੰਗੇ ਕਰਮਾਂ ਦੇ ਨਾਲ ਗੁਰ-ਸ਼ਬਦ ਵਿਚ ਸੁਰਤ ਜੋੜਨੀ ਅਤੇ ਗੁਰ-ਸ਼ਬਦ ਅਨੁਸਾਰ ਜੀਵਨ-ਜਾਚ ਬਣਾਉਣੀ ਜ਼ਰੂਰੀ ਹੈ। ਜਦੋਂ ਤਕ ਜੀਵਨ ਗੁਰ-ਸ਼ਬਦ ਨੂੰ ਹਿਰਦੇ ਵਿਚ ਵਸਾਉਣ ਦੀ ਕਮਾਈ ਨਹੀਂ ਕਰਦਾ, ਕੋਈ ਜਪ, ਕੋਈ ਤਪ, ਹੋਰ ਕੋਈ ਉੱਦਮ ਸਹਾਇਤਾ ਨਹੀਂ ਕਰਦਾ:

*ਜਪੁ ਤਪੁ ਸੰਜਮੁ ਹੋਰੁ ਕੋਈ ਨਾਹੀ॥*

*ਜਬ ਲਗੁ ਗੁਰ ਕਾ ਸਬਦੁ ਨ ਕਮਾਹੀ॥*
*ਗੁਰ ਕੈ ਸਬਦਿ ਮਿਲਿਆ ਸਚੁ ਪਾਇਆ ਸਚੇ ਸਚਿ ਸਮਾਇਦਾ॥ (ਪੰਨਾ ੧੦੬੦)*

ਜਦੋਂ ਮਨੁੱਖ ਵਿਸ਼ੇ-ਵਿਕਾਰਾਂ ਨੂੰ ਹਿਰਦੇ ਰੂਪੀ ਧਰਤੀ ਵਿੱਚੋਂ ਇਉਂ ਪੁੱਟ ਦਿੰਦਾ ਹੈ ਜਿਵੇਂ ਖੇਤੀ ਵਿੱਚੋਂ ਨਦੀਨ ਅਤੇ ਆਪਣੇ ਅੰਦਰ ਇਕ ਚਿੱਤ ਹੋ ਕੇ ਪ੍ਰਭੂ ਦਾ ਸਿਮਰਨ ਕਰਦਾ ਹੈ ਤਾਂ ਜਪ, ਤਪ, ਸੰਜਮ ਉਸ ਦੇ ਆਤਮਿਕ ਜੀਵਨ ਦੇ ਰਾਖੇ ਬਣ ਜਾਂਦੇ ਹਨ। ਉਸ ਦਾ ਹਿਰਦਾ ਕੌਲ ਖਿੜ ਜਾਂਦਾ ਹੈ:

*ਬਿਖੈ ਬਿਕਾਰ ਦੁਸਟ ਕਿਰਖਾ ਕਰੇ ਇਨ ਤਜਿ ਆਤਮੈ ਹੋਇ ਧਿਆਈ॥*
*ਜਪੁ ਤਪੁ ਸੰਜਮੁ ਹੋਹਿ ਜਬ ਰਾਖੇ ਕਮਲੁ ਬਿਗਸੈ ਮਧੁ ਆਸ੍ਰਮਾਈ॥ (ਪੰਨਾ ੨੩)*

ਨਾਮ ਨੂੰ ਹਿਰਦੇ ਵਿਚ ਬੀਜਣ ਲਈ ਭਾਵ ਨਾਮ ਨੂੰ ਅੰਦਰ ਵਸਾਉਣ ਲਈ ਅੰਮ੍ਰਿਤ ਵੇਲੇ ਦਾ ਸਮਾਂ ਬਿਹਤਰ ਮੰਨਿਆ ਗਿਆ ਹੈ। ਜੋ ਅੰਮ੍ਰਿਤ ਵੇਲੇ ਨਾਮ ਜਪਦਾ ਹੈ ਉਹ ਮਾਨੋਂ ਵਤਰ ਆਈ ਜ਼ਮੀਨ ਵਿਚ ਬੀਜ ਪਾਉਂਦਾ ਹੈ। ਸ੍ਰੀ ਗੁਰੂ ਰਾਮਦਾਸ ਜੀ ਫੁਰਮਾਉਂਦੇ ਹਨ ਕਿ ਵਤਰ ਦੇ ਵੇਲੇ, ਅੰਮ੍ਰਿਤ ਵੇਲੇ ਉੱਠ ਕੇ ਬੀਜਿਆ ਹੋਇਆ। ਇਹ ਹਰਿ-ਨਾਮ ਧਨ ਭਗਤ-ਜਨ ਆਪ ਵਰਤਦੇ ਰਹਿੰਦੇ ਹਨ ਤੇ ਹੋਰਨਾਂ ਨੂੰ ਵੀ ਵੰਡਦੇ ਰਹਿੰਦੇ ਹਨ। ਇਹ ਧਨ ਮੁੱਕਦਾ ਨਹੀਂ। ਭਗਤ-ਜਨਾਂ ਨੂੰ ਇਸ ਨਾਮ-ਧਨ ਦੇ ਕਾਰਨ ਇਸ ਲੋਕ ਅਤੇ ਪਰਲੋਕ ਵਿਚ ਇੱਜ਼ਤ ਮਿਲਦੀ ਹੈ:

*ਹਰਿ ਧਨੁ ਰਤਨੁ ਜਵੇਹਰੁ ਮਾਣਕੁ ਹਰਿ ਧਨੈ ਨਾਲਿ ਅੰਮ੍ਰਿਤ ਵੇਲੈ ਵਤੈ*
*ਹਰਿ ਭਗਤੀ ਹਰਿ ਲਿਵ ਲਾਈ॥*
*ਹਰਿ ਧਨੁ ਅੰਮ੍ਰਿਤ ਵੇਲੈ ਵਤੈ ਕਾ ਬੀਜਿਆ*
*ਭਗਤ ਖਾਇ ਖਰਚਿ ਰਹੇ ਨਿਖੁਟੈ ਨਾਹੀ॥*
*ਹਲਤਿ ਪਲਤਿ ਹਰਿ ਧਨੈ ਕੀ ਭਗਤਾ ਕਉ ਮਿਲੀ ਵਡਿਆਈ॥ (ਪੰਨਾ ੭੩੪)*

ਸ੍ਰੀ ਗੁਰੂ ਰਾਮਦਾਸ ਜੀ ਜੀਵ ਨੂੰ ਹਦਾਇਤ ਦੇ ਰਹੇ ਹਨ ਕਿ ਕਿਸਾਨ ਵਰਗਾ ਉੱਦਮੀ ਬਣ। ਤੇਰੀ ਇਸ ਕਿਰਸਾਨੀ ਵਿਚ ਸ਼ਰਧਾ ਦੀ ਖੇਤੀ ਉਗੇਗੀ। ਪਰਮਾਤਮਾ ਨਾਲ ਪਿਆਰ ਪੈਦਾ ਹੋਵੇਗਾ, ਵਿਸ਼ਵਾਸ ਪੈਦਾ ਹੋਵੇਗਾ। ਸਿਮਰਨ ਦੀ ਬਰਕਤ ਨਾਲ ਮਨ ਨੂੰ ਡੋਲਣ ਤੋਂ ਰੋਕੋ। ਇਸ ਟਿਕੇ ਹੋਏ ਮਨ-ਬੈਲ ਨੂੰ ਜੋੜੋ। ਇਸ ਨਾਲ ਗੁਰੂ ਦੀ ਮਤਿ ਦੀ ਰਾਹੀਂ ਆਪਣੇ ਅੰਦਰ ਹਰਿ-ਨਾਮ ਜਲ ਸਿੰਚੋ। ਇਸ ਤਰ੍ਹਾਂ ਅੰਦਰ ਹਰਿ-ਨਾਮ ਦਾ ਸੋਹਣਾ ਹਰਾ ਖੇਤ ਉੱਗ ਪੈਂਦਾ ਹੈ। ਭਾਵ ਅੰਦਰ ਖੇੜੇ-ਉਤਸ਼ਾਹ ਦੀ ਹਰਿਆਵਲ ਰਹਿੰਦੀ ਹੈ। ਮਨ ਸਦਾ ਚੜ੍ਹਦੀ ਕਲਾ ਵਿਚ ਰਹਿੰਦਾ ਹੈ। ਇੰਦਰੀਆਂ ਨੂੰ ਕਾਬੂ ਕਰਨ ਦੀ ਜਾਚ ਆ ਜਾਂਦੀ ਹੈ। ਸਦਾ ਹਜ਼ੂਰੀ ਵਿਚ ਰਹਿਣ ਦੀ ਆਦਤ ਬਣ ਜਾਂਦੀ ਹੈ:

*ਕਾਇਆ ਨਗਰ ਮਹਿ ਕਰਮ ਹਰਿ ਬੋਵਹੁ ਹਰਿ ਜਾਮੈ ਹਰਿਆ ਖੇਤੁ॥*
*ਮਨੂਆ ਅਸਥਿਰੁ ਬੈਲੁ ਮਨੁ ਜੋਵਹੁ ਹਰਿ ਸਿੰਚਹੁ ਗੁਰਮਤਿ ਜੇਤੁ॥ (ਪੰਨਾ ੩੬੮)*

ਅਸਲ ਵਿਚ ਜਿਸ ਮਨੁੱਖ ਨੂੰ ਪਰਮਾਤਮਾ ਦੇ ਨਾਮ ਵਿਚ ਆਤਮਿਕ ਅਨੰਦ ਦਾ ਅਨੁਭਵ ਹੁੰਦਾ ਹੈ ਉਹ ਕਦੇ ਆਤਮਿਕ ਮੌਤ ਨਹੀਂ ਮਰਦਾ। ਜਨਮ-ਮਰਨ ਦੇ ਗੇੜ ਵਿਚ (ਜੂਨਾਂ ਵਿਚ) ਨਹੀਂ ਪੈਂਦਾ। ਪ੍ਰਭੂ-ਚਰਨਾਂ ਨਾਲ ਪਿਆਰ ਉਸ ਦੀ ਆਤਮਿਕ ਖ਼ੁਰਾਕ ਬਣ ਜਾਂਦੀ ਹੈ।

ਸੰਖੇਪ ਵਿਚ ਕਿਹਾ ਜਾ ਸਕਦਾ ਹੈ ਕਿ ਜਿਹੜਾ ਵਡਭਾਗੀ ਜੀਵ ਗੁਰੂ ਦੇ ਸ਼ਬਦ ਅਨੁਸਾਰ ਜੀਵਨ ਢਾਲਦਾ ਹੈ ਉਸ ਨੂੰ ਇਹ ਸੋਝੀ ਆ ਜਾਂਦੀ ਹੈ ਕਿ ਮਨੁੱਖਾ ਜਨਮ ਦੀ ਰੁੱਤ ਅਕਾਲ ਪੁਰਖ ਦੀ ਸਿਫਤਿ ਸਾਲਾਹ ਲਈ ਮਿਲੀ ਹੈ। ਪਰਮਾਤਮਾ ਦਾ ਨਾਮ ਹੀ ਲੋਕ-ਪਰਲੋਕ ਵਿਚ ਆਦਰ-ਮਾਣ ਦਿਵਾਉਂਦਾ ਹੈ। ਉਹ ਮਨੁੱਖ ਆਪਣੇ ਅੰਦਰ ਪ੍ਰਭੂ ਦੇ ਨਾਮ ਦੀ ਫ਼ਸਲ ਬੀਜਦਾ ਹੈ, ਪਰ ਜਿਹੜਾ ਪਰਮਾਤਮਾ ਦਾ ਨਾਮ ਛੱਡ ਕੇ ਕਰਮ-ਕਾਂਡ ਆਦਿਕ ਦਾ ਬੀਜ ਬੀਜਦਾ ਹੈ ਉਹ ਕਲਜੁਗ ਦੇ ਪ੍ਰਭਾਵ ਵਿਚ ਰਹਿੰਦਾ ਹੈ। ਉਸ ਨੂੰ ਕੋਈ ਆਤਮਿਕ ਲਾਭ ਨਹੀਂ ਹੁੰਦਾ। ਉਹ ਤਾਂ ਆਪਣਾ ਸਰਮਾਇਆ ਵੀ ਗੁਆ ਲੈਂਦਾ ਹੈ:

*ਹਰਿ ਕੀਰਤਿ ਰੁਤਿ ਆਈ ਹਰਿ ਨਾਮੁ ਵਡਾਈ ਹਰਿ ਹਰਿ ਨਾਮੁ ਖੇਤੁ ਜਮਾਇਆ॥*
*ਕਲਿਜੁਗਿ ਬੀਜੁ ਬੀਜੇ ਬਿਨੁ ਨਾਵੈ ਸਭੁ ਲਾਹਾ ਮੂਲੁ ਗਵਾਇਆ॥ (ਪੰਨਾ ੪੪੬)*

ਆਪਣੇ ਵੱਲੋਂ ਹਰ ਕੋਈ ਆਪਣੇ ਭਲੇ ਲਈ ਬੀਜਦਾ ਹੈ, ਪਰ ਉਹੀ ਖੇਤ ਚੰਗਾ ਉੱਗਦਾ ਹੈ ਭਾਵ ਉਹੀ ਕਮਾਈ ਸਫ਼ਲ ਹੁੰਦੀ ਹੈ ਜੋ ਪ੍ਰਭੂ ਨੂੰ ਚੰਗੀ ਲੱਗਦੀ ਹੈ। ਇਸ ਲਈ ਸਤਿਗੁਰੂ ਦੇ ਸਿੱਖ ਅਮਰ ਕਰਨ ਵਾਲੇ ਪ੍ਰਭੂ ਦਾ ਆਤਮਿਕ ਜੀਵਨ ਦੇਣ ਵਾਲਾ ਨਾਮ ਬੀਜਦੇ ਹਨ ਅਤੇ ਪ੍ਰਭੂ ਦੀ ਪ੍ਰਸੰਨਤਾ ਪ੍ਰਾਪਤ ਕਰ ਲੈਂਦੇ ਹਨ। ਉਨ੍ਹਾਂ ਨੂੰ ਹਰਿ-ਨਾਮ ਰੂਪੀ ਅੰਮ੍ਰਿਤ ਫ਼ਲ ਦੀ ਪ੍ਰਾਪਤੀ ਹੁੰਦੀ ਹੈ:

*-ਸਭੁ ਕੋ ਬੀਜੇ ਆਪਣੇ ਭਲੇ ਨੋ ਹਰਿ ਭਾਵੈ ਸੋ ਖੇਤੁ ਜਮਾਇਆ॥*
*ਗੁਰਸਿਖੀ ਹਰਿ ਅੰਮ੍ਰਿਤੁ ਬੀਜਿਆ ਹਰਿ ਅੰਮ੍ਰਿਤ ਨਾਮੁ ਫਲੁ ਅੰਮ੍ਰਿਤੁ ਪਾਇਆ॥*
*(ਪੰਨਾ ੩੦੪)*

*-ਜਨ ਨਾਨਕ ਹਰਿ ਪੁੰਨੁ ਬੀਜਿਆ ਫਿਰਿ ਤੋਟਿ ਨ ਆਵੈ ਹਰਿ ਪੁੰਨ ਕੇਰੀ॥*
*(ਪੰਨਾ ੪੫੧)*

■

**ਕਿਰਤ ਕਰੋ, ਨਾਮ ਜਪੋ, ਵੰਡ ਛਕੋ**

ਖ਼ਬਰਨਾਮਾ

## ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਨੂੰ ਸਮਰਪਿਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੋ-ਰੋਜ਼ਾ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੨੨ ਫਰਵਰੀ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਅਤੇ ਸਾਕਾ ਨਨਕਾਣਾ ਸਾਹਿਬ ਦੇ ਸ਼ਹੀਦਾਂ ਦੀ ਸਾਲਾਨਾ ਯਾਦ ਵਿਚ 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਵਿਖੇ ਦੋ ਰੋਜ਼ਾ ਗੁਰਮਤਿ ਸੈਮੀਨਾਰ ਕਰਵਾਇਆ ਗਿਆ। ਇਸ ਮੌਕੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ ਨੇ ਵਿਦਿਆਰਥੀਆਂ ਅਤੇ ਆਈ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਿੱਖ ਮਿਸ਼ਨਰੀ ਕਾਲਜ ਵੱਲੋਂ ਸਿਖਲਾਈ ਪ੍ਰਾਪਤ ਕਰ ਚੁੱਕੇ ਵਿਦਿਆਰਥੀਆਂ ਨੇ ਦੇਸ਼-ਵਿਦੇਸ਼ ਵਿਚ ਆਪਣਾ ਨਾਮ ਉੱਚਾ ਕੀਤਾ ਅਤੇ ਸਿੱਖ ਧਰਮ ਲਈ ਵਡਮੁੱਲੀਆਂ ਸੇਵਾਵਾਂ ਦਿੱਤੀਆਂ ਹਨ। ਉਨ੍ਹਾਂ ਵਿਦਿਆਰਥੀਆਂ ਨੂੰ ਮਿਹਨਤ ਅਤੇ ਲਗਨ ਨਾਲ ਪੜ੍ਹਾਈ ਕਰਨ ਲਈ ਪ੍ਰੇਰਦਿਆਂ ਕਿਹਾ ਕਿ ਇਮਾਨਦਾਰੀ ਅਤੇ ਮਿਹਨਤ ਨਾਲ ਕੀਤੇ ਕੰਮ ਕਰਕੇ ਇਕ ਵੱਖਰੀ ਪਛਾਣ ਬਣਦੀ ਹੈ। ਉਨ੍ਹਾਂ ਕਿਹਾ ਕਿ ਸਿੱਖ ਇਤਿਹਾਸ ਗੁਰੂ ਸਾਹਿਬ ਵੱਲੋਂ ਦਰਸਾਏ ਫ਼ਲਸਫ਼ੇ ਅਤੇ ਸਿਧਾਂਤਾਂ 'ਤੇ ਚੱਲ ਕੇ ਸ਼ਹਾਦਤਾਂ ਦੇਣ ਵਾਲੇ ਅਣਗਿਣਤ ਸਿੱਖਾਂ ਨਾਲ ਭਰਿਆ ਪਿਆ ਹੈ। ਉਨ੍ਹਾਂ ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਦੌਰਾਨ ਸ਼ਹੀਦ ਹੋਏ ਸਿੰਘਾਂ ਨੂੰ ਸ਼ਰਧਾ ਅਤੇ ਸਤਿਕਾਰ ਭੇਟ ਕਰਦਿਆਂ ਸਿੱਖ ਇਤਿਹਾਸ ਦੇ ਇਨ੍ਹਾਂ ਪੰਨਿਆਂ ਤੋਂ ਪ੍ਰੇਰਨਾ ਲੈਣ ਦੀ ਅਪੀਲ ਕੀਤੀ। ਇਸੇ ਦੌਰਾਨ ਸੈਮੀਨਾਰ ਵਿਚ ਪਹੁੰਚੇ ਸੀਨੀਅਰ ਵਿਦਿਆਰਥੀ ਜਿਨ੍ਹਾਂ ਨੇ ਪੰਥ ਵਿਚ ਵੱਡੇ ਮੁਕਾਮ ਹਾਸਲ ਕੀਤੇ ਹਨ ਉਨ੍ਹਾਂ ਦਾ ਵਿਸ਼ੇਸ਼ ਤੌਰ 'ਤੇ ਸਨਮਾਨ ਵੀ ਕੀਤਾ ਗਿਆ। ਇਸ ਮੌਕੇ 'ਤੇ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਸਕੱਤਰ, ਧਰਮ ਪ੍ਰਚਾਰ ਕਮੇਟੀ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਮਨਜੀਤ ਕੌਰ, ਪ੍ਰੋ. ਅਮਰਜੀਤ ਕੌਰ ਸਮੇਤ ਵੱਖ-ਵੱਖ ਮਿਸ਼ਨਰੀ ਕਾਲਜਾਂ ਦਾ ਸਟਾਫ਼ ਅਤੇ ਸਿਖਿਆਰਥੀ ਹਾਜ਼ਰ ਸਨ।

## ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਗੁਜਰਾਤ ਸਰਕਾਰ ਵੱਲੋਂ ਅਹਿਮਦਾਬਾਦ ਵਿਖੇ ਵਿਸ਼ਾਲ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੨੪ ਫਰਵਰੀ: ਜਗਤ-ਗੁਰੂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਜਰਾਤ ਸਰਕਾਰ ਵੱਲੋਂ ਅਹਿਮਦਾਬਾਦ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਤੇ ਬਾਬਾ ਲੱਖਾ ਸਿੰਘ ਦੇ ਸਹਿਯੋਗ ਨਾਲ ਗੁਰਮਤਿ ਸਮਾਗਮ ਕਰਵਾਇਆ ਗਿਆ।

ਸਮਾਗਮ ਵਿਚ ਪਹੁੰਚੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਸੰਗਤ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਨਮ ਉਸ ਸਮੇਂ ਹੋਇਆ, ਜਿਸ ਸਮੇਂ ਦੁਨੀਆ ਵਿਚ ਕੂੜਤਾ ਤੇ ਜਾਤ-ਪਾਤ ਦੀਆਂ ਵੰਡੀਆਂ ਵਿਚ ਸਮਾਜ ਵੰਡਿਆ

ਹੋਇਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਾਤ-ਪਾਤ ਤੇ ਧਰਮ ਤੋਂ ਉੱਪਰ ਉੱਠ ਕੇ ਜੀਵਨ ਬਤੀਤ ਕਰਨ ਦੀ ਸਿੱਖਿਆ ਦਿੱਤੀ। ਉਨ੍ਹਾਂ ਕਿਹਾ ਕਿ ਰੱਬ ਇਕ ਹੈ ਅਤੇ ਉਹ ਹਰ ਇਨਸਾਨ ਵਿਚ ਵੱਸਦਾ ਹੈ। ਸਿੰਘ ਸਾਹਿਬ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨੂੰ ਆਪਣੀ ਜ਼ਿੰਦਗੀ ਵਿਚ ਗ੍ਰਹਿਣ ਕਰਨ ਦੀ ਪ੍ਰੇਰਣਾ ਦਿੱਤੀ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਗੁਰਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਉਣ ’ਤੇ ਗੁਜਰਾਤ ਸਰਕਾਰ ਅਤੇ ਪ੍ਰਬੰਧਕਾਂ ਦਾ ਧੰਨਵਾਦ ਕੀਤਾ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪ੍ਰਕਾਸ਼ ਗੁਰਪੁਰਬ ਪੂਰੀ ਦੁਨੀਆ ਵਿਚ ਸ਼ਰਧਾ ਭਾਵਨਾ ਨਾਲ ਮਨਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਵਿਚ ਨੈਤਿਕ ਕਦਰਾਂ-ਕੀਮਤਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਹੈ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ— ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਨੂੰ ਦੁਨੀਆ ਦੇ ਕੋਨੇ ਕੋਨੇ ਵਿਚ ਫੈਲਾਅ ਰਹੀ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗੁਜਰਾਤ ਦੀ ਸੰਗਤ ਨੂੰ ਨਵੰਬਰ ੨੦੧੯ ਵਿਚ ਆ ਰਹੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ਵੇਂ ਪ੍ਰਕਾਸ਼ ਗੁਰਪੁਰਬ ਵਿਚ ਵੱਧ-ਚੜ੍ਹ ਕੇ ਸ਼ਮੂਲੀਅਤ ਕਰਨ ਦਾ ਸੱਦਾ ਵੀ ਦਿੱਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੂੰ ਘੱਟ-ਗਿਣਤੀ ਕਮਿਸ਼ਨ ਗੁਜਰਾਤ ਅਤੇ ਗੁਰਮਤਿ ਸਮਾਗਮ ਦੀ ਕਨਵੀਨਰ ਬੀਬੀ ਪਰਮਜੀਤ ਕੌਰ (ਛਾਬੜਾ) ਵੱਲੋਂ ਗੁਰੂ ਬਖ਼ਸ਼ਿਸ਼ ਸਿਰੋਪਾਓ ਅਤੇ ਸ੍ਰੀ ਸਾਹਿਬ ਦੇ ਕੇ ਸਨਮਾਨਿਤ ਕੀਤਾ ਗਿਆ।

ਇਸ ਮੌਕੇ ਹੋਰਨਾਂ ਪ੍ਰਮੁੱਖ ਸ਼ਖ਼ਸੀਅਤਾਂ ਤੋਂ ਇਲਾਵਾ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਤੇ ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਸ. ਬਲਵਿੰਦਰ ਸਿੰਘ ਜੌੜਾਸਿੰਘਾ, ਬਾਬਾ ਲੱਖਾ ਸਿੰਘ ਸਮੇਤ ਭਾਰੀ ਗਿਣਤੀ ਵਿਚ ਸੰਗਤ ਨੇ ਹਾਜ਼ਰੀ ਭਰੀ।

## ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੇ ਚਲਾਣੇ ’ਤੇ ਭਾਈ ਗੋਬਿੰਦ ਸਿੰਘ ਲੌਂਗੋਵਾਲ ਤੇ ਡਾ. ਰੂਪ ਸਿੰਘ ਵੱਲੋਂ ਅਫਸੋਸ ਪ੍ਰਗਟ

ਸ੍ਰੀ ਅੰਮ੍ਰਿਤਸਰ, ੨੮ ਫਰਵਰੀ: ਪ੍ਰਸਿੱਧ ਸਿੱਖ ਵਿਦਵਾਨ ਤੇ ਇਤਿਹਾਸਕਾਰ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੇ ਅਕਾਲ ਚਲਾਣੇ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਦੇ ਪ੍ਰਧਾਨ ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਗਹਿਰਾ ਅਫ਼ਸੋਸ ਪ੍ਰਗਟ ਕੀਤਾ ਹੈ। ਭਾਈ ਗੋਬਿੰਦ ਸਿੰਘ ਲੌਂਗੋਵਾਲ ਨੇ ਆਖਿਆ ਕਿ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਵੱਖ-ਵੱਖ ਭਸ਼ਾਵਾਂ ਦੇ ਗਿਆਤਾ ਸਨ ਅਤੇ ਉਨ੍ਹਾਂ ਨੇ ਕਰੜੀ ਮਿਹਨਤ ਨਾਲ ਇਤਿਹਾਸਕ ਸਥਾਨਾਂ ਸਬੰਧੀ ਖੋਜ ਭਰਪੂਰ ਕਾਰਜ ਕੀਤੇ। ਉਨ੍ਹਾਂ ਦੇ ਚਲਾਣੇ ਨਾਲ ਸਿੱਖ ਕੌਮ ਇਕ ਸਿਰੜੀ ਅਤੇ ਪ੍ਰਮਾਣਿਕ ਇਤਿਹਾਸਕਾਰ ਤੋਂ ਵਾਂਝੀ ਹੋ ਗਈ ਹੈ। ਉਨ੍ਹਾਂ ਗਿਆਨੀ ਬਲਵੰਤ ਸਿੰਘ ਦੇ ਪਰਵਾਰ ਨਾਲ ਹਮਦਰਦੀ ਪ੍ਰਗਟ ਕੀਤੀ ਅਤੇ ਇਤਿਹਾਸ ਦੇ

ਨਵੇਂ ਖੋਜਕਾਰਾਂ ਨੂੰ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਆਪਣੀ ਖੋਜ ਨੂੰ ਨਵੇਂ ਅੰਜਾਮ ਦੇਣ ਦੀ ਅਪੀਲ ਕੀਤੀ। ਇਸੇ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੁੱਖ ਸਕੱਤਰ ਅਤੇ ਸ਼੍ਰੋਮਣੀ ਸਿੱਖ ਚਿੰਤਕ ਡਾ. ਰੂਪ ਸਿੰਘ ਨੇ ਵੀ ਗਿਆਨੀ ਬਲਵੰਤ ਸਿੰਘ ਕੋਠਾਗੁਰੂ ਦੇ ਅਕਾਲ ਚਲਾਣੇ ਨੂੰ ਪੰਥਕ ਘਾਟਾ ਕਰਾਰ ਦਿੱਤਾ ਹੈ। ਉਨ੍ਹਾਂ ਆਖਿਆ ਕਿ ਗਿਆਨੀ ਬਲਵੰਤ ਸਿੰਘ ਦੀ ਖੋਜ ਸਦਕਾ ਹੀ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਨੂੰ ਤਖ਼ਤ ਵਜੋਂ ਪ੍ਰਵਾਨ ਕੀਤਾ ਗਿਆ। ਇਸ ਮਗਰੋਂ ਹੀ ਪੰਥਕ ਅਰਦਾਸ ਵਿਚ ਵੀ ਤਖ਼ਤ ਸ੍ਰੀ ਦਮਦਮਾ ਸਾਹਿਬ ਦਾ ਨਾਂ ਸ਼ਾਮਲ ਹੋਇਆ। ਇੰਞ ਗਿਆਨੀ ਬਲਵੰਤ ਸਿੰਘ ਨੇ ਇਤਿਹਾਸ ਸਬੰਧੀ ਬਹੁਤ ਸਾਰੇ ਮੌਲਿਕ ਕਾਰਜ ਕਰ ਕੇ ਇਕ ਵੱਖਰਾ ਕੀਰਤੀਮਾਨ ਸਥਾਪਿਤ ਕੀਤਾ। ਉਨ੍ਹਾਂ ਆਖਿਆ ਕਿ ਗਿਆਨੀ ਕੋਠਾਗੁਰੂ ਦੇ ਖੋਜ ਭਰਪੂਰ ਮੁੱਲਵਾਨ ਕਾਰਜ ਨਵੇਂ ਖੋਜਾਰਥੀਆਂ ਦੀ ਹਮੇਸ਼ਾਂ ਅਗਵਾਈ ਕਰਦੇ ਰਹਿਣਗੇ। ਡਾ. ਰੂਪ ਸਿੰਘ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਿੱਖ ਵਿਦਵਾਨ ਦੀ ਘਾਲਣਾ ਦੀ ਕਦਰ ਕਰਦੀ ਹੈ ਅਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਮੌਕੇ ਸਿੱਖ ਇਤਿਹਾਸ ਰੀਸਰਚ ਬੋਰਡ ਦੇ ਮੈਂਬਰ ਸ. ਹਰਵਿੰਦਰ ਸਿੰਘ ਖਾਲਸਾ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਮੈਨੇਜਰ ਤੇ ਮੁੱਖ ਗ੍ਰੰਥੀ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਦੁਸ਼ਾਲਾ ਭੇਟ ਕਰ ਕੇ ਸਤਿਕਾਰ ਦਿੱਤਾ ਹੈ।

## ਸੰਮਤ ਨਾਨਕਸ਼ਾਹੀ ੫੫੧ ਦੀ ਆਮਦ ’ਤੇ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਵਿਖੇ ਗੁਰਮਤਿ ਸਮਾਗਮ

ਸ੍ਰੀ ਅੰਮ੍ਰਿਤਸਰ, ੧੪ ਮਾਰਚ: ਸੰਮਤ ਨਾਨਕਸ਼ਾਹੀ ੫੫੧ ਦੀ ਆਮਦ ’ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਬੀਤੀ ਰਾਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਤੇ ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਸੰਗਤਾਂ ਨਾਲ ਗੁਰਮਤਿ ਵਿਚਾਰਾਂ ਸਾਂਝੀਆਂ ਕੀਤੀਆਂ। ਇਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸੁਖਜੀਤ ਸਿੰਘ, ਭਾਈ ਸਤਨਾਮ ਸਿੰਘ, ਭਾਈ ਰਵਿੰਦਰ ਸਿੰਘ, ਭਾਈ ਕੁਲਦੀਪ ਸਿੰਘ ਤੇ ਭਾਈ ਕਰਨੈਲ ਸਿੰਘ ਦੇ ਜਥਿਆਂ ਨੇ ਸੰਗਤ ਨੂੰ ਗੁਰਬਾਣੀ ਕੀਰਤਨ ਨਾਲ ਜੋੜਿਆ। ਗਿਆਨੀ ਹਰਪ੍ਰੀਤ ਨੇ ਆਪਣੇ ਸੰਬੋਧਨ ਦੌਰਾਨ ਜਿੱਥੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਨੂੰ ਨਵੇਂ ਨਾਨਕਸ਼ਾਹੀ ਵਰ੍ਹੇ ਦੀ ਵਧਾਈ ਦਿੱਤੀ, ਉੱਥੇ ਹੀ ਉਨ੍ਹਾਂ ਸੰਗਤ ਨੂੰ ਗੁਰਪੁਰਬ ਅਤੇ ਹੋਰ ਇਤਿਹਾਸਿਕ ਦਿਹਾੜੇ ਨਾਨਕਸ਼ਾਹੀ ਕੈਲੰਡਰ ਅਨੁਸਾਰ ਮਨਾਉਣ ਦੀ ਅਪੀਲ ਕੀਤੀ। ਇਸ ਮੌਕੇ ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਨੇ ਗੁਰਮਤਿ ਵਿਚਾਰਾਂ ਸਾਂਝੀਆਂ ਕਰਦਿਆਂ ਸੰਗਤਾਂ ਨੂੰ ਬਾਣੀ ਤੇ ਬਾਣੇ ਨਾਲ ਜੁੜਨ ਦੀ ਪ੍ਰੇਰਨਾ ਕੀਤੀ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ੫੫੦ ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਹੋ ਕੇ ਸਾਨੂੰ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਧਾਰਨੀ ਬਣਨਾ ਚਾਹੀਦਾ ਹੈ। ■

# ਧਰਮ ਪ੍ਰਚਾਰ ਕਮੇਟੀ ਦੀਆਂ ਪ੍ਰਚਾਰ ਸਰਗਰਮੀਆਂ

## ਜ਼ਿਲ੍ਹਾ ਤਰਨ ਤਾਰਨ ਵਿਖੇ ਅੰਮ੍ਰਿਤ-ਸੰਚਾਰ

ਭਾਈ ਗੁਰਲਾਲ ਸਿੰਘ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਠੱਠਾ, ਜ਼ਿਲ੍ਹਾ ਤਰਨ ਤਾਰਨ ਵਿਖੇ ੧੬ ਨਵੰਬਰ, ੨੦੧੮ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੪੬ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਸਿੱਖ ਮਿਸ਼ਨ ਹਰਿਆਣਾ ਵੱਲੋਂ ਅੰਮ੍ਰਿਤ-ਸੰਚਾਰ

ਇੰਚਾਰਜ, ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਦਸੰਬਰ-੨੦੧੮ ਦੌਰਾਨ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦਾ ਵੇਰਵਾ:-

| ਮਿਤੀ | ਸਥਾਨ | ਪ੍ਰਾਣੀ |
|---|---|---|
| ੧੨ ਦਸੰਬਰ, ੨੦੧੮ | ਗੁਰਦੁਆਰਾ ਸਾਹਿਬ ਪਾਤਸ਼ਾਹੀ ਨੌਵੀਂ, ਧਮਤਾਨ ਸਾਹਿਬ, (ਜੀਂਦ) | ੨੪ |
| ੧੭ ਦਸੰਬਰ, ੨੦੧੮ | ਗੁਰਦੁਆਰਾ ਸਿੰਘ ਸਭਾ, ਪਿੰਡ ਨਗਲਾ (ਕੁਰਕਸ਼ੇਤਰ) | ੨੧ |

## ਜੰਮੂ-ਕਸ਼ਮੀਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਸਵਰਨ ਸਿੰਘ ਖਾਲਸਾ, ਇੰਚਾਰਜ, ਸਿੱਖ ਮਿਸ਼ਨ ਜੰਮੂ-ਕਸ਼ਮੀਰ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪਿੰਡ ਪੰਗਧੋਰ, ਜ਼ਿਲ੍ਹਾ ਸਾਂਬਾ, ਜੰਮੂ-ਕਸ਼ਮੀਰ ਵਿਖੇ ੨੩ ਦਸੰਬਰ, ੨੦੧੮ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਦੌਰਾਨ ਕੁੱਲ ੭੬ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ ਰਹਿਤ ਦਿੱਤੇ ਗਏ।

## ਜ਼ਿਲ੍ਹਾ ਸੰਗਰੂਰ ਵਿਖੇ ਅੰਮ੍ਰਿਤ-ਸੰਚਾਰ

ਭਾਈ ਸੁਖਵੀਰ ਸਿੰਘ ਫਲੌਂਡ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਗੁਰਦੁਆਰਾ ਸਾਹਿਬ ਸੰਤ ਆਸ਼ਰਮ ਨਰੈਣਸਰ ਮੁਹਾਲੀ, ਤਹਿਸੀਲ ਮਲੇਰਕੋਟਲਾ, ਜ਼ਿਲ੍ਹਾ ਸੰਗਰੂਰ ਵਿਖੇ ੭ ਜਨਵਰੀ, ੨੦੧੯ ਨੂੰ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੩੬ ਪ੍ਰਾਣੀ ਖੰਡੇ-ਬਾਟੇ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਇਸ ਮੌਕੇ ਜਥੇਦਾਰ ਭੁਪਿੰਦਰ

ਸਿੰਘ ਭਲਵਾਨ, ਅੰਤ੍ਰਿੰਗ ਮੈਂਬਰ, ਸ. ਭੋਲਾ ਸਿੰਘ, ਇੰਚਾਰਜ ਸਬ-ਆਫਿਸ, ਧਰਮ ਪ੍ਰਚਾਰ ਕਮੇਟੀ, ਜਥੇਦਾਰ ਜੈਪਾਲ ਸਿੰਘ ਮੰਡੀਆਂ, ਮੈਂਬਰ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।

## ਪਿੰਡ ਚੈਨਪੁਰ ਵਿਖੇ ਵਿਖੇ ਅੰਮ੍ਰਿਤ-ਸੰਚਾਰ

ਭਾਈ ਬਲਕਾਰ ਸਿੰਘ ਅਜਨਾਲਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਪਿੰਡ ਚੈਨਪੁਰ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਵਿਖੇ ੩੦ ਜਨਵਰੀ, ੨੦੧੯ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੌਰਾਨ ਸ੍ਰੀ ਅਕਾਲ ਤਖਤ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਕੁੱਲ ੧੫ ਪ੍ਰਾਣੀਆਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਗੁਰੂ ਵਾਲੇ ਬਣਾਇਆ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ।

## ਪਿੰਡ ਭਿੱਟੇਵੱਡ ਵਿਖੇ ਅੰਮ੍ਰਿਤ-ਸੰਚਾਰ

ਭਾਈ ਮਨਦੀਪ ਸਿੰਘ ਝੰਡੇਰ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਗੁਰਦੁਆਰਾ ਗੁਰਸਾਗਰ ਸਾਹਿਬ, ਪਿੰਡ ਭਿੱਟੇਵੱਡ, ਤਹਿਸੀਲ ਅਜਨਾਲਾ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ੧ ਫਰਵਰੀ, ੨੦੧੯ ਨੂੰ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਗਿਆਨੀ ਜਗਤਾਰ ਸਿੰਘ, ਹੈੱਡ ਗ੍ਰੰਥੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਭਾਈ ਰਵਿੰਦਰ ਸਿੰਘ, ਹਜ਼ੂਰੀ ਰਾਗੀ, ਸ੍ਰੀ ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ, ਕਥਾ-ਵਾਚਕ ਭਾਈ ਸਰਬਜੀਤ ਸਿੰਘ ਲੁਧਿਆਣਾ, ਕਵੀਸ਼ਰ ਭਾਈ ਮਹਿਲ ਸਿੰਘ ਚੰਡੀਗੜ੍ਹ, ਢਾਡੀ ਭਾਈ ਮਨਬੀਰ ਸਿੰਘ ਅਤੇ ਬਾਬਾ ਦਵਿੰਦਰ ਸਿੰਘ ਨਿਰਮਲ ਕੁਟੀਆ ਨੇ ਸੰਗਤਾਂ ਨੂੰ ਗੁਰਬਾਣੀ ਅਤੇ ਗੁਰ-ਇਤਿਹਾਸ ਸਰਵਣ ਕਰਵਾਇਆ। ਇਸ ਦੌਰਾਨ ਹੋਏ ਅੰਮ੍ਰਿਤ-ਸੰਚਾਰ ਸਮਾਗਮ ਦੌਰਾਨ ਕੁੱਲ ੧੬ ਪ੍ਰਾਣੀ ਖੰਡੇ-ਬਾਟੇ ਦੀ ਪਾਹੁਲ ਹਾਸਲ ਕਰ ਕੇ ਗੁਰੂ ਵਾਲੇ ਬਣੇ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਇਸ ਸਮਾਗਮ ਦੌਰਾਨ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸ਼ਮਸ਼ੇਰ ਸਿੰਘ, ਸ. ਸੁਰਜੀਤ ਸਿੰਘ ਭਿੱਟੇਵੱਡ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਅਤੇ ਭਾਈ ਰਣਜੀਤ ਸਿੰਘ ਗ੍ਰੰਥੀ ਨੇ ਆਈਆਂ ਹੋਈਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ।

## ਪਿੰਡ ਕੋਟਲੀ ਸੱਕਿਆ ਵਾਲੀ ਵਿਖੇ ਗੁਰਮਤਿ ਕੈਂਪ

ਭਾਈ ਮਨਦੀਪ ਸਿੰਘ ਝੰਡੇਰ, ਪ੍ਰਚਾਰਕ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਸਰਕਾਰੀ ਐਲੀਮੈਂਟਰੀ ਸਕੂਲ, ਪਿੰਡ ਕੋਟਲੀ ਸੱਕਿਆ ਵਾਲੀ ਵਿਖੇ ੨੧ ਫਰਵਰੀ, ੨੦੧੯ ਨੂੰ ਵਿਸ਼ੇਸ਼ ਗੁਰਮਤਿ ਕੈਂਪ ਲਗਾਇਆ ਗਿਆ। ਇਸ ਦੌਰਾਨ ਵਿਦਿਆਰਥੀਆਂ ਨੂੰ ਗੁਰ-ਇਤਿਹਾਸ ਅਤੇ ਸਿੱਖ ਰਹਿਤ ਮਰਯਾਦਾ ਬਾਰੇ ਜਾਣਕਾਰੀ ਦਿੱਤੀ ਗਈ। ਉਕਤ ਸਥਾਨ

'ਤੇ ੨੮ ਫਰਵਰੀ, ੨੦੧੯ ਨੂੰ ਮੁੱਖ ਸਮਾਗਮ ਕਰਵਾਇਆ ਗਿਆ ਜਿਸ ਵਿਚ ਸ. ਜੋਧ ਸਿੰਘ ਸਮਰਾ, ਮੈਂਬਰ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ. ਕਰਮਬੀਰ ਸਿੰਘ, ਮੀਤ ਸਕੱਤਰ ਨੇ ਪਹਿਲੇ, ਦੂਜੇ ਅਤੇ ਤੀਜੇ ਸਥਾਨ ਉੱਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਮੈਡਲ, ਸਿਰੋਪਾਓ ਅਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ। ਵਿਦਿਆਰਥੀਆਂ ਨੂੰ ਧਾਰਮਿਕ ਸਾਹਿਤ ਵੀ ਵੰਡਿਆ ਗਿਆ। ਇਸ ਮੌਕੇ ਪ੍ਰਿੰਸੀਪਲ ਬਲਜੀਤ ਕੌਰ, ਭਾਈ ਬਲਕਾਰ ਸਿੰਘ, ਪ੍ਰਚਾਰਕ ਵਿਸ਼ੇਸ਼ ਰੂਪ ਵਿਚ ਹਾਜ਼ਰ ਸਨ।

## ਸਿੱਖ ਮਿਸ਼ਨ ਹਿਮਾਚਲ ਵੱਲੋਂ ਅੰਮ੍ਰਿਤ-ਸੰਚਾਰ ਤੇ ਗੁਰਮਤਿ ਮੁਕਾਬਲੇ

ਸਿੱਖ ਮਿਸ਼ਨ ਹਿਮਾਚਲ ਪ੍ਰਦੇਸ਼ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਸ. ਦਲਜੀਤ ਸਿੰਘ ਭਿੰਡਰ ਨਾਲਾਗੜ੍ਹ, ਮੈਂਬਰ ਦੇ ਸਹਿਯੋਗ ਨਾਲ ਬਿਲਾਸਪੁਰ ਜ਼ਿਲ੍ਹੇ ਦੀ ਤਹਿਸੀਲ ਘੁਮਾਰਵੀ ਦੇ ਪਿੰਡ ਹਾਰਕੁਕਾਰ ਵਿਖੇ ੧੫ ਦਸੰਬਰ, ੨੦੧੮ ਨੂੰ ਅੰਮ੍ਰਿਤ-ਸੰਚਾਰ ਸਮਾਗਮ ਕਰਵਾਇਆ ਗਿਆ। ਇਸ ਅੰਮ੍ਰਿਤ-ਸੰਚਾਰ ਸਮਾਗਮ ਵਿਚ ਤਖਤ ਸ੍ਰੀ ਕੇਸਗੜ੍ਹ ਸਾਹਿਬ, ਸ੍ਰੀ ਅਨੰਦਪੁਰ ਸਾਹਿਬ ਤੋਂ ਪੁੱਜੇ ਪੰਜ ਪਿਆਰੇ ਸਾਹਿਬਾਨ ਨੇ ਕੁੱਲ ੩੦ ਪ੍ਰਾਣੀਆਂ ਨੂੰ ਖੰਡੇ-ਬਾਟੇ ਦੀ ਪਾਹੁਲ ਛਕਾ ਕੇ ਗੁਰੂ ਵਾਲੇ ਬਣਾਇਆ। ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਵੱਲੋਂ ਅੰਮ੍ਰਿਤ-ਅਭਿਲਾਖੀਆਂ ਨੂੰ ਕਕਾਰ ਭੇਟਾ-ਰਹਿਤ ਦਿੱਤੇ ਗਏ। ਉਕਤ ਸਥਾਨ 'ਤੇ ੧੬ ਦਸੰਬਰ, ੨੦੧੮ ਨੂੰ ਧਰਮ ਪ੍ਰਚਾਰ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬੱਚੇ ਅਤੇ ਬੱਚੀਆਂ ਦਾ ਸੁੰਦਰ ਦਸਤਾਰ ਮੁਕਾਬਲਾ ਅਤੇ ਕੇਸ-ਸੰਭਾਲ ਮੁਕਾਬਲਾ ਵੀ ਕਰਵਾਇਆ ਗਿਆ। ਇਸ ਮੁਕਾਬਲੇ ਦੌਰਾਨ ਪਹਿਲੇ, ਦੂਜੇ, ਤੀਜੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀਆਂ ਨੂੰ ਕ੍ਰਮਵਾਰ ੧੧੦੦, ੯੦੦ ਅਤੇ ੭੦੦ ਰੁਪਏ ਤੋਂ ਇਲਾਵਾ ਵਿਸ਼ੇਸ਼ ਰੂਪ ਵਿਚ ਮੈਡਲ ਅਤੇ ਯਾਦਗਾਰੀ-ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਭਾਈ ਗੁਰਦੀਪ ਸਿੰਘ ਚੌਂਤਾਂ, ਸ. ਪਰਮਜੀਤ ਸਿੰਘ ਹਰੀਆਲ, ਸ. ਪਰਮਜੀਤ ਸਿੰਘ ਪਾਉਂਟਾ ਅਤੇ ਗੁਰਦੁਆਰਾ ਸਿੰਘ ਸਭਾ, ਹਾਰਕੁਕਾਰ, ਕਮੇਟੀ ਦੇ ਮੈਂਬਰ ਹਾਜਰ ਸਨ।

## ਸਿੱਖ ਮਿਸ਼ਨ ਹਰਿਆਣਾ ਵੱਲੋਂ ਅੰਮ੍ਰਿਤ-ਸੰਚਾਰ

ਇੰਚਾਰਜ, ਸਿੱਖ ਮਿਸ਼ਨ ਹਰਿਆਣਾ ਵੱਲੋਂ ਪੁੱਜੀ ਰਿਪੋਰਟ ਅਨੁਸਾਰ ਫਰਵਰੀ-੨੦੧੯ ਦੌਰਾਨ ਕਰਵਾਏ ਗਏ ਅੰਮ੍ਰਿਤ-ਸੰਚਾਰ ਸਮਾਗਮਾਂ ਦਾ ਵੇਰਵਾ:-

| ਮਿਤੀ | ਸਥਾਨ | ਪ੍ਰਾਣੀ |
|---|---|---|
| ੯ ਫਰਵਰੀ, ੨੦੧੯ | ਗੁਰਦੁਆਰਾ ਸਾਹਿਬ, ਪਿੰਡ ਭੂਸਲਾ, ਜ਼ਿਲ੍ਹਾ ਕੈਥਲ | ੧੪ |
| ੧੪ ਫਰਵਰੀ, ੨੦੧੯ | ਗੁਰਦੁਆਰਾ ਸ੍ਰੀ ਪੰਜੋਖਰਾ ਸਾਹਿਬ, ਪਾਤਸ਼ਾਹੀ ੮ਵੀਂ (ਅੰਬਾਲਾ) | ੧੦੧ |
| ੧੯ ਫਰਵਰੀ, ੨੦੧੯ | ਗੁਰਦੁਆਰਾ ਸਾਹਿਬ ਬਾਦਸ਼ਾਹੀ ਬਾਗ, ਅੰਬਾਲਾ ਸ਼ਹਿਰ | ੧੩ |

■